ੴ ਸਤਿਗੁਰ ਪ੍ਰਸਾਦਿ

# ਗੁਰੂ ਸਾਗਰੁ

ਗੁਰੁ ਸਾਗਰੁ ਰਤਨੀ ਭਰਪੂਰੇ ॥
ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥
ਧਨਾਸਰੀ ਮ: ੧,. ਪੰਨਾ ੬੮੫

*ਕਰਤਾ ਤੇ ਪ੍ਰਕਾਸ਼ਕ*
**ਸੇਵਾ ਸਿੰਘ (ਸੰਤ)**
ਗੁਰਦੁਆਰਾ ਰਾਮ ਪੁਰ ਖੇੜਾ
ਡਾ. ਗੜ੍ਹਦੀਵਾਲਾ, ਜਿਲ੍ਹਾ ਹੁਸ਼ਿਆਰਪੁਰ-144207 ਪੰਜਾਬ
ਫੋਨ : 01886-260334

# ਗੁਰੂ ਸਾਗਰੁ

*ਲੇਖਕ ਅਤੇ ਪ੍ਰਕਾਸ਼ਕ*
**ਸੇਵਾ ਸਿੰਘ (ਸੰਤ)**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 300 ਸਾਲਾ
ਗੁਰਤਾਗੱਦੀ ਦੀ ਪਿਆਰੀ ਮਿਠੀ ਯਾਦ ਵਿੱਚ

# ਸਮਰਪਿਤ

ਪਰਮਾਤਮਾ ਦੇ ਉਸ ਇਲਾਹੀ ਸਦਕੇ ਨੂੰ ਜੋ ਸਤਿਗੁਰਾਂ ਅਤੇ ਭਗਤਾਂ ਦੇ
ਮੁਖਾਰਬਿੰਦ ਚੋਂ ਬਾਣੀ ਰੂਪ ਅੰਦਰ ਸਾਕਾਰ ਹੋ ਕੇ ਮਾਇਆ ਦੇ
ਅਗਿਆਨ-ਭਰਮ ਵਿੱਚ ਭਟਕਦੇ ਜਗਿਆਸੂਆਂ ਨੂੰ ਸੰਸਾਰ
ਭਵਜਲ ਚੋਂ ਪਾਰ ਉਤਰਨ ਲਈ ਅਗਵਾਈ ਕਰਦਾ ਸੀ
ਅਤੇ ਅੱਜ ਤੋਂ 300 ਸਾਲ ਪਹਿਲਾਂ ਸ੍ਰੀ ਗੁਰੂ ਗ੍ਰੰਥ
ਸਾਹਿਬ ਜੀ ਦੇ ਰੂਪ ਵਿੱਚ ਸਦਾ ਸਦਾ ਵਾਸਤੇ
ਮਨੁੱਖਤਾ ਦਾ ਗੁਰੂ ਬਣ ਕੇ ਗੁਰਤਾਗੱਦੀ
ਉਪਰ ਬਿਰਾਜਮਾਨ ਹੋ, ਸਮੁੱਚੀ
ਮਾਨਵਤਾ ਨੂੰ ਇਕਸਾਰ ਸੱਚਾ
ਸੁੱਚਾ ਹਲੇਮੀ ਜੀਵਨ
ਜਿਊਣ ਲਈ ਮਾਰਗ
ਦਰਸ਼ਨ ਕਰ ਰਿਹਾ
ਅਤੇ ਸਦੀਵੀਂ
ਕਰਦਾ
ਰਹੇਗਾ।

## ਦੋ ਸ਼ਬਦ

ਸਮਾਂ ਕਲਯੁਗ ਦਾ ਚੱਲ ਰਿਹਾ ਹੈ। ਮਾਇਆ ਦਾ ਪ੍ਰਭਾਵ ਆਪਣੇ ਪੂਰੇ ਜੋਬਨ ਉੱਪਰ ਹੈ। ਮਨੁੱਖ ਦਾ ਦਿਨ ਕਾਰਵਿਹਾਰ ਕਰਦਿਆਂ ਅਤੇ ਖਾਂਦਿਆਂ ਪੀਂਦਿਆਂ ਬੀਤ ਜਾਂਦਾ ਹੈ। ਰਾਤ ਮਨੁੱਖ ਸੌਂ ਕੇ ਗੁਜਾਰ ਦਿੰਦਾ ਹੈ। ਜਿਹੜਾ ਸਮਾਂ ਕੁਝ ਬਚਦਾ ਹੈ, ਉਹ ਟੈਲੀਵੀਜ਼ਨ ਅਤੇ ਅਸ਼ਲੀਲ ਵੀਡਿਓ ਫਿਲਮਾਂ ਦੀ ਭੇਟ ਚੜ੍ਹ ਜਾਂਦਾ ਹੈ। ਸਤਿਗੁਰੂ ਨਾਨਕ ਦੇਵ ਜੀ ਦਾ ਪਾਵਨ ਫੁਰਮਾਨ —

**ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥**
**ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥**
**ਨਾਮੁ ਨ ਜਾਨਿਆ ਰਾਮ ਕਾ ॥**
**ਮੂੜੇ ਫਿਰਿ ਪਾਛੈ ਪਛੁਤਾਹਿ ਰੇ ॥ ਗਉੜੀ ਮ : ੧, ਪੰਨਾ ੧੫੬**

ਦੀ ਸੱਚਾਈ ਪੂਰਨ ਤੌਰ ਤੇ ਮਨੁੱਖ ਦੇ ਜੀਵਨ ਅੰਦਰ ਸਾਕਾਰ ਹੋ ਰਹੀ ਹੈ।

ਪਰਮਾਤਮਾ ਨੇ ਮਨੁੱਖ ਨੂੰ ਜਿਸ ਕਾਰਜ ਵਾਸਤੇ ਅਮੋਲਕ ਮਨੁੱਖਾ ਜਨਮ ਦੀ ਦਾਤ ਬਖਸ਼ਿਸ਼ ਕੀਤੀ ਹੈ, ਮਾਇਆ ਦੇ ਪ੍ਰਭਾਵ ਅਧੀਨ ਉਸ ਕਾਰਜ ਨੂੰ ਕਰਨ ਦਾ ਚੇਤਾ ਹੀ ਭੁੱਲ ਗਿਆ ਹੈ। ਅੱਜ ਮਨੁੱਖ ਪਾਸ ਨਾ ਗੁਰਬਾਣੀ ਸਿੱਖਿਆ ਸੁਣਨ ਦਾ ਸਮਾਂ ਹੈ ਅਤੇ ਨਾ ਹੀ ਧਰਮ ਗ੍ਰੰਥ ਪੜ੍ਹਨ ਦੀ ਹੀ ਰੁਚੀ ਹੈ। ਜੇ ਕੋਈ ਹਿੱਤੂ ਧਰਮ ਮਾਰਗ ਉੱਪਰ ਚੱਲਣ ਦੀ ਗੱਲ ਕਰਦਾ ਹੈ ਤਾਂ ਉਸ ਨੂੰ ਰੂੜੀਵਾਦੀ ਸੋਚ ਦਾ ਪ੍ਰਚਾਰਕ ਕਹਿ ਕੇ ਨਿਕਾਰਿਆ ਜਾਂਦਾ ਹੈ। ਧਰਮ ਪ੍ਰਚਾਰਕਾਂ ਦੀ ਬੁੱਕਤ ਵੀ ਵਿਆਹ ਵਿੱਚ [੧]ਚੱਕੀ ਰਾਹੇ ਦੇ ਸਮਾਨ ਹੀ ਸਮਝੀ ਜਾਂਦੀ ਹੈ। ਹਿਤੂਆਂ ਦੀ ਗੱਲ ਵੱਲ ਕੋਈ ਧਿਆਨ ਹੀ ਨਹੀਂ ਦਿੰਦਾ, ਹਰ ਪਾਸੇ ਨਿਰਾਸ਼ਤਾ ਦੇ ਬੱਦਲ ਹੀ ਮੰਡਰਾਉਂਦੇ ਨਜ਼ਰੀ ਆ ਰਹੇ ਹਨ। ਅਜੋਕੇ ਸਮੇਂ ਦੇ ਨੌਜਵਾਨ ਮੱਛੀ ਦੇ ਪੱਥਰ ਚੱਟ ਕੇ ਮੁੜਨ ਸਮਾਨ ਦਿਸ਼ਾ ਹੀਣ ਆਪਣੇ ਮਨ ਦੇ ਨਿਰਧਾਰਿਤ ਰਸਤੇ ਉੱਪਰ ਆਪਣੀ ਮਸਤ ਚਾਲੇ ਤੁਰੇ ਜਾ ਰਹੇ ਹਨ। ਨੌਜਵਾਨ ਕਿੱਧਰ ਨੂੰ ਅਤੇ ਕਿਸ ਮੰਤਵ ਲਈ, ਇਹ ਕੁਝ ਕਰ ਰਹੇ ਹਨ, ਪਤਾ ਉਨ੍ਹਾਂ ਨੂੰ ਵੀ ਨਹੀਂ ਹੈ। ਅੱਜ ਬਹੁਤ ਹੀ ਅਜੀਬੋ-ਗਰੀਬ ਸਥਿਤੀ ਬਣ ਚੁੱਕੀ ਹੈ। ਪਤਾ ਉਦੋਂ ਹੀ ਲੱਗਣਾ ਹੈ ਜਦੋਂ ਪਾਣੀ ਸਿਰ ਉੱਪਰ ਦੀ ਲੰਘ ਜਾਣਾ ਹੈ। ਫਿਰ ਪਛਤਾਵੇ ਤੋਂ ਸਿਵਾ ਕੁਝ ਵੀ ਪੱਲੇ ਨਹੀਂ ਪੈਣਾ।

---

*੧. ਵਿਆਹ ਵਿੱਚ ਅਜੀਬ ਜਿਹਾ ਸਾਂਗ ਬਣਾ ਕੇ ਬਰਾਤੀਆ ਦਾ ਮਨੋਰੰਜਨ ਕਰਨ ਵਾਲਾ*

ਆਪਣੇ ਫਰਜ ਨੂੰ ਪਛਾਣਦਿਆਂ ਅਤੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਸੌ ਸਾਲਾ ਗੁਰਤਾ ਗੱਦੀ ਦਿਵਸ ਨੂੰ ਨਤਮਸਤਕ ਹੋ ਕੇ ਸ਼ਰਧਾ ਭੇਟ ਕਰਨ ਵਾਸਤੇ, ਇਹ ਛੋਟਾ ਕਿਤਾਬਚਾ "ਗੁਰੁ ਸਾਗਰੁ" ਦੇ ਨਾਉਂ ਹੇਠ ਆਪ ਸੰਗਤਾਂ ਦੀ ਭੇਟ ਕੀਤਾ ਜਾ ਰਿਹਾ ਹੈ ਤਾਂ ਜੋ ਬਹੁਤ ਹੀ ਸੀਮਿਤ ਥੋੜ੍ਹੇ ਜਿਹੇ ਸਮੇਂ ਅੰਦਰ ਅਸੀਂ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੀ ਮਹਾਨਤਾ ਅਤੇ ਉਹ ਸਿੱਖਿਆਵਾਂ ਜੋ ਸਤਿਗੁਰੂ ਜੀ ਨੇ ਸਾਡੇ ਜੀਵਨ ਦੀ ਸਫਲਤਾ ਹਿੱਤ ਗੁਰਬਾਣੀ ਅੰਦਰ ਅੰਕਿਤ ਕੀਤੀਆਂ ਹਨ ਨੂੰ ਪੜ੍ਹ-ਸੁਣ ਕੇ ਕਿਸੇ ਇੱਕ ਅੱਧ ਗੁਰੂ ਸਿੱਖਿਆ ਦੇ ਧਾਰਨੀ ਬਣ ਜਾਈਏ, ਤਾਂ ਜੋ ਸਾਡਾ ਇਸ ਸੰਸਾਰ ਵਿੱਚ ਜਨਮ ਲੈਣਾ ਵੀ ਸਫਲਾ ਹੋ ਜਾਵੇ। ਉਮੀਦ ਹੈ, ਆਪ ਜੀ ਪਹਿਲੀਆਂ ਪੁਸਤਕਾਂ ਵਾਂਗ, ਇਸ ਛੋਟੀ ਜਿਹੀ ਪੁਸਤਕ ਨੂੰ ਪੜ੍ਹ ਕੇ ਜਰੂਰ ਹੀ ਲਾਹਾ ਪ੍ਰਾਪਤ ਕਰਨ ਲਈ ਯਤਨਸ਼ੀਲ ਹੋਵੋਗੇ ਅਤੇ ਗੁਰੂ ਸਿੱਖਿਆਵਾਂ ਦਾ **"ਸਭਨਾ ਨੋ ਕਰਿ ਦਾਨੁ"** ਦਾ ਫਰਜ਼ ਵੀ ਪੂਰਾ ਕਰਨ ਲਈ ਉੱਦਮ ਉਪਰਾਲਾ ਕਰਕੇ, ਗੁਰੂ ਖੁਸ਼ੀ ਦੇ ਪਾਤਰ ਬਣੋਗੇ।

ਇਸ ਪੁਸਤਕ ਨੂੰ ਛਪਾਉਣ ਦੀ ਸੇਵਾ ਸ: ਪਰਸ਼ਣ ਸਿੰਘ ਜੀ, ਬੀਬੀ ਦਵਿੰਦਰ ਕੌਰ ਗਿੱਲ MISSISSAUGA (ONT) CANADA ਨਿਵਾਸੀਆਂ ਨੇ ਗੁਰੂ ਮਿਹਰ ਨਾਲ ਕੀਤੀ ਹੈ। ਪੁਸਤਕ ਦੇ ਪਰੂਫ ਪੜ੍ਹ ਕੇ ਸੁਧਾਈ ਕਰਨ ਦੀ ਸੇਵਾ ਸ: ਸੋਹਣ ਸਿੰਘ ਜੀ ਦਿੱਲੀ ਅਤੇ ਸ: ਜਗਦੀਪ ਸਿੰਘ ਜੀ ਨੇ ਬੜੀ ਮਿਹਨਤ ਨਾਲ ਕੀਤੀ ਹੈ। ਸਤਿਗੁਰੂ ਜੀ ਆਪਣੇ ਸੇਵਕਾਂ ਨੂੰ ਸੇਵਾ ਦਾ ਫਲ ਪ੍ਰਦਾਨ ਕਰਨ ਜੀ।

ਗੁਰੂ ਪੰਥ ਦਾ ਦਾਸ
**ਸੇਵਾ ਸਿੰਘ (ਸੰਤ)**
ਗੁਰਦੁਆਰਾ ਰਾਮਪੁਰ ਖੇੜਾ
ਡਾ. ਗੜ੍ਹਦੀਵਾਲਾ
ਜਿਲ੍ਹਾ : ਹੁਸ਼ਿਆਰਪੁਰ (ਪੰਜਾਬ)

1 ਨਵੰਬਰ 2008



# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਕਿਉਂ ?

ਜਦ ਤੋਂ ਪ੍ਰਮੇਸ਼ਰ ਜੀ ਨੇ **"ਜਬ ਉਦਕਰਖ ਕਰਾ ਕਰਤਾਰਾ ਪ੍ਰਜਾ ਧਰਤ ਤਬ ਦੇਹ ਅਪਾਰਾ"** ਦੀ ਖੇਡ ਰਚ ਕੇ ਜਗਤ ਰਚਨਾ ਕੀਤੀ ਹੈ, ਉਸੇ ਸਮੇਂ ਤੋਂ ਹੀ ਮਾਇਆ ਦੇ ਅਗਿਆਨ ਭਰਮ ਵਿੱਚ ਭਟਕਦੀ ਮਨੁੱਖਤਾ ਨੂੰ ਆਪਣੇ ਮੂਲ ਨਾਲ ਜੁੜਨ ਦਾ ਮਾਰਗ ਦਰਸਾਉਣ ਹਿੱਤ ਪ੍ਰਭੂ ਜੀ ਨੇ ਸਮੇਂ-ਸਮੇਂ ਅਵਤਾਰੀ ਪੁਰਸ਼ਾਂ ਨੂੰ ਸੰਸਾਰ ਵਿੱਚ ਭੇਜਿਆ। ਉਨ੍ਹਾਂ ਅਵਤਾਰੀ ਪੁਰਸ਼ਾਂ ਨੇ ਪ੍ਰਭੂ ਜੀ ਵਲੋਂ ਬਖਸ਼ਿਸ਼ ਕੀਤੇ ਆਪਣੇ ਅਨੁਭਵ ਦੁਆਰਾ ਜਾਂ ਪ੍ਰਮੇਸ਼ਰ ਜੀ ਵੱਲੋਂ ਅਕਾਸ਼-ਬਾਣੀ ਰਾਹੀਂ ਦਿੱਤੇ ਗਿਆਨ ਦੀ ਅਗਵਾਈ ਰਾਹੀਂ ਮਨੁੱਖਤਾ ਨੂੰ ਸਤਿ ਮਾਰਗ 'ਤੇ ਚਲਕੇ ਆਪਣੇ ਮੂਲ ਨਾਲ ਜੁੜਨ ਦਾ ਉਪਦੇਸ਼ ਪ੍ਰਦਾਨ ਕੀਤਾ।

ਅਵਤਾਰੀ ਪੁਰਸ਼ਾਂ ਨੂੰ ਅਕਾਸ਼-ਬਾਣੀ ਰਾਹੀਂ ਪ੍ਰਾਪਤ ਹੋਇਆ ਗਿਆਨ ਜਾਂ ਉਨ੍ਹਾਂ ਦਾ ਨਿੱਜੀ ਅਨੁਭਵ ਸਦੀਵੀ ਤੌਰ 'ਤੇ ਸੰਸਾਰ ਵਿੱਚ ਕਾਇਮ ਰੱਖਣ ਲਈ, ਅਵਤਾਰੀ ਪੁਰਸ਼ਾਂ ਦੇ ਜੀਵਨ ਕਾਲ ਸਮੇਂ ਕੋਈ ਉਪਰਾਲਾ ਨਹੀਂ ਹੋਇਆ ਜਾਂ ਹਾਲਾਤ ਹੀ ਐਸੇ ਸਨ ਕਿ ਰੱਬੀ ਸੰਦੇਸ਼, ਇਲਾਹੀ ਫ਼ੁਰਮਾਨ ਅਵਤਾਰੀ ਪੁਰਸ਼ ਆਪਣੀ ਹਾਜ਼ਰੀ ਵਿੱਚ ਕਲਮ ਬੰਦ ਨਹੀਂ ਕਰਵਾ ਸਕੇ। ਕਾਫੀ-ਕਾਫੀ ਸਮੇਂ ਤੋਂ ਬਾਅਦ ਜੋ-ਜੋ ਗਿਆਨ ਉਪਦੇਸ਼, ਅਵਤਾਰੀ ਪੁਰਸ਼ਾਂ ਦਾ ਸੰਦੇਸ਼, ਉਨ੍ਹਾਂ ਦੇ ਪੈਰੋਕਾਰਾਂ ਦੀ ਯਾਦਾਸ਼ਤ ਵਿੱਚ ਜਮ੍ਹਾਂ ਸੀ, ਜਾਂ ਜੋ ਉਨ੍ਹਾਂ ਨੇ ਆਪਣੇ ਸਾਹਮਣੇ ਵਰਤਦਾ ਡਿੱਠਾ ਜਾਂ ਕੰਨਾਂ ਰਾਹੀਂ ਸ੍ਰਵਣ ਕੀਤਾ ਉਸਨੂੰ ਆਪਣੀ ਸਿਮ੍ਰਤੀ ਚੋਂ ਕੱਢ ਕੇ ਪੁਸਤਕਾਂ ਦਾ ਰੂਪ ਦਿੱਤਾ। ਜਿਨ੍ਹਾਂ ਨੂੰ ਸੰਸਾਰ ਦੇ ਲੋਕ ਧਰਮ-ਗ੍ਰੰਥਾਂ ਦੇ ਰੂਪ ਵਿੱਚ ਪੂਜਦੇ, ਪੜ੍ਹਦੇ ਤੇ ਮੰਨਦੇ ਹਨ।

ਸਮੇਂ ਦੀਆਂ ਪਰਤਾਂ ਹੇਠ ਕੱਜੇ ਰਹਿਣ ਸਦਕਾ ਅਤੇ ਇੱਕ ਦੀ ਸਿਮ੍ਰਤੀ ਚੋਂ ਦੂਸਰੇ ਦੀ ਸਿਮ੍ਰਤੀ ਤੱਕ ਜਾਂਦਿਆਂ ਰੱਬੀ ਗਿਆਨ ਵਿੱਚ ਕਿੰਨਾ ਕੁ ਵਾਧਾ ਜਾਂ ਕਿੰਨਾ-ਕੁ ਘਾਟਾ ਹੋ ਗਿਆ, ਇਸ ਪ੍ਰਥਾਇ ਕੁਝ ਕਹਿਣਾ ਕਠਿਨ ਹੈ ਪਰ ਹੋਇਆ ਜ਼ਰੂਰ ਹੈ। ਪ੍ਰਸਿੱਧ ਅੰਗ੍ਰੇਜ ਵਿਦਵਾਨ ਮਿ. ਮੈਕਾਲਫ ਨੇ 13 ਫਰਵਰੀ 1899 ਈ. ਨੂੰ ਸ੍ਰੀ ਅਕਾਲ ਬੁੰਗਾ ਸਾਹਿਬ, ਅੰਮ੍ਰਿਤਸਰ ਦੇ ਸਨਮੁਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਬੰਧ ਵਿੱਚ ਬੋਲਦਿਆਂ ਕਿਹਾ ਸੀ ਕਿ :

"ਸਿੱਖ ਧਰਮ ਵਿੱਚ ਇਕ ਹੋਰ ਬਹੁਤ ਭਾਰਾ ਗੁਣ ਹੈ ਕਿ ਸੰਸਾਰ ਵਿੱਚ ਅੰਨਯ ਧਰਮਾਂ ਦੇ ਜੋ ਵਡੇ-ਵਡੇ ਗੁਰੂ ਹੋ ਬੀਤੇ ਹਨ, ਉਨ੍ਹਾਂ ਨੇ ਕਦੀ ਇੱਕ ਸਤਰ ਤੱਕ ਵੀ ਆਪਣੇ ਹੱਥੀਂ ਨਹੀਂ ਲਿਖੀ ਸੀ। ਆਪ ਵਿਚੋਂ ਸ਼ਾਇਦ ਕਿਸੇ ਕਿਸੇ ਨੇ ਸੁਣਿਆ ਹੋਵੇਗਾ ਕਿ ਯੂਨਾਨ

ਦੇਸ਼ ਦਾ ਵਡਾ ਤੱਤਵੇਤਾ, ਜਿਸ ਦਾ ਨਾਉਂ **ਫੀਥੋਗੌਰਸ** ਸੀ, ਜਿਸ ਦੇ ਬਹੁਤ ਸਾਰੇ ਚੇਲੇ ਬਣ ਗਏ ਸਨ ਅਤੇ ਜੋ ਇਤਿਹਾਸ ਵਿੱਚ ਬਹੁਤ ਹੀ ਪ੍ਰਸਿਧ ਪੁਰਸ਼ ਹੋ ਗਿਆ ਸੀ, ਉਸ ਨੇ ਇੱਕ ਸਤਰ ਭੀ ਆਪਣੇ ਹੱਥੀਂ ਲਿਖਕੇ ਪਿੱਛੇ ਨਾ ਛੱਡੀ ਜਿਸ ਕਰਕੇ ਅਸੀਂ ਭੀ ਜਾਣ ਲੈਂਦੇ ਕਿ ਇਹ ਉਸਦੇ ਨਿਯਮ ਸਨ। ਇਸ ਸੰਸਾਰ ਵਿੱਚ ਦੂਸਰਾ ਵੱਡਾ ਉਸਤਾਦ ਸੁਕਰਾਤ ਸੀ। ਜੋ ਮਸੀਹ ਤੋਂ ਪੰਜ ਸੌ ਵਰ੍ਹੇ ਪਹਿਲੇ ਯੂਨਾਨ ਦੇਸ਼ ਵਿੱਚ ਇੱਕ ਵੱਡਾ ਧਾਰਮਿਕ ਮਹਾਤਮਾ ਪ੍ਰਸਿੱਧ ਹੋਇਆ ਸੀ। ਉਹ ਆਖਦਾ ਸੀ ਮੇਰੇ ਅੰਦਰ ਪ੍ਰਮਾਤਮਾਂ ਦੀ ਅਕਾਸ਼ਬਾਣੀ ਉਤਰਦੀ ਹੈ, ਜੋ ਮੈਨੂੰ ਚੰਗੇ ਕਰਮਾਂ ਵੱਲ ਪ੍ਰੇਰਦੀ ਹੈ ਤੇ ਮੰਦੇ ਕਰਮਾਂ ਤੋਂ ਹਟਾਉਂਦੀ ਹੈ, ਪਰ ਉਹ ਭੀ ਆਪਣੇ ਪਿਛੇ ਕੋਈ ਤੁਕ ਅਜਿਹੀ ਲਿਖ ਕੇ ਨਾ ਛੱਡ ਗਿਆ, ਜਿਸ ਤੋਂ ਉਸ ਦਾ ਆਸ਼ਯ ਅਰ ਉਸਦੇ ਧਰਮ ਦੇ ਨਿਯਮਾਂ ਦੀ ਸ੍ਰਿੰਮਤੀ ਬਣੀ ਰਹਿੰਦੀ। ਜੋ ਕੁਛ ਉਸਦੀ ਸਿਖਿਆ ਪ੍ਰਗਟ ਹੈ, ਉਹ ਵੀ ਉਸਦੇ ਚੇਲੇ ਅਫਲਾਤੂਨ ਦੀ ਰਾਹੀਂ ਹੀ ਪ੍ਰਸਿੱਧ ਹੋਈ ਹੈ। ਉਪ੍ਰੰਤ ਇਸ ਭਾਰਤ ਵਰਸ਼ ਵਿੱਚ ਵਡਾ ਧਾਰਮਿਕ ਗੁਰੂ ਬੁਧ ਹੋਇਆ। ਉਸਨੇ ਭੀ ਆਪਣੇ ਹਥੀਂ ਕਦੇ ਕੋਈ ਸਤਰ ਨਹੀਂ ਲਿਖੀ ਸੀ। ਫੇਰ ਇਸ ਦੇ ਪਿਛੋਂ ਬੜਾ ਪ੍ਰਸਿੱਧ ਧਾਰਮਿਕ ਗੁਰੂ ਮਸੀਹ ਹੋਇਆ ਸੀ, ਉਸਨੇ ਭੀ ਕੋਈ ਇੱਕ ਅੱਖਰ ਸਾਰਖਾ ਨਹੀਂ ਲਿਖਿਆ ਸੀ। ਇਸ ਦੀਆਂ ਸਿਖਿਆਵਾਂ ਭੀ ਅੰਜੀਲ ਨਾਮੇ ਪੋਥੀ ਦੁਵਾਰਾ ਹੀ ਪ੍ਰਸਿੱਧ ਹੋਈਆਂ ਸਨ। ਪ੍ਰੰਤੂ ਸਿਖਾਂ ਦੇ ਧਾਰਮਿਕ ਗੁਰੂ ਇਨ੍ਹਾਂ ਸਭਨਾਂ ਤੋਂ ਵਿਲੱਖਣ ਹੋਏ ਹਨ, ਕਿਉਂ ਜੋ ਉਨ੍ਹਾਂ ਨੇ ਆਪਣੇ ਧਰਮ ਦੇ ਨਿਯਮਾਂ ਨੂੰ ਆਪ ਲਿਖਿਆ ਤੇ ਸਤਯ ਉਪਦੇਸ਼ਾਂ ਦਾ ਸੰਗ੍ਰਹਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਵਾਸਤੇ ਰਚ ਗਏ। ਇਸ ਗੱਲ ਵਿੱਚ ਸਿਖਾਂ ਦਾ ਮੱਤ ਸਭ ਤੋਂ ਵੱਧ ਕੇ ਹੈ।”

**(ਭੂਮਿਕਾ ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਪੋਥੀ ਪਹਿਲੀ) – ਕ੍ਰਿਤ ਭਾਈ ਵੀਰ ਸਿੰਘ ਜੀ।**

ਪੰਥ ਦੇ ਮਹਾਨ ਵਿਦਵਾਨ, ਨਾਮ ਰਸੀਏ ਭਾਈ ਵੀਰ ਸਿੰਘ ਜੀ ਨੇ ਅਨਮਤ ਦੇ ਅਧਿਆਤਮਕ ਗ੍ਰੰਥਾਂ ਵਿੱਚ ਪਏ ਰਲੇਵੇਂ ਸਬੰਧੀ ਜਾਣਕਾਰੀ ਦਿੰਦਿਆਂ ਲਿਖਿਆ ਹੈ ਕਿ, “ਸਾਨੂੰ ਪਤਾ ਹੈ ਕਿ ਜੈਨ ਧਰਮ ਦੇ ਗ੍ਰੰਥ ਕੋਈ 900 ਵਰ੍ਹੇ ਬਾਅਦ ਵਿੱਚ ਲਿਖੇ ਤੇ ਸੰਕਲਿਤ ਕੀਤੇ ਗਏ। ਏਸੇ ਤਰ੍ਹਾਂ ਬੁਧ ਧਰਮ ਦੇ ਗ੍ਰੰਥ ਵੀ ਮਹਾਤਮਾ ਬੁਧ ਤੋਂ ਤਿੰਨ ਸੌ ਵਰ੍ਹਾ ਪਿਛੋਂ ਦੇ ਸੰਕਲਨ ਹਨ। ਵੇਦਾਂ ਦੀ ਲਿਖਤ ਵਿੱਚ ਜੋ ਮਤਭੇਦ ਹੋ ਚੁੱਕੇ ਹਨ, ਉਹ ਇਸ ਗੱਲ ਤੋਂ ਪਤਾ ਲੱਗ ਸਕਦਾ ਹੈ ਕਿ ਇਸ ਵੇਲੇ ਰਿਗ ਵੇਦ ਦੀਆਂ 21 ਸ਼ਾਖਾਂ ਹਨ, ਅਥਰਬਣ ਵੇਦ ਦੀਆਂ 50, ਯਜੁਰ ਵੇਦ ਦੀਆਂ 109, ਸਾਮ ਵੇਦ ਦੀਆਂ 1000 ਫੇਰ ਵਿਸ਼ਨੂੰ ਪੁਰਾਣ ਵਿੱਚੋਂ 17000 ਸਲੋਕ ਗੁੰਮ ਹੋ ਚੁੱਕੇ ਹਨ, ਅਗਨਿ ਪੁਰਾਣ ਵਿੱਚੋਂ ਵੀ 500 ਗੁੰਮ ਹਨ ਅਤੇ ਹੋਰ ਪੁਰਾਣਾਂ ਦੀ ਵੀ ਸਲੋਕ ਗਿਣਤੀ ਵਿੱਚ ਬਹੁਤ ਫਰਕ ਪੈ ਗਿਆ ਹੈ। ਧਰਮ ਪੁਸਤਕਾਂ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਜੂਦ ਹੀ ਇਕ ਐਸਾ ਹੈ, ਜਿਸਦੀ ਹੋਂਦ ਆਪਣੇ ਆਦਿ ਰੂਪ ਦੀ ਪ੍ਰਤਿਸ਼ਟਾ ਵਿੱਚ ਵਿਦਮਾਨ ਹੈ।”



## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦੀ ਲੋੜ ਕਿਉਂ ਪਈ ?

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਮਹਾਨ ਕਾਰਜ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਇਸ ਲਈ ਕਰਨਾ ਪਿਆ ਕਿਉਂਕਿ ਆਪ ਜੀ ਤ੍ਰੈ-ਕਾਲ ਦਰਸ਼ੀ ਸਨ, ਆਪ ਨੂੰ ਪਤਾ ਸੀ ਕਿ ਆਉਣ ਵਾਲੇ ਸਮੇਂ ਵਿਚ ਇਲਾਹੀ ਫੁਰਮਾਨ ਵਿੱਚ ਕਾਫੀ ਵਾਧਾ-ਘਾਟਾ ਹੋ ਜਾਣਾ ਹੈ। ਸਗੋਂ ਸਤਿਗੁਰੂ ਜੀ ਦੇ ਜੀਵਨ ਕਾਲ ਸਮੇਂ ਹੀ ਪ੍ਰਿਥੀ ਚੰਦ ਦਾ ਪੁੱਤਰ ਮਿਹਰਬਾਨ ਆਪਣੀ ਕਵਿਤਾ ਲਿਖ ਕੇ ਅਖੀਰ ਵਿੱਚ “ਨਾਨਕ” ਮੁਹਰ ਛਾਪ ਲਾ ਕੇ ਤੁਕ-ਬੰਦੀ ਕਰਨ ਲੱਗ ਪਿਆ ਸੀ। ਇਸ ਤਰ੍ਹਾਂ ਦੀ ਕਵਿਤਾ ਨੂੰ ਪੜ੍ਹ ਕੇ ਸੰਗਤਾਂ ਭੁਲੇਖਾ ਖਾਣ ਲੱਗ ਪਈਆਂ ਸਨ। ਉਨ੍ਹਾਂ ਨੂੰ ਇਹ ਪਤਾ ਨਹੀਂ ਚੱਲਦਾ ਸੀ, ਕਿ ਸਤਿਗੁਰੂ ਜੀ ਦਾ ਇਲਾਹੀ ਕਲਾਮ ਕਿਹੜਾ ਹੈ ਤੇ ਮਿਹਰਬਾਨ ਦੀ ਕਵਿਤਾ ਕਿਹੜੀ ਹੈ, ਕਿਉਂਕਿ ਦੋਵਾਂ ਦੇ ਅਖ਼ੀਰ ਵਿੱਚ “ਨਾਨਕ” ਛਾਪ ਲੱਗੀ ਹੁੰਦੀ ਸੀ। ਇਥੋਂ ਤੱਕ ਕਿ ਉਸ ਨੇ ਪਹਿਲੇ ਚਾਰ ਸਤਿਗੁਰਾਂ ਦੀ ਬਾਣੀ ਦੇ ਨਾਲ ਹੋਰ ਕਵਿਤਾ ਨਾਨਕ ਛਾਪ ਲਾ ਕੇ ਰਚੀ ਅਤੇ ਇਕ ਗ੍ਰੰਥ ਵੀ ਬਣਾ ਲਿਆ ਸੀ। ਇਸਦਾ ਹਵਾਲਾ “ਬੰਸਾਵਲੀ ਨਾਮਾ” ਦੇ ਕਰਤਾ ਨੇ ਹੇਠ ਲਿਖੇ ਅਨੁਸਾਰ ਦਿੱਤਾ ਹੈ-

**ਮਿਹਰਬਾਨ ਪੁਤ ਪ੍ਰਿਥੀਏ ਦਾ ਕਬੀਸ਼ਰੀ ਕਰੇ।**
**ਪਾਰਸੀ ਹਿੰਦਵੀ ਸੰਸਕ੍ਰਿਤ ਨਾਲੇ ਗੁਰਮੁਖੀ ਪੜ੍ਹੇ ॥**
**ਤਿਨ ਭੀ ਬਾਣੀ ਬਹੁਤ ਬਣਾਈ ॥**
**ਭੋਗ ਗੁਰੂ ਨਾਨਕ ਜੀ ਦਾ ਹੀ ਪਾਈ ॥ ੮੭ ॥**
**ਡੂਮ ਲਗੇ ਸ਼ਬਦ ਮੀਣਿਆਂ ਦੇ ਗਾਵਨਿ ॥**
**ਦੁਯਾ ਦਰਬਾਰ ਵਡਾ ਗੁਰਿਆਈ ਦਾ ਲਗੇ ਬਣਾਵਨਿ ॥**
**ਮੀਣਿਆਂ ਭੀ ਪੁਸਤਕਿ ਇਕ ਗ੍ਰੰਥ ਬਣਾਇਆ ॥**
**ਚਹੁ ਪਾਤਸ਼ਾਹੀਆ ਦੀ ਸ਼ਬਦ-ਬਾਣੀ ਲਿਖ ਵਿੱਚ ਪਾਇਆ ॥ ੮੮ ॥**

ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਸੰਬੋਧਨ ਕਰਕੇ ਬਚਨ ਕੀਤਾ :-

**ਬਚਨ ਕੀਤਾ ਭਾਈ ਗੁਰਦਾਸ ਗੁਰੂ ਕੀ ਬਾਣੀ ਜੁਦਾ ਕਰੀਏ ॥**
**ਮੀਣੇ ਪਾਂਦੇ ਨੀ ਰਲਾ ਸੇ ਵਿਚਿ ਰਲਾ ਨ ਧਰੀਏ ॥ ੯੩ ॥**

ਨਿਰੋਲ “ਖਸਮ ਦੀ ਬਾਣੀ” ਇਲਾਹੀ ਫੁਰਮਾਨ ਨੂੰ ਸੁਰੱਖਿਅਤ ਕਰਨ ਅਤੇ ਰਲੇਂਵੇ ਤੋਂ ਬਚਾਉਣ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਹਾਜ਼ਰੀ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਰਾਮ ਸਰ ਸਾਹਿਬ ਦੇ ਰਮਣੀਕ ਅਸਥਾਨ ਤੇ ਬੈਠ ਕੇ ਭਾਈ ਗੁਰਦਾਸ ਜੀ ਦੇ ਮੁਬਾਰਕ ਹਸਤ-ਕਮਲਾਂ ਦੁਆਰਾ ਆਦਿ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਵਾਈ। ਜਿਸ ਵਿੱਚ ਆਪ ਜੀ ਨੇ ਆਪਣੇ ਸਮੇਤ ਪੰਜ ਸਤਿਗੁਰਾਂ

ਦੀ ਬਾਣੀ ਅਤੇ ਪੰਦਰਾਂ ਭਗਤਾਂ ਦੀ ਬਾਣੀ ਜੋ ਪਹਿਲੇ ਸਤਿਗੁਰਾਂ ਅਤੇ ਖੁਦ ਆਪ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਥਾਵਾਂ-ਥਾਵਾਂ ਤੋਂ ਇਕੱਤਰਿਤ ਕੀਤੀ ਸੀ ਅਤੇ ਭਗਤ ਜਨ ਜੋ ਭਾਰਤ ਵਰਸ਼ ਦੇ ਵੱਖ-ਵੱਖ ਖੇਤਰਾਂ 'ਚੋਂ ਵੱਖ-ਵੱਖ ਮੱਤਾਂ, ਵੱਖ-ਵੱਖ ਕਬੀਲਿਆਂ ਜਾਤੀਆਂ ਨਾਲ ਸਬੰਧਤ ਸਨ, ਜੋ ਪ੍ਰੇਮਾ-ਭਗਤੀ ਕਰਕੇ ਪ੍ਰਭੂ ਨਾਲ ਅਭੇਦ ਹੋ ਚੁੱਕੇ ਸਨ, ਜਿਨ੍ਹਾਂ ਦਾ ਆਸ਼ਾ ਗੁਰੂ ਨਾਨਕ ਜੀ ਦੇ ਮੱਤ ਨਾਲ ਮੇਲ ਖਾਂਦਾ ਸੀ ਉਨ੍ਹਾਂ ਭਗਤਾਂ ਦਾ ਅਨੁਭਵ ਵੀ ਗੁਰਬਾਣੀ ਦੁਆਰਾ ਬਿਨਾਂ ਵਿਤਕਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕੀਤਾ।

ਗਿਆਰਾਂ ਭੱਟ ਜੋ ਬ੍ਰਾਹਮਣ ਜਾਤੀ ਨਾਲ ਸਬੰਧਤ, ਆਤਮਿਕ ਖੋਜੀ ਤੇ ਵਿਦਵਾਨ ਸਨ, ਜਿਨ੍ਹਾਂ ਸਾਰੇ ਭਾਰਤ-ਵਰਸ਼ ਦਾ ਰਟਨ ਕੀਤਾ, ਜੋਗੀਆਂ ਦੇ ਮੱਠਾਂ ਵਿੱਚ ਗਏ ਤੀਰਥਾਂ ਦਾ ਭ੍ਰਮਣ ਕੀਤਾ, ਸਾਧੂਆਂ ਦੀਆਂ ਮਜਲਿਸਾਂ ਵਿੱਚ ਸ਼ਮੂਲੀਅਤ ਕੀਤੀ। ਜਿਨ੍ਹਾਂ ਨੇ ਸੰਨਿਆਸੀਆਂ, ਤਿਆਗੀਆਂ, ਤਪੱਸਵੀਆਂ ਪਾਸ ਜਾ ਕੇ ਤਲਖ ਤਜਰਬਾ ਪ੍ਰਾਪਤ ਕੀਤਾ। ਬ੍ਰਾਹਮਣ ਵਿਦਵਾਨਾਂ ਦਾ ਵੀ ਵਾਦ-ਵਤੰਡਾ ਹੁੰਦਾ ਸੁਣਿਆ ਅਤੇ ਵੇਖਿਆ ਪਰ ਮਨ ਦੀ ਭਟਕਣਾ ਖਤਮ ਨਾ ਹੋਈ। ਅਖੀਰ ਗੁਰੂ ਨਾਨਕ ਪਾਤਸ਼ਾਹ ਜੀ ਦੇ ਮੱਤ ਦੀ ਸੋਅ-ਸਿਧਾਂਤ, ਸੁਣ ਕੇ ਗੁਰਮਤ ਦੇ ਧਾਰਨੀ ਬਣੇ। ਜਿਥੇ ਉਨ੍ਹਾਂ ਨੇ ਆਪਨਾ ਨਿੱਜੀ ਅਨੁਭਵ ਸਤਿਗੁਰਾਂ ਦੇ ਚਰਨਾਂ ਵਿੱਚ ਰੱਖਿਆ ਉੱਥੇ ਉਨ੍ਹਾਂ ਨੇ ਸਤਿਗੁਰੂ ਜੀ ਦੀ ਉਸਤਤ ਲਿਖ ਕੇ ਸਾਨੂੰ ਜਗਿਆਸੂਆਂ ਨੂੰ ਵੀ ਪ੍ਰੇਰਨਾ ਦਿੱਤੀ ਕਿ ਜੇ ਸਦੀਵੀ ਸੁੱਖ ਸ਼ਾਂਤੀ ਦੀ ਚਾਹਨਾ ਹੈ, ਜੇ ਪ੍ਰਭੂ ਚਰਨਾਂ ਨਾਲ ਵਸਲ ਪ੍ਰਾਪਤ ਕਰਨ ਦੀ ਲਾਲਸਾ ਹੈ, ਫਿਰ ਸਿਦਕ ਭਰੋਸੇ ਨਾਲ ਗੁਰੂ ਸ਼ਰਨ ਵਿੱਚ ਆ ਕੇ ਗੁਰੂ ਉਪਦੇਸ਼ ਦੀ ਕਮਾਈ ਕਰੋ, ਬੇੜਾ ਪਾਰ ਹੋ ਜਾਵੇਗਾ। ਸਾਨੂੰ ਦ੍ਰਿੜ੍ਹਤਾ ਦਿਵਾਉਣ ਵਾਸਤੇ ਉਨ੍ਹਾਂ ਆਪਨਾ ਜੀਵਨ ਤਜਰਬਾ ਗੁਰਬਾਣੀ ਦੁਆਰਾ ਹੇਠ ਲਿਖੇ ਅਨੁਸਾਰ ਅੰਕਿਤ ਕੀਤਾ। ਭੱਟ ਭਿੱਖਾ ਜੀ ਫੁਰਮਾਉਂਦੇ ਹਨ :-

**ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥**
**ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥**
**ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥**
**ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥**
**ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥**
**ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥**

*ਪੰਨਾ ੧੩੯੫*

ਸਤਿਗੁਰੂ ਜੀ ਨੇ ਇਨ੍ਹਾਂ ਗੁਰਮਤਿ ਦੇ ਧਾਰਨੀਆਂ, ਆਤਮਿਕ ਵਿਦਵਾਨ ਖੋਜੀਆਂ ਦੀ ਬਾਣੀ ਨੂੰ ਵੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪੂਰਾ-ਪੂਰਾ ਯੋਗ ਸਥਾਨ ਦਿੱਤਾ।

ਨਿਰਾ ਭਗਤਾਂ ਅਤੇ ਆਤਮਿਕ ਮੁਤਲਾਸ਼ੀ ਵਿਦਵਾਨ ਭੱਟਾਂ ਦੀ ਹੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਨਹੀਂ ਕੀਤੀ ਸਗੋਂ ਗੁਰੂ ਘਰ ਦੇ ਕੀਰਤਨੀਏ



ਅਤੇ ਸਿੱਖ ਜਿਨ੍ਹਾਂ ਨੇ **"ਸਿਖੀ ਸਿਖਿਆ ਗੁਰ ਵੀਚਾਰਿ"** ਦੀ ਕਮਾਈ ਕੀਤੀ ਅਤੇ ਗੁਰੂ ਦ੍ਰਿਸ਼ਟੀ ਵਿੱਚ ਪ੍ਰਵਾਨ ਚੜ੍ਹ ਗਏ, ਉਨ੍ਹਾਂ ਚਾਰ ਗੁਰਸਿਖਾਂ ਦੀ ਬਾਣੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕਰਕੇ ਦੇਸ਼, ਕੌਮ, ਮਜ਼੍ਹਬ, ਊਚ-ਨੀਚ, ਗੁਰੂ ਚੇਲੇ ਦੀਆਂ ਸੰਧਾਂ ਅਤੇ ਵਿਤਕਰੇ ਦੀਆਂ ਵੱਟਾਂ ਦਾ ਸਦਾ ਲਈ ਅਭਾਵ ਕਰ ਕੇ **"ਏਕੁ ਪਿਤਾ ਏਕਸ ਕੇ ਹਮ ਬਾਰਿਕ"** ਦੇ ਕਥਨ ਨੂੰ ਅਮਲੀ ਜਾਮਾ ਪਹਿਨਾ ਦਿੱਤਾ।

ਸਾਰੀ ਮਨੁੱਖਤਾ ਨੂੰ **"ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ"** ਦਾ ਉਪਦੇਸ਼ ਦੇਣ ਤੋਂ ਪਹਿਲਾਂ ਖੁਦ ਉਸਨੂੰ ਅਮਲੀ ਜਾਮਾ ਪਹਿਨਾ ਕੇ ਦਰਸਾ ਦਿੱਤਾ ਕਿ ਪ੍ਰਭੂ ਦਰ ਵਿੱਚ ਕਰਨੀ ਪ੍ਰਧਾਨ ਹੈ। ਕਰਨੀ ਪ੍ਰਧਾਨ ਵਾਲੇ ਜੀਵਨ ਦੀ ਬਾਜ਼ੀ ਜਿੱਤ ਕੇ ਬੇਗ਼ਮਪੁਰੇ ਦੇ ਵਾਸੀ ਬਣ ਜਾਂਦੇ ਹਨ। ਬੇਗ਼ਮਪੁਰੇ ਵਿੱਚ ਸਭ ਬਰਾਬਰ ਹਨ। ਉਥੇ ਕੋਈ ਵੀ ਅਵੱਲ-ਦੋਮ-ਸੋਮ ਦਾ ਵਿਤਕਰਾ ਨਹੀਂ। ਉਥੇ ਪੁੱਜ ਕੇ ਸਭ ਇੱਕ ਰੂਪ ਹੋ ਜਾਂਦੇ ਹਨ, ਕੋਈ ਉੱਚਾ ਨੀਵਾਂ ਨਹੀਂ ਰਹਿ ਜਾਂਦਾ, ਉਥੇ ਤਾਂ-

**ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥**

*ਗਉੜੀ ਰਵਿਦਾਸ ਜੀ, ਪੰਨਾ ੩੪੫*

ਦੀ ਅਵਸਥਾ ਹੋ ਜਾਂਦੀ ਹੈ।

ਸਤਿਗੁਰੂ ਜੀ ਨੇ ਨਿਰਾ ਉਪਦੇਸ਼ ਹੀ ਨਹੀਂ ਦਿੱਤਾ, ਸਗੋਂ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਭ ਨੂੰ ਬਰਾਬਰਤਾ ਦੇ ਕੇ ਅਮਲੀ ਤੌਰ ਤੇ ਕਰ ਕੇ ਵਿਖਾ ਦਿੱਤਾ।

ਸਤਿਗੁਰੂ ਅਰਜਨ ਦੇਵ ਜੀ ਨੇ ਸਾਰੀ ਬਾਣੀ ਨੂੰ ਤੀਹ ਰਾਗਾਂ ਵਿੱਚ ਬੜੀ ਸੁੰਦਰ ਗੁੰਦਵੀਂ ਦਿੱਖ ਦੇ ਕੇ ਰਾਗੀ ਸਿੰਘਾਂ ਨੂੰ, ਰਾਗ ਦੇ ਘਰਾਂ, ਤਾਲਾਂ ਦਾ ਗਿਆਨ ਬਖਸ਼ਿਸ਼ ਕੀਤਾ। ਨਾਲ-ਨਾਲ ਸਾਰੀ ਬਾਣੀ ਦੇ ਅੰਕ ਜੋੜ ਦਰਜ ਕੀਤੇ ਤਾਂ ਜੋ ਭਵਿੱਖ ਵਿੱਚ ਕੋਈ ਇਸ ਦਰਗਾਹੀ ਫੁਰਮਾਨ ਵਿੱਚ ਆਪਨੀ ਮਰਜ਼ੀ ਨਾਲ ਵਾਧਾ ਘਾਟਾ ਨਾ ਕਰ ਸਕੇ। ਸਾਰੀ ਬਾਣੀ ਜਿੱਥੇ ਸਤਿਗੁਰੂ ਜੀ ਆਪ ਆਪਨੇ ਮੁਖਾਰਬਿੰਦ ਚੋਂ ਉਚਾਰ ਕੇ ਭਾਈ ਗੁਰਦਾਸ ਜੀ ਨੂੰ ਲਿਖਵਾਈ, ਉਥੇ ਭਾਈ ਗੁਰਦਾਸ ਜੀ ਦੀ ਲਿਖਤ ਨੂੰ ਆਪ ਜੀ ਨੇ ਮੁੜ ਦੁਬਾਰਾ ਵਾਚਿਆ ਜਿਥੇ ਕੋਈ ਲਗ ਮਾਤਰ ਦਾ ਫ਼ਰਕ ਸੀ, ਉਸਨੂੰ ਸੋਧ ਕੇ, ਸੰਕੇਤ ਵਜੋਂ ਲਿਖ ਦਿਤਾ "ਸੁਧ ਕੀਚੇ" ਜਿਹੜੀ ਬਾਣੀ ਵਿੱਚ ਕੋਈ ਸੋਧ ਨਹੀਂ ਕੀਤੀ ਉਸਦੇ ਪਿਛੇ 'ਸੁਧ' ਸੰਕੇਤ ਲਿਖ ਦਿੱਤਾ। ਇਸ ਧੁਰ ਕੀ ਬਾਣੀ ਦੀ ਸਹੀ ਸੰਭਾਲ ਕਰਨ ਲਈ ਜਿੰਨੀ ਸਾਵਧਾਨੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਰਤੀ ਹੈ, ਉਸਨੂੰ ਵੇਖ ਕੇ ਬੁਧੀ ਚਕ੍ਰਿਤ ਰਹਿ ਜਾਂਦੀ ਹੈ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਧੀਰਮੱਲੀਆਂ ਦੇ ਆਦਿ ਗ੍ਰੰਥ ਸਾਹਿਬ ਜੀ ਨੂੰ ਦੇਣ ਤੋਂ ਨਾਂਹ ਕਰਨ ਤੇ ਦਮਦਮਾ ਸਾਹਿਬ (ਗੁਰੂ ਕੀ ਕਾਸ਼ੀ) ਜ਼ਿਲ੍ਹਾ ਬਠਿੰਡਾ ਦੇ ਅਸਥਾਨ ਤੇ ਟਿਕਾਣਾ ਕਰਕੇ ਆਪਨੇ ਦਿੱਬ-ਅਨੁਭਵ ਦੁਆਰਾ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਲਿਖਵਾ ਕੇ ਭਾਈ ਮਨੀ ਸਿੰਘ ਜੀ ਦੇ ਹਸਤ

ਕਮਲਾਂ ਦੁਆਰਾ ਸੰਪਾਦਨਾ ਕਰਵਾਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਦਰਜ ਕਰਨ ਨਾਲ 6 ਸਤਿਗੁਰੂ[੧], 15 ਭਗਤ ਜਨ[੨], 11 ਭੱਟਾਂ[੩], 4 ਗੁਰਸਿੱਖਾਂ ਦੀ[੪] 31 ਰਾਗਾਂ ਵਿੱਚ ਬਾਣੀ ਦਰਜ ਹੈ।

ਇਹ ਸਾਰੀ ਗੁਰਬਾਣੀ ਨਿਰੋਲ ਰੱਬੀ ਗਿਆਨ, ਧੁਰ ਦਰਗਾਹ ਦਾ ਬਿਨਾਂ ਮਿਲਾਵਟ ਫੁਰਮਾਨ ਹੋਣ ਕਾਰਣ ਧਾਰਮਿਕ ਦੁਨੀਆਂ ਵਿੱਚ ਆਪਣੀ ਵੱਖਰੀ ਥਾਂ ਅਤੇ ਦਿੱਖ ਰੱਖਦੀ ਹੈ। ਐਸਾ ਅਮੋਲਕ ਰੱਬੀ ਗਿਆਨ ਦਾ ਪ੍ਰਮਾਣੀਕ ਧਰਮ ਗ੍ਰੰਥ ਕਿਸੇ ਵੀ ਪੀਰ, ਪੈਗੰਬਰ, ਅਵਤਾਰ ਵੱਲੋਂ ਆਪਣੀ ਹਾਜ਼ਰੀ ਵਿੱਚ ਰਚ ਕੇ ਸੰਸਾਰ ਦੀ ਝੋਲੀ ਨਹੀਂ ਪਾਇਆ। ਇਹ ਮਾਣ ਤੇ ਉੱਚ ਦਰਜੇ ਦੀ ਪ੍ਰਮਾਣੀਕਤਾ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਪ੍ਰਾਪਤ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪਦ, ਸ਼ਬਦ, ਸਲੋਕ, ਛੰਡ, ਪੋੜੀ ਆਦਿ ਦੀ ਗਿਣਤੀ ਇਉਂ ਹੈ :—**

| | | | | |
|---|---|---|---|---|
| **੧.** | 1. | ਸ੍ਰੀ ਗੁਰੂ ਨਾਨਕ ਦੇਵ ਜੀ | = | ੯੪੭ |
| | 2. | ਸ੍ਰੀ ਗੁਰੂ ਅੰਗਦ ਦੇਵ ਜੀ | = | ੬੩ |
| | 3. | ਸ੍ਰੀ ਗੁਰੂ ਅਮਰਦਾਸ ਜੀ | = | ੮੬੯ |
| | 4. | ਸ੍ਰੀ ਗੁਰੂ ਰਾਮਦਾਸ ਜੀ | = | ੬੩੮ |
| | 5. | ਸ੍ਰੀ ਗੁਰੂ ਅਰਜਨ ਦੇਵ ਜੀ | = | ੨੩੧੨ |
| | 6. | ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | = | ੧੧੫ |

| | | | | |
|---|---|---|---|---|
| **੨.** | 1. | ਭਗਤ ਕਬੀਰ ਜੀ | = | ੫੪੦ |
| | 2. | ਭਗਤ ਤਿਰਲੋਚਨ ਜੀ | = | ੪ |
| | 3. | ਭਗਤ ਬੇਣੀ ਜੀ | = | ੬ |
| | 4. | ਭਗਤ ਰਵਿਦਾਸ ਜੀ | = | ੪੧ |
| | 5. | ਭਗਤ ਨਾਮਦੇਵ ਜੀ | = | ੬੦ |
| | 6. | ਬਾਬਾ ਧੰਨਾ ਜੀ | = | ੪ |
| | 7. | ਬਾਬਾ ਫਰੀਦ ਜੀ | = | ੧੨੨ |
| | 8. | ਭਗਤ ਜੈ ਦੇਵ ਜੀ | = | ੨ |
| | 9. | ਭਗਤ ਭੀਖਨ ਜੀ | = | ੨ |
| | 10. | ਭਗਤ ਸੈਣ ਜੀ | = | ੧ |
| | 11. | ਭਗਤ ਪੀਪਾ ਜੀ | = | ੧ |
| | 12. | ਭਗਤ ਸਧਨਾ ਜੀ | = | ੧ |
| | 13. | ਭਗਤ ਰਾਮਾ ਨੰਦ ਜੀ | = | ੧ |
| | 14. | ਭਗਤ ਪ੍ਰਮਾ ਨੰਦ ਜੀ | = | ੧ |
| | 15. | ਭਗਤ ਸੂਰਦਾਸ ਜੀ | = | ੧ |
| | | ਕੁਲ ਜੋੜ | = | ੭੮੭ |

| | | | | |
|---|---|---|---|---|
| **੩.** | 1. | ਭੱਟ ਕੱਲ ਸ਼ਹਾਰ ਜੀ | = | ੫੪ ਸਵਈਏ |
| | 2. | ਭੱਟ ਜਾਲਪ ਜੀ | = | ੫ ਸਵਈਏ |
| | 3. | ਭੱਟ ਕੀਰਤ ਜੀ | = | ੮ ਸਵਈਏ |
| | 4. | ਭੱਟ ਭਿਖਾ ਜੀ | = | ੨ ਸਵਈਏ |
| | 5. | ਭੱਟ ਸਲ ਜੀ | = | ੩ ਸਵਈਏ |
| | 6. | ਭੱਟ ਭਲ ਜੀ | = | ੧ ਸਵਈਏ |
| | 7. | ਭੱਟ ਨਲ ਜੀ | = | ੧੬ ਸਵਈਏ |
| | 8. | ਭੱਟ ਗਯੰਦ ਜੀ | = | ੧੩ ਸਵਈਏ |
| | 9. | ਭੱਟ ਮਥਰਾ ਜੀ | = | ੧੪ ਸਵਈਏ |
| | 10. | ਭੱਟ ਬਲ੍ਯ ਜੀ | = | ੫ ਸਵਈਏ |
| | 11. | ਭੱਟ ਹਰਬੰਸ ਜੀ | = | ੨ ਸਵਈਏ |
| | | ਕੁਲ ਜੋੜ | = | ੧੨੩ ਸਵਈਏ |

| | | | | |
|---|---|---|---|---|
| **੪.** | 1. | ਬਾਬਾ ਸੁੰਦਰ ਜੀ | = | ੬ |
| | 2. | ਭੱਟ ਜਾਲਪ ਜੀ | = | ੫ ਸਵਈਏ |
| | 3. | ਮਰਦਾਨਾ ਜੀ | = | ੩ |
| | | ਕੁਲ ਜੋੜ | = | ੧੭ ਸ਼ਬਦ |

ਹਵਾਲਾ : ਮਹਾਨ ਕੋਸ਼ ਭਾਈ ਕਾਨ੍ਹ ਸਿੰਘ ਨਾਭਾ



# ਗੁਰਬਾਣੀ ਦੀ ਮਹਿਮਾ

ਜਿਵੇਂ ਪ੍ਰਮੇਸ਼ਰ ਦੀ ਮਹਿਮਾਂ ਵਰਣਨ ਨਹੀਂ ਕੀਤੀ ਜਾ ਸਕਦੀ, ਤਿਵੇਂ ਪ੍ਰਭੂ ਸਰੂਪ ਗੁਰਬਾਣੀ ਦੀ ਮਹਿਮਾਂ ਵੀ ਅਪਰ-ਅਪਾਰ ਹੈ। ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰਬਾਣੀ ਮਹਿਮਾਂ ਵਰਣਨ ਕਰਦੇ ਹੋਏ ਗਉੜੀ ਰਾਗ ਵਿੱਚ ਫੁਰਮਾਨ ਕੀਤਾ ਹੈ ਕਿ ਗੁਰਬਾਣੀ ਸੱਚੇ ਪ੍ਰਭੂ ਦਾ ਹੁਕਮ ਹੋਣ ਕਰਕੇ ਪ੍ਰਮੇਸ਼ਰ ਦਾ ਆਪਣਾ ਸਰੂਪ ਹੈ। ਜਿਹੜਾ ਸਤਿ-ਸਰੂਪ ਗੁਰਬਾਣੀ ਨਾਲ ਸਾਂਝ ਪਾਏਗਾ ਉਸਦਾ ਸੰਪਰਕ ਸੱਚੇ ਪ੍ਰਭੂ ਨਾਲ ਜੁੜ ਜਾਵੇਗਾ:-

**ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥**

*ਗਉੜੀ ਮਹਲਾ ੪, ਪੰਨਾ ੩੦੪*

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਇਸ ਗੁਰਬਾਣੀ ਨੂੰ **"ਧੁਰ ਕੀ ਬਾਣੀ"** ਕਹਿ ਕੇ ਸਨਮਾਨਿਆ ਹੈ। ਜਿਹੜਾ ਇਸ ਅਚਿੰਤ ਦੇਸ਼ ਦੀ ਧੁਰ ਕੀ ਬਾਣੀ ਨਾਲ ਜੁੜ ਜਾਏਗਾ ਉਸਦੇ ਸਾਰੇ ਚਿੰਤਾ-ਝੋਰੇ ਦੂਰ ਹੋ ਜਾਣਗੇ। ਆਪ ਦਾ ਫੁਰਮਾਨ ਹੈ-

**ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥**

**ਦਇਆਲ ਪੁਰਖ ਮਿਹਰਵਾਨਾ ॥ ਹਰਿ ਨਾਨਕ ਸਾਚੁ ਵਖਾਨਾ ॥ ੨ ॥**

*ਸੋਰਠਿ ਮਹਲਾ ੫, ਪੰਨਾ ੬੨੮*

ਇਸ ਗੁਰਬਾਣੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ "ਖਸਮ ਕੀ ਬਾਣੀ" ਕਹਿ ਕੇ ਸਤਕਾਰਿਆ ਹੈ :-

**ਜੈਸੀ ਮੈ ਆਵੈ ਖਸਮ ਕੀ ਬਾਣੀ। ਤੈਸੜਾ ਕਰੀ ਗਿਆਨੁ ਵੇ ਲਾਲੋ ॥**

*ਤਿਲੰਗ ਮਹਲਾ ੧, ਪੰਨਾ ੭੨੨*

**ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥**

*ਸੂਹੀ ਮਹਲਾ ੫, ਪੰਨਾ ੭੬੩*

ਗੁਰਬਾਣੀ ਪ੍ਰਥਾਇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ; ਹੇ ਜਗਿਆਸੂ ਜਨੋ! ਪ੍ਰਮਾਤਮਾਂ ਜੋ ਅਥਾਹ ਸ਼ਕਤੀ ਦਾ ਮਾਲਕ ਹੈ। ਜੋ ਸਭ ਥਾਵਾਂ ਵਿੱਚ ਪਰੀਪੂਰਨ ਹੋ ਕੇ ਰਮਿਆਂ ਹੋਇਆ ਹੈ, ਉਸ ਮਹਾਨ ਸ਼ਕਤੀ ਦਾ ਹੁਕਮ (ਬਾਣੀ) ਵੀ ਸਭ ਥਾਈਂ ਪਰੀਪੂਰਨ ਹੈ। ਇਸ ਮਹਾਨ ਹੁਕਮ ਗੁਰਬਾਣੀ ਨੂੰ ਸਤਿਗੁਰੂ ਜੀ ਨੇ ਆਪ ਸੁਣਿਆਂ

ਅਤੇ ਆਪ ਹੀ ਆਪਣੇ ਮੁਖਾਰਬਿੰਦ ਵਿੱਚੋਂ ਉਚਾਰਨ ਕੀਤਾ ਹੈ। ਜਿਨ੍ਹਾਂ-ਜਿਨ੍ਹਾਂ ਨੇ ਇਸ ਦਰਗਾਹੀ ਫੁਰਮਾਨ "ਗੁਰਬਾਣੀ" ਨੂੰ ਸੁਣਿਆਂ ਅਤੇ ਕਮਾਇਆ ਹੈ, ਉਨ੍ਹਾਂ ਦਾ ਨਿਸਤਾਰਾ ਹੋ ਗਿਆ ਹੈ। ਉਨ੍ਹਾਂ ਵਡਭਾਗੀਆਂ ਨੂੰ ਸਦੀਵ ਕਾਲ ਲਈ ਨਿਹਚੱਲ ਅਡੋਲਤਾ ਵਾਲੀ ਆਤਮਿਕ ਅਵਸਥਾ ਪ੍ਰਾਪਤ ਹੋ ਗਈ :-

**ਗੁਰ ਕੀ ਬਾਣੀ ਸਭ ਮਾਹਿ ਸਮਾਣੀ ॥**
**ਆਪਿ ਸੁਣੀ ਤੈ ਆਪਿ ਵਖਾਣੀ ॥**
**ਜਿਨਿ ਜਿਨਿ ਜਪੀ ਤੇਈ ਸਭਿ ਨਿਸਤ੍ਰੇ**
**ਤਿਨ ਪਾਇਆ ਨਿਹਚਲ ਥਾਨਾਂ ਹੇ ॥** *ਮਾਰੂ ਮਹਲਾ ੫ ਸੋਲਹੇ, ਪੰਨਾ ੧੦੭੫*

ਇਹ ਬਾਣੀ ਪ੍ਰਮੇਸ਼ਰ ਅਕਾਲ ਪੁਰਖ ਦੀ ਹੈ। ਜਿਹੜਾ ਗੁਰਮਖ ਪਿਆਰਾ ਗੁਰਬਾਣੀ ਨੂੰ ਵੀਚਾਰ ਕੇ ਆਪਣਾ ਜੀਵਨ ਗੁਰਬਾਣੀ ਅਨੁਸਾਰ ਬਣਾ ਲੈਂਦਾ ਹੈ, ਉਸ ਦੀ ਆਤਮਾਂ ਦਾ ਸ੍ਵੈ ਸਰੂਪ ਵਿੱਚ ਨਿਵਾਸ ਹੋ ਜਾਂਦਾ ਹੈ।

**ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥**
**ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥**

*ਰਾਮਕਲੀ ਮਹਲਾ ੧, ਪੰਨਾ ੯੩੫*

ਸਤਿਗੁਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਗਉੜੀ ਰਾਗ ਵਿੱਚ ਫੁਰਮਾਨ ਹੈ, ਸਾਧ ਸੰਗਤ ਜੀ! ਅਸੀਂ ਬੜੇ ਭਾਗਸ਼ਾਲੀ ਹਾਂ, ਜਿਨ੍ਹਾਂ ਪਾਸ ਰੱਬੀ ਗਿਆਨ ਦਾ ਅਮੋਲਕ ਭੰਡਾਰ ਮੌਜੂਦ ਹੈ। ਜਿਹੜਾ ਵੀ ਇਸ ਅਮੋਲਕ ਖਜ਼ਾਨੇ ਨਾਲ ਆਪਣੀ ਆਤਮਿਕ ਸਾਂਝ ਬਣਾ ਲਵੇਗਾ, ਉਹ ਸਹਿਜ ਸੁਭਾਅ ਹੀ ਪ੍ਰਭੂ ਦਾ ਵਸਲ ਪ੍ਰਾਪਤ ਕਰ ਲਵੇਗਾ। ਇਸ ਅਮੋਲਕ ਬ੍ਰਹਮ ਗਿਆਨ ਦੇ ਖਜ਼ਾਨੇ ਦਾ ਹੀਰੇ, ਜਵਾਹਰਾਤ, ਰਤਨਾਂ ਨਾਲ ਮੁੱਲ ਨਹੀਂ ਪਾਇਆ ਜਾ ਸਕਦਾ। ਸੰਸਾਰ ਦਾ ਧਨ ਜਿਉਂ-ਜਿਉਂ ਖ਼ਰਚੀਏ ਉਸ ਵਿੱਚ ਘਾਟਾ ਪੈਂਦਾ ਜਾਂਦਾ ਹੈ। ਪਰ ਇਹ ਗੁਰਬਾਣੀ ਦਾ ਖਜ਼ਾਨਾ ਅਮੁੱਕ ਤੇ ਅਖੁੱਟ ਹੈ। ਜਿਉਂ-ਜਿਉਂ ਇਸ ਨੂੰ ਵਰਤੋ ਇਸ ਵਿੱਚ ਤੋਟ ਨਹੀਂ ਆਉਂਦੀ, ਸਗੋਂ ਵਧਦਾ ਹੀ ਜਾਂਦਾ ਹੈ। ਪਰ ਇਸ ਅਮੋਲਕ ਖਜ਼ਾਨੇ ਤੋਂ ਭਾਗਾਂ ਵਾਲੇ ਹੀ ਲਾਹਾ ਪ੍ਰਾਪਤ ਕਰ ਸਕਦੇ ਹਨ। ਜਿਸ 'ਤੇ ਪ੍ਰਭੂ ਦੀ ਬਖਸ਼ਿਸ਼ ਹੁੰਦੀ ਹੈ ਉਹ ਗੁਰੂ ਪਿਆਰਾ ਹੀ ਇਸ ਅਮੋਲਕ ਖਜ਼ਾਨੇ ਦਾ ਭਾਈਵਾਲ ਬਣ ਕੇ ਆਤਮਿਕ ਲਾਹਾ ਪ੍ਰਾਪਤ ਕਰ ਸਕਦਾ ਹੈ। ਸਤਿਗੁਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗਉੜੀ ਰਾਗ ਵਿੱਚ ਹੇਠ ਲਿਖੇ ਅਨੁਸਾਰ ਫੁਰਮਾਨ ਕੀਤਾ ਹੈ :—

**ਗਉੜੀ ਗੁਆਰੇਰੀ ਮਹਲਾ ੫ ॥**
**ਹਮ ਧਨਵੰਤ ਭਾਗਠ ਸਚ ਨਾਇ ॥**
**ਹਰਿ ਗੁਣ ਗਾਵਹ ਸਹਜਿ ਸੁਭਾਇ ॥ ੧ ॥ ਰਹਾਉ ॥**



**ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥**
**ਤਾ ਮੇਰੈ ਮਨਿ ਭਇਆ ਨਿਧਾਨਾ ॥ ੧ ॥**
**ਰਤਨ ਲਾਲ ਜਾ ਕਾ ਕਛੂ ਨ ਮੋਲੁ ॥**
**ਭਰੇ ਭੰਡਾਰ ਅਖੂਟ ਅਤੋਲ ॥ ੨ ॥**
**ਖਾਵਹਿ ਖਰਚਹਿ ਰਲਿ ਮਿਲਿ ਭਾਈ ॥**
**ਤੋਟਿ ਨ ਆਵੈ ਵਧਦੋ ਜਾਈ ॥ ੩ ॥**
**ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ ॥**
**ਸੁ ਏਤੁ ਖਜਾਨੈ ਲਇਆ ਰਲਾਇ ॥ ੪ ॥** *ਪੰਨਾ ੧੮੫ ॥*

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਾਰੀ, ਗੁਰਮਤ ਦੀ ਪੂਰਨ ਕਮਾਈ ਕਰਕੇ ਗੁਰੂ ਵਿੱਚ ਪੂਰਨ ਅਭੇਦਤਾ ਨੂੰ ਪ੍ਰਾਪਤ ਕਰਨ ਵਾਲੇ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਗੁਰਬਾਣੀ ਦੀ ਮਹਾਨਤਾ ਨੂੰ ਦਰਸਾਉਣ ਲਈ ਅਨੇਕਾਂ ਪਉੜੀਆਂ, ਸਵਈਏ, ਆਪਣੀ ਬਾਣੀ ਵਿੱਚ ਰਚੇ ਹਨ। ਉਨ੍ਹਾਂ ਵਿੱਚੋਂ ਕੇਵਲ ਇੱਕ ਸਵਈਏ ਨੂੰ ਵਾਚੀਏ, ਗੁਰਬਾਣੀ ਦੀ ਮਹਾਨਤਾ ਦਾ ਪਤਾ ਚਲ ਜਾਵੇਗਾ। ਗੁਰਬਾਣੀ ਦੀ ਮਹਾਨਤਾ ਦਰਸਾਉਣ ਤੋਂ ਪਹਿਲਾਂ ਭਾਈ ਸਾਹਿਬ ਜੀ ਨੇ ਸੰਸਾਰਕ ਤਿੰਨ ਉਦਾਹਰਣਾਂ ਦਿੱਤੀਆਂ ਹਨ। ਪਹਿਲੀ ਉਦਾਹਰਣ ਦਿੱਤੀ ਹੈ ਕਿ ਜਿਸ ਤਰ੍ਹਾਂ ਸਮੁੰਦਰਾਂ ਵਿੱਚ ਬੇਅੰਤ, ਹੀਰੇ, ਰਤਨ, ਜਵਾਹਰਾਤ, ਸੁੱਚੇ ਮੋਤੀਆਂ ਦੇ ਭੰਡਾਰ ਭਰੇ ਪਏ ਹਨ ਪਰ ਸਮੁੰਦਰ ਦੀ ਦੌਲਤ ਸਮੁੰਦਰ ਵਿੱਚ ਡੂੰਘੀਆਂ ਚੁਭੀਆਂ ਲਾਉਣ ਵਾਲੇ ਮਰਜੀਵੜਿਆਂ ਨੂੰ ਹੀ ਪ੍ਰਾਪਤ ਹੁੰਦੀ ਹੈ।

ਸਮੁੰਦਰ ਦੀ ਤਰ੍ਹਾਂ ਪਹਾੜਾਂ ਵਿੱਚ ਵੀ ਬੜੇ ਕੀਮਤੀ ਹੀਰੇ ਰਤਨ, ਜਵਾਹਰਾਤ, ਨੀਲਮ, ਪੰਨੇ, ਸੋਨਾ, ਚਾਂਦੀ ਅਤੇ ਪਾਰਸ ਪੱਥਰ ਹਨ ਪਰ ਪਹਾੜਾਂ ਦੀ ਦੌਲਤ ਖਾਣਾਂ ਖੋਦਣ ਵਾਲੇ ਮਿਹਨਤੀ ਲੋਕਾਂ ਨੂੰ ਹੀ ਪ੍ਰਾਪਤ ਹੁੰਦੀ ਹੈ। ਜਿੱਥੇ ਖਾਣਾਂ ਦੀ ਖੁਦਾਈ ਕਰਨ ਵਾਲੇ ਦੌਲਤ ਪ੍ਰਾਪਤ ਕਰਦੇ ਹਨ, ਉਥੇ ਰਤਨਾਂ ਦੀ ਸੋਭਾ ਸੰਸਾਰ ਵਿਚ ਪ੍ਰਗਟ ਕਰਦੇ ਹਨ।

ਪਹਾੜਾਂ ਅਤੇ ਸਮੁੰਦਰਾਂ ਦੀ ਤਰ੍ਹਾਂ ਜੰਗਲ ਵੀ ਅਮੋਲਕ ਦੌਲਤ ਦੇ ਭੰਡਾਰ ਹਨ। ਜੰਗਲਾਂ ਵਿੱਚ ਚੰਦਨ, ਸੌਧਾ ਕਪੂਰ ਵਰਗੇ ਸੁਗੰਧਤ ਬੂਟੇ ਅਤੇ ਕੀਮਤੀ ਜੜੀ-ਬੂਟੀਆਂ ਮੌਜੂਦ ਹਨ, ਪਰ ਗਾਂਧੀ[੧] ਲੋਕ ਹੀ ਉਨ੍ਹਾਂ ਨੂੰ ਪ੍ਰਾਪਤ ਕਰਕੇ ਜਿਥੇ ਦੌਲਤ ਪ੍ਰਾਪਤ ਕਰਦੇ ਹਨ ਉਥੇ ਸੁਗੰਧਤ ਅਤਰਾਂ ਦੁਆਰਾ ਸੰਸਾਰ ਨੂੰ ਸੁਗੰਧੀ ਵੰਡਦੇ ਹਨ।

ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਲੋਕ, ਪ੍ਰਲੋਕ ਦੇ ਰੂਹਾਨੀਅਤ ਖਜ਼ਾਨੇ ਭਰੇ ਪਏ ਹਨ। ਗੁਰਬਾਣੀ ਧਰਮ, ਅਰਥ, ਕਾਮ, ਮੋਖ ਦੀ

*੧. ਅਤਰ ਕੱਢਣ ਵਾਲੇ*

ਦਾਤੀ ਹੈ। ਗੁਰਬਾਨੀ ਦੇ ਅਮੋਲਕ ਖਜ਼ਾਨੇ ਦਾ ਲਾਹਾ ਉਨ੍ਹਾਂ ਗੁਰੂ ਪਿਆਰਿਆਂ ਨੂੰ ਹੀ ਪ੍ਰਾਪਤ ਹੁੰਦਾ ਜੋ ਗੁਰਬਾਨੀ ਦੇ ਅਮੋਲਕ ਖਜ਼ਾਨੇ ਨੂੰ ਖੋਜਦੇ, ਵੀਚਾਰਦੇ ਤੇ ਇਸ ਗੁਰਬਾਨੀ ਤੇ ਅਮਲ ਕਰਦੇ ਹਨ। ਆਪ ਜੀ ਦਾ ਫਰਮਾਨ ਹੈ :-

**ਜੈਸੇ ਤਉ ਸਕਲ ਨਿਧਿ ਪੂਰਨ ਸਮੁੰਦ੍ਰ ਬਿਖੈ,**
**ਹੰਸ ਮਰਜੀਵਾ ਨਿਹਚੈ ਪ੍ਰਸਾਦੁ ਪਾਵਈ॥**
**ਜੈਸੇ ਪਰਬਤਿ ਹੀਰਾ ਮਾਨਕ ਪਾਰਸ ਸਿਧ,**
**ਖਨਵਾਰਾ ਖਨਿ ਜਗ ਵਿਖੇ ਪ੍ਰਗਟਾਵਈ॥**
**ਜੈਸੇ ਬਨ ਬਿਖੈ ਮਲਿਆਗਰ ਸੌਧਾ ਕਪੂਰ,**
**ਸੋਧ ਕੈ ਸੁਬਾਸੀ ਸੁਬਾਸ ਬਿਹਸਾਵਈ॥**
**ਤੈਸੇ ਗੁਰਬਾਨੀ ਬਿਖੈ ਸਕਲ ਪਦਾਰਥ ਹੈ,**
**ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਈ॥੫੪੬॥**

*ਸਵਈਏ ਭਾਈ ਗੁਰਦਾਸ ਜੀ*

ਗੁਰਬਾਨੀ ਗੁਰੂ ਦਾ ਹੀ ਅਸਲੀ ਰੂਪ ਹੈ ਪਰ ਲੋੜ ਹੈ ਗੁਰਬਾਨੀ ਹੁਕਮਾਂ ਨੂੰ ਜੀਵਨ ਵਿੱਚ ਧਾਰਨ ਕਰਨ ਦੀ। ਜੋ ਗੁਰੂ ਹੁਕਮਾਂ ਦੇ ਧਾਰਨੀ ਬਣ ਜਾਂਦੇ ਹਨ, ਉਹ ਆਪਣਾ ਲੋਕ ਸੁਖੀ ਪ੍ਰਲੋਕ ਸੁਹੇਲਾ ਕਰ ਲੈਂਦੇ ਹਨ।

❑❑❑



# ਸ਼ਬਦ ਗੁਰੂ

ਗੁਰਮਤਿ ਅਨੁਸਾਰ ਸਰੀਰ ਨੂੰ ਗੁਰੂ ਨਹੀਂ ਪ੍ਰਵਾਨਿਆ ਗਿਆ, ਗੁਰੂ ਕੇਵਲ ਗਿਆਨ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ।

**ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ॥** *ਪਾ : ੧੦*

ਸਤਿਗੁਰਾਂ ਦੇ ਸਰੀਰਕ ਜਾਮੇਂ ਤਾਂ ਇਕੋ ਸਮੇਂ ਚਾਰ-ਚਾਰ ਵੀ ਰਹੇ ਹਨ, ਪਰ ਗੁਰੂ ਪਦਵੀ ਉਸ ਜਾਮੇਂ ਨੂੰ ਹੀ ਪ੍ਰਾਪਤ ਰਹੀ ਹੈ ਜੋ ਬ੍ਰਹਮ ਦਾ ਅਤੇ ਬ੍ਰਹਮ ਦੀ ਪ੍ਰਾਪਤੀ ਦਾ ਗਿਆਨ ਜਗਿਆਸੂਆਂ ਨੂੰ ਪ੍ਰਦਾਨ ਕਰਦਾ ਸੀ। ਜਦੋਂ ਗਿਆਨ ਵੰਡਣ ਵਾਲੀ ਜੋਤ ਦੂਸਰੇ ਜਾਮੇਂ ਵਿੱਚ ਪ੍ਰਵੇਸ਼ ਕਰ ਜਾਂਦੀ, ਤੱਦ ਪਹਿਲਾ ਗੁਰੂ ਜਾਮਾਂ ਆਪਣੇ ਸਰੀਰ ਹੁੰਦੇ ਗਿਆਨ ਪ੍ਰਵੇਸ਼ ਕੀਤੇ ਦੂਸਰੇ ਜਾਮੇ ਦੇ ਚਰਨਾਂ ਉੱਪਰ ਸੀਸ ਨਿਵਾ ਕੇ ਉਸ ਜਾਮੇਂ ਨੂੰ ਗੁਰੂ ਥਾਪ ਦਿੰਦਾ। ਟਿੱਕੇ ਵੀ ਵਾਰ ਅੰਦਰ ਭਾਈ ਬਲਵੰਡ ਜੀ ਦਾ ਫੁਰਮਾਨ ਹੈ—

**ਗੁਰਿ ਚੇਲੇ ਰਹਰਾਸਿ[੧] ਕੀਈ ਨਾਨਕਿ ਸਲਾਮਤਿ ਥੀਵਦੈ॥**
**ਸਹਿ ਟਿਕਾ ਦਿਤੋਸੁ ਜੀਵਦੈ॥੧॥** *ਟਿੱਕੇ ਦੀ ਵਾਰ, ਪੰਨਾ ੯੬੬*

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਿਧਾਂ ਵੱਲੋਂ ਪ੍ਰਸ਼ਨ ਕਰਨ ਤੇ ਕਿ

**ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥** *ਮ : ੧, ਪੰਨਾ ੯੪੨*

ਦੇ ਉਤ੍ਰ ਵਿੱਚ ਸਤਿਗੁਰੂ ਜੀ ਨੇ ਸਿਧਾਂ ਨੂੰ ਸੰਬੋਧਨ ਕਰਕੇ ਫੁਰਮਾਨ ਕੀਤਾ ਕਿ

**ਪਵਨ ਅਰੰਭੁ ਸਤਿਗੁਰ ਮਤਿ ਵੇਲਾ॥**
**ਸਬਦੁ ਗੁਰੂ ਸੁਰਤਿ ਧੁਨਿ ਚੇਲਾ॥** *ਮ : ੧, ਪੰਨਾ ੯੪੩*

ਗਿਆਨ ਸ਼ਬਦ ਰਾਹੀਂ ਪ੍ਰਗਟ ਹੁੰਦਾ ਹੈ। ਸ਼ਬਦ ਦੇ ਪ੍ਰਗਟ ਕਰਨ ਦਾ ਵਸੀਲਾ ਸਰੀਰ ਹੈ। ਕਈ ਵਾਰੀ ਮਨੁੱਖ ਵਸੀਲੇ ਨੂੰ ਹੀ ਗੁਰੂ ਮੰਨ ਕੇ ਵਸੀਲੇ ਨਾਲ ਹੀ ਚੰਮੜਿਆ ਰਹਿੰਦਾ ਹੈ ਪਰ ਜੋ ਸ਼ਬਦ ਗਿਆਨ ਹੈ, ਉਥੇ ਤੱਕ ਪਹੁੰਚਦਾ ਹੀ ਨਹੀਂ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਸੋਰਠ ਰਾਗ ਅੰਦਰ ਫੁਰਮਾਨ ਹੈ ਕਿ ਸ਼ਬਦ ਹੀ ਗੁਰੂ ਅਤੇ ਪੀਰ ਹੈ। ਸ਼ਬਦ ਨਾਲ ਜੁੜ ਕੇ ਮਨੁੱਖ ਗਹਿਰ ਗੰਭੀਰ ਅਤੇ ਸ਼ਾਂਤ ਹੋ ਜਾਂਦਾ ਹੈ। ਸ਼ਬਦ ਤੋਂ ਬਿਨਾਂ ਸਾਰਾ ਸੰਸਾਰ ਕਮਲਿਆਂ ਵਾਂਗ ਜੀਵਨ ਬਤੀਤ ਕਰ ਰਿਹਾ—

---

*੧. ਨਮਸਕਾਰ, ੨. ਪ੍ਰਾਣ ਜੀਵਨ ਦਾ ਮੂਲ ਹਨ। ਮਨੁੱਖਾ ਜਨਮ ਸਤਿਗੁਰੂ ਦੀ ਮੱਤ ਲੈਣ ਦਾ ਸਮਾਂ ਹੈ। ਸ਼ਬਦ ਮੇਰਾ ਗੁਰੂ ਹੈ। ਮੈਂ ਆਪਣੀ ਸੁਰਤ ਨੂੰ ਸ਼ਬਦ-ਗੁਰੂ ਦਾ ਚੇਲਾ ਬਣਾਇਆ ਹੈ।*

**ਸਬਦੁ ਗੁਰ ਪੀਰਾ ਗਹਿਰ ਗੰਭੀਰਾ**

**ਬਿਨੁ ਸਬਦੈ ਜਗੁ ਬਉਰਾਨੰ ॥** *ਸੋਰਠਿ ਮ : ੧ (ਪੰਨਾ ੬੩੫)*

ਸ੍ਰੀ ਗੁਰੂ ਰਾਮਦਾਸ ਜੀ ਨੇ ਵੀ ਨਟ ਰਾਗ ਅੰਦਰ ਫੁਰਮਾਇਆ ਹੈ ਕਿ ਬਾਣੀ ਹੀ ਸਿੱਖ ਦਾ ਗੁਰੂ ਹੈ। ਗੁਰੂ ਦੀ ਪੂਰਨ ਹੋਂਦ ਗੁਰਬਾਣੀ ਵਿੱਚ ਮੌਜੂਦ ਹੈ। ਗੁਰਬਾਣੀ ਅੰਮ੍ਰਿਤ ਰੂਪ ਹੈ। ਜਿਹੜਾ ਸਿੱਖ ਗੁਰਬਾਣੀ ਨੂੰ ਆਪਣੇ ਹਿਰਦੇ ਵਿੱਚ ਵਸਾ ਲੈਂਦਾ ਹੈ। ਜੋ ਗੁਰਬਾਣੀ ਹੁਕਮ ਕਰਦੀ ਹੈ ਉਸਦੀ ਸ਼ਰਧਾ ਭਾਵਨੀ ਨਾਲ ਕਮਾਈ ਕਰਦਾ ਹੈ, ਗੁਰੂ ਉਸ ਸਿੱਖ ਨੂੰ ਯਕੀਨਨ ਤੌਰ ਤੇ ਸੰਸਾਰ ਸਮੁੰਦਰ ਤੋਂ ਪਾਰ ਕਰ ਦਿੰਦਾ ਹੈ :-

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ।**

**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥**

*ਨਟ ਮਹਲਾ ੪, ਪੰਨਾ ੯੮੨*

ਇੱਕ ਸਮੇਂ ਭਾਈ ਪ੍ਰਿਥਾ ਅਤੇ ਭਾਈ ਖੇੜਾ, ਸੋਇਨੀ ਜਾਤ ਦੇ ਖੱਤਰੀ, ਕਰਤਾਰਪੁਰ ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਹਾਜਰ ਹੋਏ। ਸੰਗਤ ਵਿੱਚ ਬੈਠਦਿਆਂ ਹੀ ਮਨ ਇਕਾਗਰ ਹੋ ਗਿਆ। ਸਾਹਿਬਾਂ ਬਚਨ ਕੀਤਾ, "ਭਾਈ ਪ੍ਰਿਥਾ ਅਤੇ ਖੇੜਾ! ਆਪਣੇ ਮਨ ਦੀ ਕਾਮਨਾ ਕਹੀਏ। ਦੋਵਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, ਜੀ ਸੱਚੇ ਪਾਤਸ਼ਾਹ ! ਸੰਸਾਰੀ ਪਦਾਰਥਾਂ ਦੀ ਕਾਮਨਾ ਖ਼ਤਮ ਹੋਵੇ। ਤੇਰੇ ਚਰਨਾਂ ਦੀ ਸ਼ਰਣ ਰਹੀਏ ਤੇ ਸਦਾ ਹਜ਼ੂਰ ਦਾ ਦੀਦਾਰ ਪ੍ਰਾਪਤ ਹੋਵੇ।"

ਸਾਹਿਬਾਂ ਬਚਨ ਕੀਤਾ, ਭਾਈ ਪ੍ਰਿਥਾ ਅਤੇ ਭਾਈ ਖੇੜਾ, ਸਾਡੇ ਚਰਨ ਹਮੇਸ਼ਾਂ ਸੰਗਤ ਵਿੱਚ ਰਹਿੰਦੇ ਹਨ। ਤੁਸੀਂ ਸੰਤਾਂ-ਗੁਰਮੁਖਾਂ ਦੀ ਟਹਿਲ ਕਰਨੀ ਅਤੇ ਦੋਵੇਂ ਸਮੇਂ (ਸੁਬ੍ਹਾ-ਸ਼ਾਮ) ਧਰਮਸਾਲ ਜਾਣਾ। ਗੁਰੂ ਅਤੇ ਪ੍ਰਮੇਸ਼ਰ ਵਿੱਚ ਭੇਦ ਨਹੀਂ ਜਾਨਣਾ। ਸ਼ਬਦ ਸਾਡਾ ਹਿਰਦਾ ਹੈ, ਜੇ ਸ਼ਬਦ ਨਾਲ ਮਿਲੋਗੇ ਫਿਰ ਕਦੇ ਵੀ ਵਿਛੋੜਾ ਨਹੀਂ ਪਵੇਗਾ। ਸਰੀਰ ਸਰਗੁਣ ਹੈ, ਜੇ ਸਰੀਰ ਨਾਲ ਮਿਲੋਗੇ ਫਿਰ ਮੁੜ-ਮੁੜ ਵਿਛੁੜੋਗੇ ਤੇ ਮੁੜ-ਮੜ ਮਿਲੋਗੇ। ਸੋ ਲੋੜ ਹੈ ਸਥੂਲ ਵਸੀਲੇ ਦਾ ਸਤਿਕਾਰ ਕਰਦੇ ਹੋਏ, ਸੂਖਮ ਗਿਆਨ ਰੂਪ ਸ਼ਬਦ-ਗੁਰਬਾਣੀ ਨਾਲ ਜੁੜ ਕੇ ਆਤਮਿਕ ਅਨੰਦ ਅਤੇ ਸਦੀਵੀਂ ਮਿਲਾਪ ਪ੍ਰਾਪਤ ਕਰੀਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਮਨੁੱਖਤਾ ਲਈ ਆਤਮ-ਅਹਾਰੀ ਭੋਜਨ ਦਾ ਥਾਲ ਪ੍ਰੋਸ ਕੇ ਸਤਿਗੁਰ ਜੀ ਨੇ ਬਖਸ਼ਿਸ਼ ਕੀਤਾ ਹੈ। ਜਿਸ ਵਿੱਚ ਸਤਿ, ਸੰਤੋਖ,



ਸ਼ੁਭ ਵੀਚਾਰ ਅਤੇ ਪ੍ਰਭੂ ਨਾਮ ਦਾ ਅਹਾਰ ਪ੍ਰਦਾਨ ਕੀਤਾ ਹੈ। ਜਿਹੜਾ ਜਗਿਆਸੂ ਹਰ ਸਮੇਂ **"ਨਿਤ ਨਿਤ ਰਖੁ ਉਰਿ ਧਾਰੋ"** ਦੇ ਹੁਕਮ ਦੀ ਨਿਰੰਤਰ ਪਾਲਣਾ ਕਰੇਗਾ, ਉਸਦਾ ਅਗਿਆਨ ਭਰਮ ਕੁਝ ਵੀ ਵਿਗਾੜ ਨਹੀਂ ਸਕੇਗਾ। ਉਸਦੀ ਆਤਮਾ ਸ਼ਬਦ ਗੁਰੂ ਨਾਲ ਜੁੜ ਕੇ ਸੰਸਾਰ ਭਵਜਲ ਵਿਚੋਂ ਪਾਰ ਹੋ ਜਾਵੇਗੀ ਅਤੇ ਉਸ ਨੂੰ ਸਾਰਾ ਬ੍ਰਹਮ ਦਾ ਹੀ ਪਸਾਰਾ ਨਦਰੀ ਆਉਣ ਲੱਗ ਜਾਵੇਗਾ। ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ-

**ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥**

**ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥**

**ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥**

**ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥**

**ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥**

*ਮੁੰਦਾਵਣੀ ਮ : ੫, ਪੰਨਾ ੧੪੨੯*

❑❑❑

# ਸਿੱਖ ਧਰਮ ਦਾ ਅਕੀਦਾ

ਸਿੱਖ ਧਰਮ ਦੇ ਅਕੀਦੇ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਸਤਿਗੁਰਾਂ ਦੀ ਆਤਮਿਕ ਜੋਤ ਹਨ। ਜੋ ਸਦਾ-ਸਦਾ ਵਾਸਤੇ ਜਗਿਆਸੂਆਂ ਨੂੰ ਆਰਥਕ-ਪ੍ਰਮਾਰਥਕ ਅਗਵਾਈ ਬਖ਼ਸ਼ਿਸ਼ ਕਰ ਰਹੇ ਹਨ ਅਤੇ ਕਰਦੇ ਰਹਿਣਗੇ। ਗੁਰਬਾਣੀ ਨਿਰੋਲ ਪ੍ਰਮੇਸ਼ਰ ਦਾ ਸ਼ੁੱਧ ਗਿਆਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਹਿਗੁਰੂ ਜੀ ਦੇ ਹੁਕਮ ਦਾ ਸੱਦੜਾ ਤੇ ਨਿਰੰਕਾਰੀ ਧੁਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰੂਪ-ਰੰਗ, ਰੇਖ-ਭੇਖ, ਚੱਕ੍ਰ-ਚਿਹਨ ਅਰ ਬਰਨ-ਜਾਤ ਤੋਂ ਨਿਰਲੇਪ ਅਮੂਰਤੀ-ਮਾਨ ਦਾ ਪਰਤੱਖ ਚਿਤਰਨ ਕੀਤਾ ਹੈ। ਗੁਰਬਾਣੀ ਵਿੱਚੋਂ ਸ਼ੁਭ ਦੈਵੀ ਗੁਣਾਂ ਦਾ ਚਸ਼ਮਾਂ ਲਗਾਤਾਰ ਵਹਿ ਰਿਹਾ ਹੈ ਅਤੇ ਜਗਿਆਸੂ ਨੂੰ ਇਨ੍ਹਾਂ ਗੁਣਾਂ ਨੂੰ ਧਾਰਨ ਕਰਨ ਅਤੇ ਲਾਹਾ ਪ੍ਰਾਪਤ ਕਰਨ ਲਈ ਲਗਾਤਾਰ ਸੱਦਾ ਦੇ ਰਿਹਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਦੀਵੀਂ ਸੁੱਖ ਅਤੇ ਸ਼ਾਂਤੀ ਦਾ ਸੋਮਾਂ ਹੈ ਜੋ ਬਿਨਾਂ ਵਿਤਕਰੇ ਆਤਮਿਕ ਅਭਿਲਾਖੀਆਂ ਨੂੰ ਸ਼ਾਂਤੀ ਪ੍ਰਦਾਨ ਕਰੀ ਜਾ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪ੍ਰਭੂ ਨੂੰ ਮਿਲਣ ਲਈ ਬਿਰਹੋਂ-ਬੇਨਤੀ, ਪਿਆਰ, ਨਿਰਮਲ-ਭੈਅ, ਨਿਰਮਲ-ਗਿਆਨ, ਸ਼ਰਧਾ-ਭਾਵਨੀ, ਪ੍ਰੇਮਾ-ਭਗਤੀ, ਸੇਵਾ-ਸਿਮਰਨ, ਪਰਉਪਕਾਰ, ਉੱਚ-ਆਚਾਰ ਦਾ ਰੱਬੀ ਗਿਆਨ ਅਤੇ ਇਲਾਹੀ ਫੁਰਮਾਨ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਇੱਕ ਲਗਾਤਾਰ ਪ੍ਰਭੂ ਸੰਗੀਤ ਕਾਵਯ ਦਾ ਰਸ-ਮਈ ਪ੍ਰਵਾਹ ਚੱਲ ਰਿਹਾ ਹੈ। ਗੁਰੂ ਗ੍ਰੰਥ ਸਾਹਿਬ, ਆਤਮ ਮਸਤੀ, ਆਤਮਿਕ ਰਸ ਅਤੇ ਪ੍ਰਭੂ ਲੀਨਤਾ ਦੇ ਸਰੂਰ ਦਾ ਇੱਕ ਅਮੋਲਕ ਖਜ਼ਾਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ,ਸਤਿਗੁਰ ਜੀ ਅਤੇ ਪਿਆਰੇ ਭਗਤਾਂ ਦਾ ਹਿਰਦਾ ਹੈ। ਗੁਰੂ ਗ੍ਰੰਥ ਸਾਹਿਬ ਭਗਤਾਂ ਅਤੇ ਸਤਿਗੁਰਾਂ ਦਾ ਆਤਮਿਕ ਅਨੋਖਾ ਇਤਿਹਾਸ ਹੈ। ਜਿਸਦੇ ਮਨ ਵਿੱਚ ਸਤਿਗੁਰ ਜੀ ਅਤੇ ਭਗਤਾਂ ਦੇ ਹਿਰਦੇ ਨੂੰ ਪੜ੍ਹਨ ਅਤੇ ਪੜਚੋਲਣ ਦੀ ਲਾਲਸਾ ਹੋਵੇ, ਉਹ ਪਿਆਰ ਸ਼ਰਧਾ ਅਤੇ ਭਾਵਨੀ ਦੇ ਨੇਤਰਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹੇ, ਉਸਨੂੰ ਇਸ ਬਾਣੀ ਵਿਚੋਂ ਸਤਿਗੁਰੂ ਜੀ ਅਤੇ ਭਗਤਾਂ ਦੇ ਪ੍ਰਤੱਖ ਦਰਸ਼ਨ ਅਵੱਸ਼ ਪ੍ਰਾਪਤ ਹੋਣਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਨਿਰੰਕਾਰ ਦਾ ਪ੍ਰਤੱਖ ਦਰਸ਼ਨ ਹੈ ਕਿਉਂਕਿ ਸਤਿਗੁਰਾਂ ਤੇ ਭਗਤਾਂ ਦਾ ਹਉਂ ਰਹਿਤ ਨਿਰਮਲ ਹਿਰਦਾ ਹੋਣ ਕਾਰਣ, ਨਿਰੰਕਾਰ ਅਤੇ ਨਿਰੰਕਾਰ ਦੇ ਗਿਆਨ ਦਾ ਹੂਬਹੂ ਚਿਤਰਨ ਉਨ੍ਹਾਂ ਦੇ ਹਿਰਦੇ ਵਿੱਚ ਹੋਇਆ ਹੈ। ਜਿਵੇਂ ਕਿਸੇ ਨਿਰਮਲ ਸ਼ੀਸ਼ੇ ਵਿੱਚ ਮੂਰਤ ਦਰਸ਼ਨਾਉਂਦੀ ਹੈ। ਗੁਰੂ ਗ੍ਰੰਥ ਸਾਹਿਬ, ਪ੍ਰਭੂ



ਜੀ ਦਾ ਸਾਮਰਤੱਖ ਜ਼ਹੂਰ ਹੈ, ਜਿਸ ਵਿੱਚ ਭੋਰਾ ਜਿੰਨਾ ਵੀ ਗੰਧਲਾ-ਪਨ ਜਾਂ ਮਾਇਆ ਦਾ ਰਲੇਵਾਂ ਨਹੀਂ ਹੈ ਸਗੋਂ ਗੁਰਬਾਣੀ ਤਾਂ ਜਗਿਆਸੂ ਦੇ ਹਿਰਦੇ ਵਿੱਚੋਂ ਮਾਇਆ ਦਾ ਗੰਧਲਾ-ਪਨ ਕੱਢ ਕੇ ਆਤਮਾ ਨੂੰ ਪਵਿੱਤ੍ਰ ਕਰਦੀ ਹੈ। ਸੱਚੀ ਬਾਣੀ ਤਾਂ ਪ੍ਰਭੂ ਵਿੱਚ ਅਭੇਦ ਕਰਾਉਣ ਦੀ ਸਮਰੱਥਾ ਰੱਖਦੀ ਹੈ :-

**ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥**

**ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ ॥੧॥ ਰਹਾਉ ॥**

*ਸੂਹੀ ਮ: ੩, ਪੰਨਾ ੭੫੪*

ਇਸ ਬਾਣੀ ਨੂੰ ਜਿਨ੍ਹਾਂ-ਜਿਨ੍ਹਾਂ ਨੇ ਜਪਿਆ ਅਤੇ ਕਮਾਇਆ ਉਨ੍ਹਾਂ ਦਾ ਜਿਥੇ ਨਿਸਤਾਰਾ ਹੋ ਗਿਆ, ਉੱਥੇ ਉਨ੍ਹਾਂ ਦੀ ਆਤਮਾਂ ਨੂੰ ਸਦੀਵੀਂ ਨਿਹਚਲ ਅਸਥਾਨ ਦੀ ਪ੍ਰਾਪਤੀ ਹੋ ਗਈ। ਸਾਹਿਬਾਂ ਦਾ ਫੁਰਮਾਨ ਹੈ :-

**ਜਿਨਿ ਜਿਨਿ ਜਪੀ ਤੇਈ ਸਭਿ ਨਿਸਤ੍ਰੇ ਤਿਨ ਪਾਇਆ ਨਿਹਚਲ ਥਾਨਾਂ ਹੇ ॥੧॥**

*ਮਾਰੂ ਮ: ੫ ਸੋਲਹੇ, ਪੰਨਾ ੧੦੭੫*

ਗੁਰਬਾਣੀ ਤਾਂ ਨਿਰੰਕਾਰ ਦਾ ਆਪਣਾ ਸਰੂਪ ਹੈ, ਨਿਰੰਕਾਰ ਅਤੇ ਬਾਣੀ ਓਤਪੋਤ ਹਨ :-

**ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥**

*ਸਲੋਕ ਮ: ੩, ਪੰਨਾ ੫੧੫*

ਗੁਰਸਿੱਖ ਲਈ ਗੁਰਬਾਣੀ ਹੀ ਉਸ ਦੇ ਜੀਵਨ ਦਾ ਆਧਾਰ ਹੈ :-

**ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥**

*ਰਾਗੁ ਸੂਹੀ ਮ: ੪, ਪੰਨਾ ੭੫੯*

❑❑❑

# ਸਤਿਗੁਰਾਂ ਖੁਦ ਗੁਰਬਾਣੀ ਦਾ ਸਤਿਕਾਰ ਕੀਤਾ ਅਤੇ ਕਰਨ ਦੀ ਤਾਕੀਦ ਕੀਤੀ

ਜਿਸ ਵੇਲੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਦੇ ਰੂਪ ਵਿੱਚ ਸੰਪਾਦਨਾ ਮੁਕੰਮਲ ਹੋ ਗਈ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਿਰੰਕਾਰ ਸਰੂਪ ਗੁਰਬਾਣੀ,

**ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥**
**ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ ॥**

*ਸਲੋਕ ਮਹਲਾ ੩, ਪੰਨਾ ੫੧੫*

ਦਾ ਸਤਿਕਾਰ ਕਰਨ ਵਾਸਤੇ ਤਾਕੀਦ ਕੀਤੀ ਅਤੇ ਨਿਰੰਕਾਰ ਸਰੂਪ ਬਾਣੀ ਦਾ ਖੁਦ ਆਪ ਸਤਿਕਾਰ ਕਰਕੇ ਦਰਸਾਇਆ। ਭਾਦਰੋਂ ਸੁਦੀ ਏਕਮ ਸੰਮਤ ੧੬੬੧, (੧੪ ਅਗਸਤ, ੧੬੦੪ ਈ:) ਦਾ ਦਿਨ ਮੁਕੱਰਰ ਕਰਕੇ, ਨਗਰ ਕੀਰਤਨ ਦੇ ਰੂਪ ਵਿੱਚ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਬਾਬਾ ਬੁੱਢਾ ਜੀ ਦੇ ਸੀਸ ਤੇ ਸਸ਼ੋਭਤ ਕਰਕੇ, ਆਪ ਸਾਰੇ ਰਸਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਚੌਰ ਕਰਦੇ ਪੈਦਲ-ਰਾਮਸਰ ਸਾਹਿਬ ਤੋਂ ਚੱਲ ਕੇ ਸ੍ਰੀ ਹਰਿਮੰਦਰ ਸਾਹਿਬ ਪੁੱਜੇ। ਜਿਸ ਜਗ੍ਹਾ ਆਪ ਗੁਰੂ ਅਰਜਨ ਦੇਵ ਜੀ ਗੁਰਤਾ ਗੱਦੀ ਤੇ ਬਿਰਾਜਦੇ ਸਨ ਉਥੇ ਸੋਹਣਾ ਪੀੜ੍ਹਾ ਸਾਹਿਬ ਸਸ਼ੋਭਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾਇਆ। ਪ੍ਰਕਾਸ਼ ਕਰਨ ਦੀ ਸੇਵਾ ਬਾਬਾ ਬੁੱਢਾ ਸਾਹਿਬ ਜੀ ਨੇ ਨਿਭਾਈ। ਪ੍ਰਕਾਸ਼ ਕਰਨ ਉਪ੍ਰੰਤ ਸ਼ਬਦ ਗੁਰੂ ਦਾ ਜੋ ਹੁਕਮ ਪ੍ਰਾਪਤ ਹੋਇਆ ਸੰਗਤਾਂ ਨੇ ਬੜੇ ਪਿਆਰ ਨਾਲ ਸਰਵਣ ਕਰਕੇ ਸੀਸ ਝੁਕਾਇਆ, ਹੁਕਮ ਸੀ :-

**ਸੂਹੀ ਮਹਲਾ ੫ ॥**
**ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥**
**ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥**
**ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥**
**ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥**
**ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥**
**ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥** *ਪੰਨਾ ੭੮੩*

ਇਸ ਸਾਰੀ ਵਾਰਤਾ ਨੂੰ ਗੁਰਬਿਲਾਸ ਪਾਤਸ਼ਾਹੀ ਛੇਵੀਂ ਦੇ ਕਰਤਾ ਨੇ ਹੇਠ ਲਿਖੇ



ਅਨੁਸਾਰ ਵਰਣਨ ਕੀਤਾ ਹੈ :-

**ਬੁੱਢੇ ਕੋ ਸ੍ਰੀ ਗੁਰੂ ਕਹਾ ਸੀਸ ਆਪਨੇ ਧਾਰਿ ॥**
**ਗੁਰੂ ਗ੍ਰਿੰਥ ਅਤਿ ਪ੍ਰੇਮ ਸੋਂ ਮਨ ਮੈ ਸ਼ਾਂਤ ਵਿਚਾਰ ॥ ੨੦ ॥**
**ਚੌਪਈ ॥ ਸਤਿ ਬਚਨ ਬੁੱਢੇ ਮੁਖਿ ਗਾਇ ॥**
**ਗੁਰੂ ਗ੍ਰਿੰਥ ਸਿਰਿ ਲਯੋ ਉਠਾਇ ॥**
**ਸ੍ਰੀ ਗੁਰ ਚੌਰ ਆਪ ਕਰ[੧] ਧਾਰਯੋ ॥**
**ਬਜੇ ਸੰਖ ਧੁਨਿ ਵਾਰ ਨ ਪਾਰਯੋ ॥ ੨੧ ॥**

*ਗੁਰ ਬਿਲਾਸ ਪਾਤਸ਼ਾਹੀ ੬, ਪੰਨਾ ੧੨੧*

**ਤਥਾ—ਦੋਹਰਾ ॥ ਏਕ ਘਰੀ ਨਿਸਿ ਜਬ ਰਹੀ ਸ੍ਰੀ ਗੁਰ ਆਗਯਾ ਪਾਇ ॥**
**ਸਾਹਿਬ ਬੁੱਢੇ ਅਦਬ ਸੋਂ ਖਲੋਯੋ ਗ੍ਰਿੰਥ ਬਨਾਇ ॥ ੨੫ ॥**
**ਆਪਿ ਚੌਰ ਸ੍ਰੀ ਗੁਰੂ ਕਰਤ ਬੁਢੇ ਲਈ ਅਵਾਜ਼ ॥**
**ਏਕ ਚਿਤ ਸੰਗਤਿ ਸੁਨੈ ਸਭਿ ਮਨਿ ਸ਼ਾਂਤ ਬਿਰਾਜ ॥ ੨੬ ॥**

*ਗੁਰ ਬਿਲਾਸ ਪਾਤਸਾਹੀ ੬, ਪੰਨਾ ੧੨੨*

ਗੁਰੂ ਗ੍ਰੰਥ ਸਾਹਿਬ ਜੀ ਤੋਂ ਹੁਕਮ ਲੈਣ ਉਪ੍ਰੰਤ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਗਤਾਂ ਪ੍ਰਤੀ ਬਚਨ ਕੀਤਾ ਕਿ ਇਕੋ ਸਮੇਂ ਹਰੇਕ ਥਾਂ ਤੇ ਸਤਿਗੁਰੂ ਦੇ ਸਰੀਰਕ ਦਰਸ਼ਨ ਨਹੀਂ ਹੋ ਸਕਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੇਰਾ ਹਿਰਦਾ ਹੈ, ਜੋ ਸਾਰੇ ਥਾਵਾਂ ਤੇ ਸਾਰਿਆਂ ਸਮਿਆਂ ਵਿੱਚ ਹਰ ਥਾਂ ਦਰਸ਼ਨ ਅਤੇ ਉਪਦੇਸ਼ ਦੇ ਕੇ ਸੰਗਤਾਂ ਦਾ ਜੁਗਾਂ-ਜੁਗੰਤਰਾਂ ਤੱਕ ਭਲਾ ਕਰਦੇ ਰਹਿਣਗੇ :-

**ਸ੍ਰੀ ਗੁਰੂ ਕੇਰ ਸਰੀਰ ਜਉ ਸਭਿ ਥਾਨ ਸਮੈ ਸਭਿ ਨ ਦਰਸੈ ॥**
**ਗ੍ਰਿੰਥ ਰਿਦਾ ਗੁਰ ਕਾ ਇਹ ਜਾਨਹੁ ਉਤਮ ਹੈ ਸਭ ਕਾਲ ਰਹੈ ॥**

ਅਤੇ ਨਾਲ ਹੀ ਸੰਗਤਾਂ ਨੂੰ ਸੰਬੋਧਨ ਕਰਕੇ ਉਚਾਰਿਆ ਸਾਧ ਸੰਗਤ ਜੀ! ਮੇਰੇ ਸਰੀਰ ਨਾਲੋਂ ਵੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ-ਸਤਿਕਾਰ ਜਿਆਦਾ ਕਰਨਾ ਹੈ ਕਿਉਂਕਿ ਇਹ ਅਕਾਲ ਪੁਰਖ ਦਾ ਰੂਪ ਹੈ:-

**ਮੇਰੇ ਸਰੂਪ ਤੇ ਯਾਤੇ ਹੈ ਦੀਰਘ ॥**
**ਸਾਹਿਬ ਜਾਨਿ ਅਦਾਇਬ ਕੈ ਹੈ ॥** (*ਗੁਰ ਪ੍ਰਤਾਪ ਸੂਰਜ ਗ੍ਰੰਥ*)

ਰਾਤ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖਆਸਨ ਕਰਨ ਸਮੇਂ ਫੁਰਮਾਨ ਕੀਤਾ ਕਿ ਜਿਸ ਕੋਠਰੀ ਵਿੱਚ ਅਸੀਂ ਬਿਸਰਾਮ ਕਰਦੇ ਹਾਂ, ਉਸੇ ਕੋਠਰੀ ਵਿੱਚ ਪਲੰਘ ਉੱਤੇ ਸ੍ਰੀ ਗ੍ਰੰਥ ਸਾਹਿਬ ਜੀ ਦਾ ਸੁਖਆਸਨ ਕਰਨਾ ਹੈ :-

---

੧. *ਹੱਥ*

**ਜਿਸ ਕੋਠਰੀ ਰਹਿਨ ਹਮਾਰਾ ॥**

**ਤਹਾ ਨਿਵਾਸੁ ਕਰਹੁ ਜੁਤਿਮਾਨ ॥**

**ਨਵੀਨ ਪਲੰਘ ਗੁਰ ਅਪਨੋ ਦੀਨੋ ਤਬੈ ਡਸਾਇ ॥**

**ਸੇਜਬੰਦ ਕਸਿ ਪ੍ਰੇਮ ਸੋਂ ਗ੍ਰਿੰਥ ਬਿਸਰਾਮੁ ਕਰਾਇ ॥ ੭੬ ॥**

*ਗੁਰ ਬਿਲਾਸ ਪਾਤਸਾਹੀ ੬, ਪੰਨਾ ੧੨੬*

ਬਾਬਾ ਬੁੱਢਾ ਜੀ ਦੇ ਪੁੱਛਣ ਤੇ ਕਿ ਆਪ ਜੀ ਕਿਸ ਜਗ੍ਹਾ ਬਿਰਾਜੋਗੇ, ਸਤਿਗੁਰੂ ਜੀ ਨੇ ਉੱਤਰ ਦਿੱਤਾ, ਸ੍ਰੀ ਗ੍ਰੰਥ ਜੀ ਦੇ ਪਾਸ ਅਸੀਂ ਧਰਤੀ ਉਤੇ ਵਿਸਰਾਮ ਕਰਾਂਗੇ। ਸੋ ਸਤਿਗੁਰ ਜੀ ਦਾ ਹੁਕਮ ਮੰਨ ਕੇ ਆਪ ਦਾ ਬਿਸਤਰ ਧਰਤੀ ਉੱਪਰ ਕਰ ਦਿੱਤਾ ਗਿਆ। ਸਤਿਗੁਰ ਜੀ ਆਯੂ ਪ੍ਰਯੰਤ, ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਿੱਚ ਭੂਮ ਆਸਣ ਹੀ ਬਿਰਾਜਦੇ ਰਹੇ :-

**ਭੂਮਿ ਸੈਨ ਨਿਤਪ੍ਰਤਿ ਕਰੈਂ ਗੁਰੂ ਗ੍ਰਿੰਥ ਕੇ ਪਾਸਿ ॥**

**ਗੁਰੂ ਗ੍ਰਿੰਥ ਭਗਵੰਤ ਸਮ ਜਾਨੈ ਕਰਿ ਅਰਦਾਸਿ ॥ ੭੭ ॥**

*ਗੁਰ ਬਿਲਾਸ ਪਾਤਸਾਹੀ ੬, ਪੰਨਾ ੧੨੭*

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਧੁਰ ਕੀ ਬਾਨੀ ਦਾ ਆਪ ਖੁਦ ਸਤਿਕਾਰ ਕਰਕੇ ਜਗਿਆਸੂਆਂ ਲਈ ਗੁਰਬਾਨੀ ਦੇ ਸਤਿਕਾਰ ਲਈ ਪੂਰਨੇ ਵਾਹੇ। ਉਪ੍ਰੰਤ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਤਾਂ ਸੰਗਤਾਂ ਨੂੰ ਸਪਸ਼ਟ ਹੁਕਮ ਕਰ ਦਿੱਤਾ ਸੀ :-

**ਜਿਨ ਭੈ ਬਾਨੀ ਅਦਬ ਨ ਧਾਰਾ ॥**

**ਜਾਨਹੁ ਸੋ ਸਿਖ ਨਹੀਂ ਹਮਾਰਾ ॥**

ਆਪ ਦਾ ਹੁਕਮ ਸੀ ਕਿ ਬਾਨੀ ਅਨ-ਭੈਅ ਦੇਸ਼ ਦੀ ਹੈ। ਇਹ ਬਾਨੀ ਗੁਰੂ ਦਾ ਅਨੁਭਵ ਹੈ, ਗੁਰੂ ਦਾ ਹਿਰਦਾ ਹੈ, ਇਸਦਾ ਅਦਬ ਕਰਨਾ ਅਤਿ ਜਰੂਰੀ ਹੈ। ਗੁਰਬਾਨੀ ਸੰਸਾਰ ਭਵਜਲ ਵਿੱਚੋਂ ਪਾਰ ਕਰਨ ਲਈ ਜਹਾਜ਼ ਹੈ:-

**ਜੋ ਸਿਖ ਗੁਰਬਾਨੀ ਭੈ ਕਰੈ ॥ ਬਿਨ ਪ੍ਰਯਾਸ ਭਵ ਸਾਗਰ ਤਰੈ ॥**

ਅਦਬ ਸਤਿਕਾਰ ਦਾ ਰਸਤਾ ਹੀ ਪ੍ਰਭੂ ਦਰ ਤੱਕ ਪਹੁੰਚਾਉਂਦਾ ਹੈ। ਕਾਰਨ ਕਾਰਜ ਦੀ ਇਹ ਸੰਗਲੀ ਹੈ। ਭੈ ਬਿਨਾਂ ਭਗਤੀ ਨਹੀਂ ਹੋ ਸਕਦੀ, ਭਗਤੀ ਬਿਨਾਂ ਗਿਆਨ ਸੰਭਵ ਨਹੀਂ, ਗਿਆਨ ਬਿਨਾਂ ਮੁਕਤੀ ਨਹੀਂ, ਮੁਕਤੀ ਬਿਨਾਂ ਅਨੰਦ ਨਹੀਂ, ਅਨੰਦ ਬਿਨਾਂ ਪ੍ਰਭੂ ਰਸ ਪ੍ਰਾਪਤ ਨਹੀਂ ਹੋ ਸਕਦਾ। ਆਪ ਦਾ ਬਚਨ ਸੀ :-



**ਜੇਤਾ ਅਦਬ ਕਰੀਏ ਉਹ ਥੋੜਾ ਹੈ ॥**

**ਇਹ ਨਿਜ ਸਰੂਪ ਹੈ ॥ ਇਸਨੂੰ ਜਾਨਣ ਵਾਲਾ ਮੇਰੇ ਪਦ ਨੂੰ ਪ੍ਰਾਪਤ ਹੋਵੇਗਾ ॥**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਨਾਂਦੇੜ (ਸਚਖੰਡ ਹਜ਼ੂਰ ਸਾਹਿਬ) ਵਿਖੇ 7 ਅਕਤੂਬਰ 1708 ਈ: ਵਾਲੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾ ਕੇ ਸਮੂਹ ਸੰਗਤਾਂ ਨੂੰ ਇੱਕਤਰਤ ਕਰ, ਭਰੇ ਦੀਵਾਨ ਵਿੱਚ ਗੁਰਤਾ ਗੱਦੀ ਦੀ ਰਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਰਦੇ ਹੋਏ, ਪੰਜ ਪੈਸੇ ਅਤੇ ਨਾਰੀਅਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਰੱਖ ਕੇ ਮੱਥਾ ਟੇਕ, ਤਿੰਨ ਪ੍ਰਕਰਮਾਂ ਕਰ, ਆਪਣੀ ਆਤਮਿਕ ਜੋਤ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਮੋ ਦਿੱਤੀ ਅਤੇ ਸਮੂਹ ਸੰਗਤਾਂ ਪ੍ਰਤੀ ਹੁਕਮ ਕੀਤਾ ਕਿ ਖ਼ਾਲਸਾ ਜੀ !

**ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ ॥**

**ਸਬ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥**

**ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ ॥**

**ਜੋ ਪ੍ਰਭ ਕੋ ਮਿਲਬੋ ਚਹੇ ਖੋਜ ਸਬਦ ਮੈਂ ਲੇਹ ॥**

**ਸਬ ਗੁਰੂ ਪਰਗਟ ਭਏ ਪੂਰਨ ਹਰਿ ਅਵਤਾਰ ॥**

**ਜਗਮਗ ਜੋਤ ਬਿਰਾਜਹੀ ਸ੍ਰੀ ਗੁਰੂ ਗ੍ਰੰਥ ਮਝਾਰ ॥**

**ਜੋ ਦਰਸਯੋ ਚਹਿ ਗੁਰੂ ਕੋ ਸੋ ਦਰਸੈ ਗੁਰੂ ਗ੍ਰੰਥ ॥**

**ਪਢੈ ਸੁਨੈ ਸ੍ਵਾਰਥ ਲਹੈ ਪਰਮਾਰਥ ਕੋ ਪੰਥ ॥**

**ਵਾਹਿਗੁਰੂ ਗੁਰੂ ਗ੍ਰੰਥ ਜੀ ਊਭੈ ਜਹਾਜ ਉਦਾਰ ॥**

**ਜੋ ਸਰਧਾ ਕਰ ਸੇਵਹੈ ਸੋ ਉਤਰੈ ਭਵ ਪਾਰ ॥ ੧੧ ॥**

*ਪੰਥ ਪ੍ਰਕਾਸ਼ ਗਿ. ਗਿਆਨ ਸਿੰਘ ਭਾਸ਼ਾ ਵਿਭਾਗ ਪੰਨਾ ੩੫੩*

**ਮਮ ਆਗਿਆ ਸਬ ਹੀ ਸੁਨੋ ਸਤਿ ਬਾਤ ਨਿਰਧਾਰ ॥**

**ਗੁਰੂ ਗ੍ਰੰਥ ਸਮ ਮਾਨਿਓ ਭੇਦ ਨ ਕੋਊ ਬਿਚਾਰ ॥ ੪੦੯ ॥**

**ਗੁਰੂ ਗ੍ਰੰਥ ਕਲਜੁਗ ਭਯੋ ਸ੍ਰੀ ਗੁਰੂ ਰੂਪ ਸਮਾਨ ॥**

**ਦਸ ਪਾਤਸ਼ਾਹੀਆ ਰੂਪ ਇਹ ਗੁਰੂ ਗ੍ਰੰਥ ਜੀ ਜਾਨ ॥ ੪੧੨ ॥**

**ਗੁਰੂ ਦਰਸ ਜਿਹ ਦੇਖਣਾ ਸ੍ਰੀ ਗ੍ਰੰਥ ਦਰਸਾਇ ॥**

**ਬਾਤ ਕਰਨ ਗੁਰੂ ਜੋ ਚਹੇ ਪੜ੍ਹੇ ਗ੍ਰੰਥ ਮਨ ਜਾਇ ॥ ੪੧੩ ॥**

ਭਾਈ ਨੰਦ ਲਾਲ ਜੀ ਨੇ ਕਲਗੀਧਰ ਪਾਤਸ਼ਾਹ ਜੀ ਨੂੰ ਹਜੂਰ ਦੇ ਦਰਸ਼ਨਾਂ ਬਾਰੇ ਪੁਛਿਆ ਕਿ ਹੇ ਪਾਤਸ਼ਾਹ ! ਆਪ ਜੀ ਦੇ ਪਾਵਨ ਸਰੂਪ ਦੇ ਕਿਸ ਤਰ੍ਹਾਂ ਦਰਸ਼ਨ

ਹੋਇਆ ਕਰਨਗੇ ਤਾਂ ਸਤਿਗੁਰਾਂ ਬਚਨ ਕੀਤਾ ਕਿ ਨੰਦ ਲਾਲ ਜੀ !

**ਸ੍ਰੀ ਗੁਰੂ ਵਾਚ**

**ਤੀਨ ਰੂਪ ਹੈ ਮੋਹਿ ਕੇ ਸੁਣਹੁ ਨੰਦ ਚਿਤ ਲਾਇ ॥**
**ਨਿਰਗੁਣ ਸਰਗੁਨ ਗੁਰਸ਼ਬਦ ਕਹੋ ਤੋਹਿ ਸਮਝਾਇ ॥੧੦॥**

**ਚੌਪਈ**

**ਏਕ ਰੂਪ ਤਿਹ[1] ਗੁਣ ਤੇ ਪਰੈ ॥**
**ਨੇਤ ਨੇਤ ਜਿਹ ਨਿਗਮ[2] ਉਚਰੈ ॥੧੧॥**
**ਘਟਿ ਘਟਿ ਬਿਆਪਕ ਅੰਤਰਜਾਮੀ ॥**
**ਪੂਰ ਰਹਿਓ ਜਿਉ ਜਲ ਘਟ ਭਾਨੀ[3] ॥੧੨॥**
**ਦੂਸਰ ਰੂਪ ਗ੍ਰੰਥ ਜੀ ਜਾਨਹੁ ॥**
**ਉਨ ਕੇ ਅੰਗ ਮੇਰੇ ਕਰਿ ਮਾਨਹੁ ॥੧੩॥**
**ਜੋ ਸਿਖ ਮਮ ਦਰਸ਼ਨ ਕੀ ਚਾਹਿ ॥**
**ਦਰਸ਼ਨ ਕਰੈ ਗ੍ਰੰਥ ਜੀ ਆਹਿ ॥੧੮॥**
**ਜੋ ਮੁਝ ਬਚਨ ਸੁਣਨ ਕੀ ਚਾਹਿ ॥**
**ਗ੍ਰੰਥ ਜੀ ਪੜੈ ਸੁਨੇ ਚਿਤ ਲਾਇ ॥੧੯॥**
**ਮੇਰਾ ਰੂਪ ਗ੍ਰੰਥ ਜੀ ਜਾਨ ॥**
**ਇਨ ਮੇ ਭੇਦ ਨ ਰੰਚਕ ਮਾਨ ॥ ੨੦ ॥**

**ਤੀਸਰ ਰੂਪ ਸਿਖ ਹੈ ਮੋਰ ॥**
**ਗੁਰਬਾਣੀ ਰਤਿ ਜਿਹ ਨਿਸ ਭੋਰ ॥ ੨੧ ॥**
**ਵਿਸਾਹੁ ਪ੍ਰੀਤਿ ਗੁਰਸਬਦ ਜੁ ਧਰੈ**
**ਗੁਰ ਕਾ ਦਰਸਨ ਨਿਤ ਉਠ ਕਰੈ ॥੨੨॥**
**ਗਿਆਨ ਸ਼ਬਦ ਗੁਰੂ ਸੁਣੇ ਸੁਣਾਇ**
**ਜਪੁ ਜੀ ਜਾਪੁ ਪੜ੍ਹੇ ਚਿੱਤ ਲਾਇ ॥੨੩॥**
**ਗੁਰੁ ਦੁਆਰ ਕਾ ਦਰਸ਼ਨ ਕਰੈ ॥**

*੧. ਤਿੰਨਾਂ ਗੁਣਾਂ ਰਜੋ, ਤਮੋ, ਸਤੋ ਤੋਂ ਪਰੇ, ੨. ਜਿਸਨੂੰ ਬੇਦ ਵੀ ਨੇਤੀ ਨੇਤੀ (ਬੇਅੰਤ-ਬੇਅੰਤ) ਕਹਿੰਦੇ ਹਨ। ੩. ਸੂਰਜ*



**ਪਰ ਦਾਰਾ[1] ਕਾ ਤਿਆਗ ਜੋ ਕਰੈ ॥ ੨੪ ॥**
**ਗੁਰਸਿਖ ਸੇਵਾ ਕਰੇ ਚਿਤ ਲਾਇ ॥**
**ਆਪਾ ਮਨ ਕਾ ਸਗਲ ਮਿਟਾਇ ॥ ੨੫ ॥**
**ਇਨ ਕਰਮਨ ਮੇ ਜੋ ਪਰਧਾਨ ॥**
**ਸੋ ਸਿਖ ਰੂਪ ਮੇਰਾ ਪਹਿਚਾਨ ॥ ੨੬ ॥**

ਸਤਿਗੁਰ ਜੀ ਨੇ ਸਦਾ ਵਾਸਤੇ ਆਪਣੀ ਆਤਮਾਂ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅਤੇ ਸਰੀਰ ਪੰਥ ਵਿੱਚ ਸਮੋ ਦਿੱਤਾ।

ਪਿਛਲੇਰੇ ਪੰਨਿਆਂ ਵਿੱਚ ਆਪਾਂ ਪੜ੍ਹ ਚੁੱਕੇ ਹਾਂ, ਕਿ ਕਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖੁਦ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਤਿਕਾਰ ਕੀਤਾ ਅਤੇ ਸੰਗਤਾਂ ਨੂੰ ਸੰਬੋਧਨ ਕਰਕੇ ਫੁਰਮਾਨ ਕੀਤਾ, ਸਾਧ ਸੰਗਤ ਜੀ! ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੇਰੇ ਸਰੀਰ ਨਾਲੋਂ ਵੀ ਵਧੇਰੇ ਸਨਮਾਨ ਅਤੇ ਸਤਿਕਾਰ ਕਰਨਾ ਹੈ, ਕਿਉਂਕਿ, ਸ੍ਰੀ ਗੁਰੂ ਗ੍ਰੰਥ ਸਾਹਿਬ ਨਿਰੋਲ ਅਕਾਲ ਪੁਰਖ ਦਾ ਗਿਆਨ ਹੈ। ਇਹ ਸਾਡਾ ਹਿਰਦਾ ਹੈ।

**ਗ੍ਰੰਥ ਰਿਦਾ ਗੁਰ ਕਾ ਇਹ ਜਾਨਹੁ ਉਤਮ ਹੈ ਸਭ ਕਾਲ ਕਹੈ ਹੈ।**

ਇਸ ਲਈ — **ਮੇਰੇ ਸਰੂਪ ਤੇ ਯਾਤੇ ਹੈ ਦੀਰਘ ॥**
**ਸਾਹਿਬ ਜਾਨਿ ਅਦਾਇਬ ਕੈ ਹੈ.। ਗੁ.ਸੂ : ਗ੍ਰੰਥ**

ਗੁਰਬਾਣੀ ਦੇ ਅਦਬ-ਸਤਿਕਾਰ ਦੇ ਪੂਰਨੇ ਪਾਉਣ ਹਿੱਤ ਹੀ ਆਪ ਜੀ ਸਾਰੀ ਆਯੂ

**[2]ਭੂਮਿ ਸੈਨ ਨਿਤਪ੍ਰਤਿ ਕਰੈ ਗੁਰੂ ਗ੍ਰੰਥ ਕੇ ਪਾਸਿ**
**ਗੁਰੂ ਗ੍ਰੰਥ ਭਗਵੰਤ ਸਮੁ ਜਾਨੈ ਕਰਿ ਅਰਦਾਸ ॥ ਗੁਰਬਿਲਾਸ ਮ : ੬**

ਦੇ ਨੇਮ ਨੂੰ ਨਿਭਾਉਂਦੇ ਰਹੇ। ਸਤਿਗੁਰੂ ਹਰਿਰਾਇ ਸਾਹਿਬ ਜੀ ਦੇ ਬਚਨ ਵੀ ਅਸੀਂ ਪੜ੍ਹੇ ਹਨ ਕਿ

**ਜਿਨ ਭੈ ਬਾਣੀ ਅਦਬ ਨ ਧਾਰਾ।**
**ਜਾਣਹੁ ਸੋ ਸਿਖ ਨਹੀਂ ਹਮਾਰਾ॥**

*੧. ਪਰਾਈ ਇਸਤ੍ਰੀ ੨. ਧਰਤੀ ਉੱਪਰ*

ਕਲਗੀਧਰ ਪਾਤਸ਼ਾਹ ਜੀ ਨੇ ਤਾਂ ਗੁਰਤਾਗੱਦੀ ਦੇਣ ਦੀ ਮਰਯਾਦਾ ਨੂੰ ਅਪਣਾ ਕੇ, ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੀ ਨਿਰੰਜਨੀ ਜੋਤ ਸ਼ਬਦ ਗੁਰੂ ਵਿੱਚ ਬਿਰਾਜਮਾਨ ਕਰਕੇ ਸਭ ਸਿੱਖ ਸੰਗਤਾਂ ਨੂੰ ਹੁਕਮ ਕਰ ਦਿੱਤਾ —

**ਗੁਰੂ ਗ੍ਰੰਥ ਕਲਜੁਗ ਭਯੋ ਸ੍ਰੀ ਗੁਰੂ ਰੂਪ ਸਮਾਨ ॥**
**ਦਸ ਪਾਤਸ਼ਾਹੀਆਂ ਰੂਪ ਇਹ ਗੁਰੂ ਗ੍ਰੰਥ ਜੀ ਜਾਨ ॥**

ਅੱਜ ਸਾਨੂੰ ਸਾਰਿਆਂ ਨੂੰ ਸੋਚ-ਵਿਚਾਰ ਕਰਕੇ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ। ਜੇ ਅਸੀਂ ਸਤਿਗੁਰਾਂ ਦੇ ਪਾਏ ਪੂਰਨਿਆਂ ਅਤੇ ਗੁਰੂ ਹੁਕਮ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਤਿਕਾਰ ਕਰਦੇ ਹਾਂ, ਤੱਦ ਜ਼ਰੂਰ ਗੁਰੂ ਖੁਸ਼ੀ ਦੇ ਪਾਤਰ ਬਣ ਜਾਵਾਂਗੇ। ਜੇ ਗੁਰੂ ਸਤਿਕਾਰ ਵਿੱਚ ਕਮੀ-ਪੇਛੀ ਹੈ, ਤੱਦ ਸਾਨੂੰ ਸਾਰਿਆਂ ਨੂੰ ਆਪਣੇ ਹੀ ਭਲੇ ਵਾਸਤੇ, ਆਪਣੇ ਵਿੱਤ ਅਨੁਸਾਰ ਵੱਧ ਤੋਂ ਵੱਧ ਅਦਬ ਸਤਿਕਾਰ ਕਰਨ ਵਾਸਤੇ ਯਤਨਸ਼ੀਲ ਹੋ ਜਾਣਾ ਚਾਹੀਦਾ ਹੈ। ਕਿਉਂ ਕਿ ਅੱਜ ਸਿੱਖ ਜਗਿਆਸੂਆਂ ਦੀ ਗੁਰੂ ਪ੍ਰਤੀ ਭਾਵਨੀ ਅਤੇ ਨਿਸ਼ਚੇ ਨੂੰ ਕਮਜ਼ੋਰ ਕਰਨ ਹਿੱਤ ਕੁਝ ਇੱਕ ਲੋਕ ਅਖੌਤੀ ਤੱਤ ਗੁਰਮੱਤ ਦੇ ਲੇਬਲ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਾਣ ਸਤਿਕਾਰ ਦੀ ਹਰ ਮਰਯਾਦਾ ਨੂੰ ਬਿਪਰਨ ਕੀ ਰੀਤ ਦਰਸਾ-ਦਰਸਾ ਕੇ, ਖੰਡਨ ਕਰਨ ਲਈ ਯਤਨਸ਼ੀਲ ਹਨ। ਇਸ ਲਈ ਹਰ ਗੁਰ ਸਿੱਖ ਨੂੰ, ਗੁਰੂ-ਪੂਰਨਿਆਂ, ਗੁਰੂ ਹੁਕਮਾਂ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸੁਚੇਤ ਹੋ ਕੇ ਤਖਤ, ਚਵਰ, ਛਤਰ ਦੇ ਮਾਲਕ ਗੁਰਤਾ ਗੱਦੀ ਉੱਪਰ ਬਿਰਾਜਮਾਨ ਜੁਗੋ-ਜੁਗ ਅਟੱਲ "ਸ਼ਬਦ ਗੁਰੂ" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵੱਧ ਤੋਂ ਵੱਧ ਸਤਿਕਾਰ ਕਰਕੇ ਆਤਮਿਕ ਲਾਹਾ ਪ੍ਰਾਪਤ ਕਰਨਾ ਚਾਹੀਦਾ ਹੈ।

❑❑❑



# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਤੇ ਸੁਖਆਸਣ ਕਰਨ ਸੰਬੰਧੀ ਕੁਝ ਬੇਨਤੀਆਂ

ਜਿਸ ਜਗ੍ਹਾ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ ਹੋਵੇ, ਉਸ ਜਗ੍ਹਾ ਹਰ ਤਰ੍ਹਾਂ ਦੀ ਸਫਾਈ ਕਰਕੇ ਸੁੰਦਰ ਪੜਦੇ ਲਾ ਕੇ ਪੰਡਾਲ ਬਣਾਇਆ ਜਾਵੇ। ਪੰਡਾਲ ਦੇ ਅੰਦਰ ਜਿੱਥੇ ਸਤਿਗੁਰੂ ਜੀ ਦਾ ਪ੍ਰਕਾਸ਼ ਕਰਨਾ ਹੋਵੇ ਉਸ ਜਗ੍ਹਾ ਸੁੰਦਰ ਚੰਦੋਆ ਸਜਾਉਣਾ ਜਰੂਰੀ ਹੈ। ਚੰਦੋਏ ਦੇ ਹੇਠ ਮੌਕੇ ਅਨੁਸਾਰ ਉੱਚੀ ਜਗ੍ਹਾ ਤਖਤ ਪੋਸ਼ ਰੱਖ ਕੇ ਤਖਤਪੋਸ਼ ਦੇ ਉੱਪਰ ਸੁੰਦਰ ਵਿਛਾਈ ਕਰ. ਤਖਤਪੋਸ਼ ਉੱਤੇ ਮੰਜੀ ਾਹਿਬ ਟਿਕਾ ਕੇ ਅੱਗੇ ਸੁੰਦਰ ਦਰਸ਼ਣੀ ਰੁਮਾਲੇ ਸਜਾਏ ਜਾਣ। ਮੰਜੀ ਸਾਹਿਬ ਉੱਪਰ ਵੀ ਤੁਲਾਈ ਜਾਂ ਛੋਟਾ ਗੱਦਾ ਵਿਛਾ ਕੇ ਸਿਰਹਾਣੇ ਰੱਖ, ਉੱਪਰ ਸਫੈਦ ਰੁਮਾਲਾ ਸਜਾ ਕੇ ਗੁਰੂ ਮਹਾਰਾਜ ਜੀ ਦੇ ਪ੍ਰਕਾਸ਼ ਲਈ ਤਿਆਰੀ ਕਰਨੀ ਚਾਹੀਦੀ ਹੈ। ਪੰਡਾਲ ਦੇ ਵਾਤਾਵਰਣ ਨੂੰ ਸੁਗੰਧਤ ਕਰਨ ਲਈ ਅਗਰਬੱਤੀ ਜਾਂ ਸੈਂਟ ਦੀ ਵਰਤੋਂ ਜਰੂਰ ਕਰ ਲੈਣੀ ਜਰੂਰੀ ਹੈ। ਸਾਰੀ ਤਿਆਰੀ ਹੋ ਜਾਣ ਉਪ੍ਰੰਤ ਘੱਟੋ-ਘੱਟ ਪੰਜ ਸਿੰਘ ਜਾਂ ਵਧੀਕ ਗੁਰੂ ਪਿਆਰੇ ਗੁਰੂ ਚਰਨਾਂ ਵਿੱਚ ਅਰਦਾਸ ਕਰਕੇ ਸਤਿਗੁਰੂ ਜੀ ਦਾ ਸਰੂਪ ਬੜੇ ਅਦਬ ਸਤਿਕਾਰ ਨਾਲ ਗੁਰਮੰਤ੍ਰ ਦਾ ਜਾਪ ਕਰਦੇ ਜਾਂ ਸ਼ਬਦ ਪੜ੍ਹਦੇ ਸੀਸ ਉੱਪਰ ਸਸ਼ੋਭਿਤ ਕਰਕੇ, ਪ੍ਰਕਾਸ਼ ਅਸਥਾਨ ਉੱਪਰ ਲੈ ਆਉਣ। ਗੁਰੂ ਮਹਾਂਰਾਜ ਜੀ ਦੇ ਸਤਿਕਾਰ ਹਿੱਤ ਪੰਡਾਲ ਵਿੱਚ ਪਹਿਲਾਂ ਬੈਠੀ ਸਾਰੀ ਸੰਗਤ ਨੂੰ ਉਠ ਕੇ ਖਲੋ ਜਾਣਾ ਚਾਹੀਦਾ ਹੈ ਅਤੇ ਦੋਵੇਂ ਹੱਥ ਜੋੜ ਕੇ ਉਨ੍ਹਾਂ ਚਿਰ ਅਦਬ ਸਤਿਕਾਰ ਸਹਿਤ ਖੜੇ ਰਹਿਣਾ ਚਾਹੀਦਾ ਹੈ, ਜਿੰਨਾਂ ਚਿਰ ਸਤਿਗੁਰੂ ਜੀ ਦਾ ਪ੍ਰਕਾਸ਼ ਨਹੀਂ ਹੋ ਜਾਂਦਾ। ਇੱਧਰ ਗ੍ਰੰਥੀ ਸਿੰਘ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਜੀ ਸਾਹਿਬ ਉੱਪਰ ਸਸ਼ੋਭਿਤ ਕਰਕੇ ਗੁਰੂ ਉਸਤਤ ਅਤੇ ਦਰਸ਼ਣ-ਤਾਂਘ ਦੇ ਸ਼ਬਦ ਪੜ੍ਹਦਾ ਪਿਆਰ, ਸਤਿਕਾਰ ਅਤੇ ਧੀਰਜ ਦੇ ਨਾਲ ਸੁਖਆਸਣ ਵਾਲੇ ਰੁਮਾਲੇ ਵਾਰੀ ਵਾਰੀ ਉਤਾਰੇ ਅਤੇ ਪ੍ਰਕਾਸ਼ ਕਰੇ। ਪ੍ਰਕਾਸ਼ ਹੋ ਜਾਣ ਉਪ੍ਰੰਤ ਸਾਰੀ ਸੰਗਤ ਮੁੜ ਸਤਿਗੁਰੂ ਜੀ ਨੂੰ ਮੱਥਾ ਟੇਕ ਕੇ ਆਪੋ ਆਪਣੀ ਜਗ੍ਹਾ ਸਜ ਜਾਵੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਸਮੇਂ ਗ੍ਰੰਥੀ ਸਿੰਘ ਨੂੰ ਜਿਲਦ ਵਾਲਾ ਵਧਿਆ ਹੋਇਆ ਰੈਕਸੀਅਨ, ਜਿਸ ਨੂੰ ਜਿਲਦ ਸਾਜ ਲੱਪਕੀ ਬੋਲਦੇ ਹਨ, ਉਹ ਹਮੇਸ਼ਾਂ ਬਾਹਰ ਰੱਖਣਾ ਚਾਹੀਦਾ ਹੈ। ਕਿਉਂ ਕਿ ਬਾਰ ਬਾਰ ਗੁਰੂ ਮਹਾਰਾਜ ਜੀ ਦੇ ਹੇਠ ਦੇਣ ਨਾਲ ਲੱਪਕੀ ਦੇ ਜੋੜ ਵਿੱਚ ਭੰਨ ਪੈ ਕੇ ਰੈਕਸੀਅਨ ਫੱਟ ਜਾਂਦੀ ਹੈ। ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਉਪ੍ਰੰਤ ਦੋਹਰੀਆਂ ਪਲਕਾਂ

ਅਤੇ ਸੁੰਦਰ ਰੁਮਾਲੇ ਸਜਾਏ ਜਾਣ।

ਸਤਿਗੁਰੂ ਜੀ ਦੇ ਪ੍ਰਕਾਸ਼ ਦਾ ਸਾਰਾ ਕਾਰਜ ਸੰਪੂਰਨ ਹੋ ਜਾਣ ਉਪ੍ਰੰਤ, ਥੋੜਾ ਸਮਾਂ ਗ੍ਰੰਥੀ ਸਿੰਘ ਚੌਰ ਕਰੇ ਅਤੇ ਨਾਲ ਹੀ ਦਰਸ਼ਨ ਪ੍ਰਾਪਤੀ ਜਾਂ ਗੁਰੂ ਉਸਤਤ ਦਾ ਸ਼ਬਦ ਉਚਾਰਨ ਕਰਕੇ ਬੜੇ ਧੀਰਜ ਅਤੇ ਸ਼ਾਂਤੀ ਨਾਲ ਚੌਰ ਰੱਖ ਕੇ ਰੁਮਾਲਿਆਂ ਨੂੰ ਸਤਿਗੁਰਾਂ ਦੇ ਸਰੂਪ ਤੋਂ ਉਤਾਰੇ ਅਤੇ ਸਤਿਗੁਰਾਂ ਦੇ ਸਮੇਂ ਤੋਂ ਚੱਲੀ ਆ ਰਹੀ ਪੰਥਕ ਮਰਯਾਦਾ ਅਨੁਸਾਰ ਖੱਬੇ ਪੰਨੇ ਦੇ ਉੱਪਰੋਂ, ਜੇ ਸ਼ਬਦ ਪਿੱਛੋਂ ਚਲਦਾ ਆ ਰਿਹਾ ਹੋਵੇ ਤਾਂ ਪੰਨਾ ਪਰਤ ਕੇ ਜਿੱਥੋਂ ਸ਼ਬਦ ਸ਼ੁਰੂ ਹੁੰਦਾ ਹੈ ਉਸ ਜਗ੍ਹਾ ਤੋਂ ਬੜੇ ਪਿਆਰ ਅਤੇ ਸਹਿਜ ਵਿੱਚ [੧]"ਹੁਕਮਨਾਮਾ" ਸੰਗਤਾਂ ਨੂੰ ਸ੍ਰਵਣ ਕਰਾਵੇ। ਸੰਗਤਾਂ ਨੂੰ ਵੀ ਪਿਆਰ ਅਤੇ ਭਾਵਨੀ ਨਾਲ ਇਕਾਗਰ ਚਿੱਤ ਹੋ ਕੇ ਗੁਰੂ ਹੁਕਮ ਸੁਣਨਾ ਚਾਹੀਦਾ ਹੈ। ਗ੍ਰੰਥੀ ਸਿੰਘ ਦੇ ਹੁਕਮਨਾਮਾ ਸ੍ਰਵਣ ਕਰਾਉਂਦੇ ਸਮੇਂ ਸੰਗਤ ਵਿੱਚ ਕੋਈ ਪ੍ਰੇਮੀ ਆਪਸੀ ਗੱਲਾਂ ਨਾ ਕਰਨ ਅਤੇ ਨਾ ਹੀ ਕੋਈ ਗ੍ਰੰਥੀ ਸਿੰਘ ਦੇ ਨਾਲ-ਨਾਲ ਹੁਕਮਨਾਮੇ ਦਾ ਉਚਾਰਨ ਹੀ ਕਰੇ। ਆਮ ਵੇਖਣ ਵਿੱਚ ਆਇਆ ਹੈ ਜਿੰਨ੍ਹਾਂ ਗੁਰਮੁਖਾਂ ਨੂੰ ਹੁਕਮਨਾਮੇ ਵਾਲਾ ਸ਼ਬਦ ਯਾਦ ਹੁੰਦਾ ਹੈ, ਉਹ ਗ੍ਰੰਥੀ ਸਿੰਘ ਦੇ ਨਾਲ-ਨਾਲ ਆਪੋ ਆਪਣੀ ਜਗ੍ਹਾ ਬੈਠੇ ਉੱਚੀ-ਉੱਚੀ ਹੁਕਮਨਾਮੇ ਦੀਆਂ ਪੰਗਤੀਆਂ ਉਚਾਰਨ ਕਰਨ ਲੱਗ ਜਾਂਦੇ ਹਨ, ਜਿਸ ਕਾਰਣ ਸੰਗਤ ਵਿੱਚ ਬੇ ਰਸੀ ਪੈਦਾ ਹੋ ਜਾਂਦੀ ਹੈ। ਹੁਕਮਨਾਮੇ ਦਾ ਭਾਵੇਂ ਸਾਰਾ ਸ਼ਬਦ ਯਾਦ ਹੋਵੇ, ਗ੍ਰੰਥੀ ਸਿੰਘ ਦੇ ਨਾਲ-ਨਾਲ ਨਹੀਂ ਪੜ੍ਹਨਾ ਚਾਹੀਦਾ, ਹੁਕਮਨਾਮੇ ਨੂੰ ਕੇਵਲ ਸੁਣਨਾ ਹੀ ਚਾਹੀਦਾ ਹੈ। ਕਈ ਪ੍ਰੇਮੀ ਅਨਜਾਣ ਪੁਣੇ ਵਿੱਚ ਜਿਸ ਵੇਲੇ ਗ੍ਰੰਥੀ ਸਿੰਘ ਸੰਗਤਾਂ ਨੂੰ ਹੁਕਮਨਾਮਾ ਸ੍ਰਵਣ ਕਰਾਉਣਾ ਸ਼ੁਰੂ ਕਰਦਾ ਹੈ, ਤੱਦ ਉਹ ਗੁਰੂ ਪਿਆਰੇ ਉੱਚੀ-ਉੱਚੀ ਵਾਹਿਗੁਰੂ-ਵਾਹਿਗੁਰੂ ਇਸ ਤਰਜ ਨਾਲ ਕਰਨ ਲੱਗ ਜਾਂਦੇ ਹਨ, ਜਿਵੇਂ ਕੋਈ ਬਹੁਤ ਵੱਡਾ ਅਨਰਥ ਹੋਣ ਲੱਗਾ ਹੋਵੇ। ਇਸ ਤਰ੍ਹਾਂ ਕਰਨਾ ਬਿਲਕੁਲ ਮਨਮੱਤ ਹੈ। ਹੁਕਮਨਾਮਾ ਸੰਪੂਰਣ ਹੋਣ ਉਪ੍ਰੰਤ ਗ੍ਰੰਥੀ ਸਿੰਘ *ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ,* ਬੁਲਾ ਕੇ ਸਤਿਗੁਰਾਂ ਦੇ ਸਰੂਪ ਉੱਪਰ ਰੁਮਾਲਾ ਦੇ ਦੇਵੇ।

ਜਿਸ ਕਿਸੇ ਗੁਰੂ ਪਿਆਰੇ ਨੇ ਗੁਰਦੁਆਰਾ ਸਾਹਿਬ ਜਾਂ ਜਿੱਥੇ ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਹੋਵੇ ਦਰਸ਼ਨ ਕਰਕੇ ਹੁਕਮਨਾਮਾ ਲੈਣਾ ਹੋਵੇ, ਉਸ ਨੂੰ ਸਤਿਗੁਰਾਂ ਦੀ ਹਜੂਰੀ ਵਿੱਚ ਜਾਣ ਤੋਂ ਪਹਿਲਾਂ ਪੰਜ ਇਸ਼ਨਾਨਾ ਕਰਕੇ ਹੱਥਾਂ ਪੈਰਾਂ ਦੀ ਪਵਿਤ੍ਰਤਾ ਕਰ ਲੈਣੀ ਚਾਹੀਦੀ ਹੈ। ਉਪ੍ਰੰਤ ਸਤਿਗੁਰਾਂ ਅੱਗੇ ਜਥਾ-ਸ਼ਕਤ ਭੇਟਾ ਰੱਖ ਕੇ ਤਾਬਿਆ

---

*੧. ਹੁਕਮਨਾਮੇ ਦੀ ਸਮਾਪਤੀ ਜਿੱਥੇ ਨਾਨਕ ਨਾਮ ਜਾਂ ਜਿਸ ਭਗਤ ਸਾਹਿਬ ਦੀ ਬਾਣੀ ਵਿੱਚੋਂ ਹੁਕਮਨਾਮਾ ਆਇਆ ਹੋਵੇ ਉਸ ਦੇ ਨਾਮ ਆਉਣ ਤੇ ਸਮਾਪਤੀ ਕਰਨੀ ਚਾਹੀਦੀ ਹੈ। ਜੇ ਵਾਰਾਂ ਵਿੱਚੋਂ ਹੁਕਮਨਾਮਾ ਆ ਜਾਵੇ ਤੱਦ ਸਲੋਕਾਂ ਦੇ ਨਾਲ ਪਉੜੀ ਦਾ ਪੂਰਾ ਪਾਠ ਕਰਕੇ ਹੁਕਮਨਾਮੇ ਦੀ ਸਮਾਪਤੀ ਕਰਨੀ ਚਾਹੀਏ।*



ਸਜ, ਚੌਰ ਕਰਦੇ ਕੁਝ ਸਮਾਂ ਮੂਲਮੰਤ੍ਰ ਅਤੇ ਗੁਰਮੰਤ੍ਰ ਦਾ ਜਾਪ ਜਰੂਰ ਕਰਨਾ ਚਾਹੀਦਾ ਹੈ। ਉਪ੍ਰੰਤ ਦਰਸ਼ਨਾਂ ਦੀ ਸਿੱਕ ਜਾਂ ਗੁਰੂ ਉਸਤਤ ਦਾ ਸ਼ਬਦ ਪੜ੍ਹਦੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਰੁਮਾਲਾ ਉਤਾਰ ਕੇ, ਖੱਬੇ ਜਾਂ ਸੱਜੇ ਪਾਸੇ ਤੋਂ ਥੋੜ੍ਹੇ ਪੱਤਰੇ ਪਰਤ ਕੇ, ਮੁੜ ਖੱਬੇ ਪੰਨੇ ਦੇ ਉੱਪਰੋਂ, ਜੇ ਸ਼ਬਦ ਪਿੱਛੋਂ ਚਲਦਾ ਆ ਰਿਹਾ ਹੈ, ਤਾਂ ਖੱਬਾ ਪੰਨਾ ਪਰਤ ਕੇ ਮੁੱਢ ਤੋਂ ਸਾਰਾ ਸ਼ਬਦ ਹੁਕਮਨਾਮੇ ਦੇ ਰੂਪ ਵਿੱਚ ਵੀਚਾਰ ਕੇ ਪੜ੍ਹਨਾ ਚਾਹੀਦਾ ਹੈ। ਹੁਕਮਨਾਮਾ ਲੈਣ ਲੱਗਿਆਂ, ਸਵੇਰ, ਦੁਪਹਿਰ, ਸ਼ਾਮ ਦਾ ਭਰਮ ਨਹੀਂ ਕਰਨਾ ਚਾਹੀਦਾ। ਸਤਿਗੁਰੂ ਗੁਰੂ ਗ੍ਰੰਥ ਸਾਹਿਬ ਪਾਸ **"ਸਤਿਗੁਰੁ ਜਾਗਤਾ ਹੈ ਦੇਉ"** ਅਤੇ **"ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ"** ਦੀ ਭਾਵਨੀ ਬਣਾ ਕੇ ਜਾਣਾ ਚਾਹੀਦਾ ਹੈ ਅਤੇ ਅੰਮ੍ਰਿਤ ਹੁਕਮ ਨੂੰ ਵੀਚਾਰ ਨਾਲ ਪੜ੍ਹ ਕੇ ਧਿਆਨ ਨਾਲ ਸੁਣ ਕੇ ਆਪਣੇ ਜੀਵਨ ਵਿੱਚ ਕਮਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ, ਤੱਦ ਹੀ ਗੁਰੂ ਹੁਕਮ ਨੂੰ ਪੜ੍ਹਨ ਅਤੇ ਸੁਣਨ ਦਾ ਸੰਪੂਰਨ ਲਾਹਾ ਪ੍ਰਾਪਤ ਹੁੰਦਾ ਹੈ।

ਸਤਿਗੁਰੂਾਂ ਦੇ ਸਨਮੁਖ ਅਰਦਾਸ ਕਰਦੇ ਸਮੇਂ ਸਾਰੀ ਸੰਗਤ ਨੂੰ ਦੋਵੇਂ ਹੱਥ ਜੋੜ ਕੇ ਖਲੋਣਾ ਚਾਹੀਦਾ ਹੈ। ਬਹੁਤੀ ਵਾਰੀ ਆਮ ਸੰਗਤ ਦੋਵਾਂ ਹੱਥਾਂ ਦੀ ਕੰਘੀ ਬਣਾ ਕੇ ਜਾਂ ਹੱਥ ਉੱਪਰ ਹੱਥ ਰੱਖ ਕੇ ਜਾਂ ਹੱਥਾਂ ਦਾ ਘੁੱਗੂ ਜਿਹਾ ਬਣਾ ਕੇ, ਅਰਦਾਸ ਵਿੱਚ ਖਲੋਂਦੇ ਹਨ ਜੋ ਬਿਲਕੁਲ ਹੀ ਸੋਭਾ ਨਹੀਂ ਪਾਉਂਦਾ ਸਤਿਗੁਰੂ ਦੇ ਸਨਮੁਖ ਤਾਂ,

**ਦੁਇ [੧]ਕਰ ਜੋੜਿ ਕਰਉ ਅਰਦਾਸਿ ॥** **ਮ: ੫, ਪੰਨਾ ੧੩੪੦**

**ਦੁਇ ਕਰ ਜੋੜਿ ਇਕੁ ਬਿਨਉ ਕਰੀਜੈ।** **ਮਾਝ ਮ: ੫, ਪੰਨਾ ੧੦੩**

ਅਤੇ —

**ਕਰ ਜੋੜਿਹੁ ਸੰਤ ਇਕਤ੍ਰ ਹੋਇ ਮੇਰੇ ਲਾਲ ਜੀਉ ਅਬਿਨਾਸੀ ਪੁਰਖੁ ਪੂਜੇਹਾ ਰਾਮ ॥**

*ਬਿਹਾਗੜਾ ਮ : ੫, (ਪੰਨਾ ੫੪੨)*

**ਕਰ ਜੋੜਿ ਨਾਨਕੁ ਕਰੇ ਅਰਦਾਸਿ ॥** *ਆਸਾ ਮ : ਪੰ, ਪੰਨਾ ੩੯੨*

**ਕਰ ਜੋੜਿ ਪ੍ਰਭ ਪਹਿ ਕਰਿ ਬਿਨੰਤੀ ਮਿਲੈ ਹਰਿ ਜਸੁ ਲਾਹਾ ॥***ਮ: ੫, ਪੰਨਾ ੬੪੫*

ਦੇ ਰੂਪ ਵਿੱਚ ਨਿਮ੍ਰਤਾ ਅਤੇ ਆਜਜ਼ੀ ਦੀ ਭਾਵਨਾ ਨਾਲ ਹੀ ਖਲੋਣਾ ਚਾਹੀਦਾ ਹੈ ॥

ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਦੀ ਕਾਇਮ ਰੱਖਣ ਵਾਸਤੇ ਕਿਸੇ ਵੀ ਵੱਡੇ ਤੋਂ ਵੱਡੇ ਵਿਅਕਤੀ ਨੂੰ ਸਤਿਗੁਰੂ ਜੀ ਦੀ ਹਜੂਰੀ ਵਿੱਚ ਉਚੇਚੀ ਵਿਛਾਈ ਕਰਾਕੇ ਜਾਂ ਗਧੇਲਾ ਲਾ ਕੇ ਬਿਠਾਉਣ ਦੀ ਜਾਂ ਬੈਠਣ ਦੀ ਗੁਸਤਾਖੀ ਨਹੀਂ ਕਰਨ ਦੇਣੀ ਚਾਹੀਦੀ।

---

*੧. ਦੋਵੇਂ ਹੱਥ ਜੋੜ ਕੇ (ਸਾਰੀ ਗੁਰਬਾਣੀ ਵਿੱਚ ਪ੍ਰਭੂ ਅਤੇ ਸਤਿਗੁਰੂ ਅੱਗੇ ਦੋਵੇਂ ਹੱਥ ਜੋੜ ਕੇ ਅਰਦਾਸ ਕਰਨ ਅਤੇ, ਮੰਗ ਮੰਗਣ ਲਈ ਅਗਵਾਈ ਕੀਤੀ ਹੈ।)*

ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ ਉੱਪਰ ਗੁਰਬਾਨੀ ਦਾ ਕੀਰਤਨ, ਕਥਾ ਜਾਂ ਪਾਠ, ਇਨ੍ਹਾਂ ਵਿੱਚੋਂ ਇੱਕੋ ਸਮੇਂ ਇੱਕ ਹੀ ਕਾਰਜ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਕਿ ਇੱਕ ਪਾਸੇ ਅਖੰਡ ਪਾਠ ਸਾਹਿਬ ਦੇ ਰੂਪ ਵਿੱਚ ਗੁਰਬਾਨੀ ਦਾ ਪ੍ਰਵਾਹ ਚੱਲ ਰਿਹਾ ਹੋਵੇ ਅਤੇ ਨਾਲ ਹੀ ਸਟੇਜ ਉੱਪਰ ਕੀਰਤਨ ਜਾਂ ਕਥਾ ਅਰੰਭ ਕਰ ਦਿੱਤੀ ਜਾਵੇ। ਇਸ ਤਰ੍ਹਾਂ ਕਰਨ ਨਾਲ ਜਿੱਥੇ ਪਾਠ ਕਰਨ ਵਾਲੇ ਪਾਠੀ ਸਿੰਘ ਨੂੰ ਪਰੇਸ਼ਾਨੀ ਹੁੰਦੀ ਹੈ, ਉੱਥੇ ਸੰਗਤ ਵਿੱਚ ਹੀ ਬੇ-ਰਸੀ ਪੈਦਾ ਹੁੰਦੀ ਹੈ। ਅੱਜ ਇਕੱਠੇ ਇਕੀਹ-ਇਕੀਹ ਜਾਂ ਵੱਧ ਅਖੰਡ ਪਾਠ ਕਰਨ ਦੀ ਮਰਯਾਦਾ ਵੀ ਚੱਲ ਪਈ ਹੈ, ਪਰ ਗੁਰੂ ਮਰਯਾਦਾ ਅਨੁਸਾਰ ਇੱਕੋ ਸਮੇਂ ਇੱਕੋ ਹਾਲ ਜਾਂ ਕਮਰੇ ਵਿੱਚ ਇੱਕ ਅਖੰਡ ਪਾਠ ਹੀ ਹੋਣਾ ਚਾਹੀਦਾ ਹੈ, ਜੇ ਵੱਧ ਅਖੰਡ ਪਾਠ ਅਰੰਭ ਕਰਨ ਦੀ ਲੋੜ ਹੋਵੇ ਤਾਂ ਉਨ੍ਹਾਂ ਵਾਸਤੇ ਵੱਖਰੇ-ਵੱਖਰੇ ਕਮਰੇ ਨਿਯੁਕਤ ਕਰਨੇ ਚਾਹੀਦੇ ਹਨ। ਅਖੰਡ ਪਾਠ ਜਾਂ ਸਹਿਜ ਪਾਠ ਦਾ ਪੂਰਾ ਲਾਭ ਤੱਦ ਹੀ ਪ੍ਰਾਪਤ ਹੁੰਦਾ ਹੈ, ਜੇ ਪਾਠੀ ਸਿੰਘ ਪਿਆਰ ਨਾਲ ਉੱਚੀ ਬੋਲ ਕੇ ਪਾਠ ਕਰੇ ਅਤੇ ਪ੍ਰਵਾਰ ਜਾਂ ਸੰਗਤ ਉਚਾਰਨ ਕੀਤੇ ਜਾ ਰਹੇ ਪਾਠ ਨੂੰ ਇਕਾਗਰ ਚਿੱਤ ਹੋ ਕੇ ਸ੍ਰਵਣ ਕਰੇ।

ਅਖੰਡ ਪਾਠ ਜਾਂ ਸਹਿਜ ਪਾਠ ਕਰਨ ਸਮੇਂ ਪਾਠੀ ਸਿੰਘ ਨੂੰ ਗੁਰੂ ਮਹਾਰਾਜ ਜੀ ਦੇ ਪ੍ਰਕਾਸ਼ ਵਾਲੇ ਪੀਹੜੇ ਉੱਪਰ ਆਪਣੀਆਂ ਅਰਕਾਂ[੧] ਰੱਖ ਕੇ ਆਪਣੇ ਸਰੀਰ ਨੂੰ ਆਸਰਾ ਨਹੀਂ ਦੇਣਾ ਚਾਹੀਦਾ। ਬਾਣੀ ਦਾ ਪਾਠ ਕਰਨ ਸਮੇਂ ਗਲ ਵਿੱਚ ਹਜੂਰੀਆ[੨] ਜਰੂਰ ਪਾਉਣਾ ਚਾਹੀਦਾ ਹੈ। ਸਰੀਰ ਦੀ ਕੋਈ ਵੀ ਕਿਰਿਆ ਕਰਨੀ ਹੋਵੇ ਤੱਦ ਹਜੂਰੀਏ ਨਾਲ ਹੀ ਕਰਨੀ ਚਾਹੀਦੀ ਹੈ। ਮੂੰਹ, ਨੱਕ, ਪੈਰਾਂ ਨੂੰ ਹੱਥ ਲਾ ਕੇ ਮੁੜ ਦੁਬਾਰਾ ਗੁਰੂ ਮਹਾਰਾਜ ਜੀ ਦੇ ਸਰੂਪ ਨੂੰ ਲਾਉਣ ਨਾਲ ਬਿਅਦਬੀ ਹੁੰਦੀ ਹੈ। ਅਜਿਹੀਆਂ ਅਚੇਤ ਭੁੱਲਾਂ ਕਰਨ ਤੋਂ ਸਾਨੂੰ ਹਮੇਸ਼ਾ ਸੁਚੇਤ ਹੋਣਾ ਚਾਹੀਦਾ ਹੈ।

ਦੀਵਾਨ ਦੀ ਸਮਾਪਤੀ ਉਪਰੰਤ ਸਾਰੀ ਸੰਗਤ ਨੂੰ ਉਨਾਂ ਚਿਰ ਗੁਰੂ ਹਜੂਰੀ ਵਿੱਚ ਹੀ ਸਜੇ ਰਹਿਣਾ ਚਾਹੀਦਾ ਹੈ, ਜਿੰਨਾਂ ਚਿਰ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਆਪਣੇ ਨਿੱਜ-ਆਸਣ ਉੱਪਰ ਬਿਰਾਜਮਾਨ ਕਰਨ ਲਈ ਅਰਦਾਸ ਕਰਕੇ ਸੇਵਾਦਾਰ ਲੈ ਨਹੀਂ ਜਾਂਦੇ। ਵਿਦਾਇਗੀ ਸਮੇਂ ਵੀ ਘੱਟੋ-ਘੱਟ ਪੰਜ ਸਿੰਘ ਜਰੂਰ ਸਤਿਗੁਰੂ ਜੀ ਦੇ ਬਿਰਾਜਮਾਨ ਅਸਥਾਨ ਤੱਕ ਨਾਲ ਜਾਣ ਉਪ੍ਰੰਤ ਅਗਲੇਰਾ ਕਾਰਜ ਅਰੰਭ ਕੀਤਾ ਜਾਵੇ।

ਗੁਰੂ ਪਿਆਰ ਵਾਲੇ ਪ੍ਰੇਮੀ ਸਿੰਘ ਆਪਣੇ ਘਰਾਂ ਵਿੱਚ ਸੁੰਦਰ ਕਮਰਾ ਸਜਾ ਕੇ ਬੜੇ ਅਦਬ ਅਤੇ ਸਤਿਕਾਰ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ, ਸਵੇਰੇ ਸ਼ਾਮ ਨਿੱਤਨੇਮ ਅਤੇ ਗੁਰਬਾਨੀ ਪਾਠ ਕਰਕੇ ਗੁਰੂ ਹਜੂਰੀ ਦਾ, ਜਿੱਥੇ ਲਾਹਾ ਪ੍ਰਾਪਤ ਕਰਦੇ ਹਨ, ਉੱਥੇ ਸ਼ਰਧਾ ਭਾਵਨੀ ਨਾਲ ਸਤਿਗੁਰਾਂ ਦੇ ਸਰੂਪ ਦੀ ਸੇਵਾ ਕਰ

*੧. ਕੂਹਣੀਆਂ ੨. ਦੋ, ਸਵਾ ਦੋ ਮੀਟਰ ਦਾ ਚਿੱਟਾ ਸਾਫ ਕਪੜਾ*



ਗੁਰੂ ਪ੍ਰਸੰਨਤਾ ਪ੍ਰਾਪਤ ਕਰਕੇ ਆਪਣੇ ਸਮੇਂ ਨੂੰ ਸਫਲਾ ਕਰਦੇ ਹਨ। ਉਨ੍ਹਾਂ ਨੇ ਗੁਰੂ ਮਰਯਾਦਾ ਅਨੁਸਾਰ ਆਪਣੇ ਘਰ ਦੇ ਸੁਹਣੇ ਵੱਡੇ ਕਮਰੇ ਨੂੰ ਸਤਿਗੁਰੂ ਜੀ ਦੇ ਪ੍ਰਕਾਸ਼ ਵਾਸਤੇ ਚੁਣਿਆ ਹੁੰਦਾ ਹੈ।

ਪਰ ਕਈ ਵਾਰੀ ਐਸੇ ਪ੍ਰੇਮੀ ਵੀ ਵੇਖਣ ਵਿੱਚ ਆਉਂਦੇ ਹਨ, ਜਿਨ੍ਹਾਂ ਨੂੰ ਪ੍ਰਮਾਤਮਾ ਨੇ ਵੱਡੇ ਵੱਡੇ ਖੁਲ੍ਹੇ ਮਕਾਨ, ਕੋਠੀਆਂ ਬਖਸ਼ਿਸ਼ ਕੀਤੇ ਹੁੰਦੇ ਹਨ। ਉਹ ਸੰਸਾਰ ਦੇ ਕਾਰੋਬਾਰਾਂ ਵਿੱਚ ਇੰਨੇ ਮਸਰੂਫ[੧] ਹੁੰਦੇ ਹਨ, ਕਿ ਉਨ੍ਹਾਂ ਪਾਸ ਗੁਰਦੁਆਰੇ ਜਾ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਦਾ ਸਮਾਂ ਹੀ ਨਹੀਂ ਹੁੰਦਾ ਅਤੇ ਨਾ ਹੀ ਉਹ ਸਤਿਗੁਰੂ ਜੀ ਨੂੰ ਛੱਡ ਹੀ ਸਕਦੇ ਹਨ। ਇਸ ਤਰ੍ਹਾਂ ਦੀ ਸਮੱਸਿਆਂ ਦਾਾ ਹੱਲ ਕੱਢਣ ਵਾਸਤੇ ਉਹ ਆਪਣੇ ਘਰ ਵਿੱਚ ਹੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾ ਲੈਂਦੇ ਹਨ। ਐਸੇ ਗੁਰੂ ਪਿਆਰੇ ਸਤਿਗੁਰੂ ਜੀ ਦਾ ਪ੍ਰਕਾਸ਼ ਕਰਨ ਵਾਸਤੇ ਕਨਾਲਾਂ ਵਿੱਚ ਬਣੀ ਕੋਠੀ ਵਿੱਚੋਂ ਸਭ ਤੋਂ ਛੋਟੇ ਕਮਰੇ ਦੀ ਚੋਣ ਕਰਦੇ ਹਨ ਜਾਂ ਫਿਰ ਉਸ ਕਮਰੇ ਵਿੱਚ ਪ੍ਰਕਾਸ਼ ਕਰਨਗੇ, ਜਿਸ ਨੂੰ ਕਿਸੇ ਸਮੇਂ ਘਰ ਦਾ ਫਾਲਤੂ ਸਮਾਨ ਰੱਖਣ ਲਈ ਬਣਾਇਆ ਹੋਵੇ। ਅਜਿਹੇ ਕਮਰਿਆਂ ਵਿੱਚ ਨਾ ਤਾਂ ਸੂਰਜ ਦੀ ਲਾਈਟ ਦਾ ਅਤੇ ਨਾ ਹੀ ਹਵਾ ਦੀ ਨਿਕਾਸੀ ਦਾ ਪੂਰਾ ਪ੍ਰਬੰਧ ਹੁੰਦਾ ਹੈ।

ਜਰਾ ਸੋਚਣ ਅਤੇ ਵੀਚਾਰਨ ਦੀ ਲੋੜ ਹੈ। ਜਿਸ ਸਤਿਗੁਰੂ ਨੇ ਰਹਿਣ ਵਾਸਤੇ ਸੁੰਦਰ ਮਕਾਨ ਅਤੇ ਕੋਠੀਆਂ ਬਖਸ਼ਿਸ਼ ਕੀਤੀਆਂ ਹਨ। ਜਿਸ ਗੁਰੂ ਦੀ ਮਿਹਰ ਨਾਲ ਸੁਹਣੇ ਕਾਰੋਬਾਰ ਚੱਲ ਰਹੇ ਹਨ। ਜਿਸ ਸਤਿਗੁਰੂ ਦੇ ਚਰਨਾਂ ਵਿੱਚ ਖਲੋ ਕੇ ਹਰ ਰੋਜ਼ ਆਪਣੀ ਅਤੇ ਆਪਣੇ ਪ੍ਰਵਾਹ ਦੀ ਖੈਰ ਖਰੀਅਤ[੨] ਮੰਗਣੀ ਹੈ। ਜਿਸ ਗੁਰੂ ਪਾਸੋਂ ਲੋਕ ਪ੍ਰਲੋਕ ਦੇ ਸੁੱਖ ਅਤੇ ਬਖਸ਼ਿਸ਼ਾਂ ਦੀ ਜਾਚਨਾ ਕਰਨੀ ਹੈ। ਕੀ ਉਸ ਸਤਿਗੁਰੂ ਦਾ ਪ੍ਰਕਾਸ਼ ਸਾਨੂੰ ਅਜਿਹੇ ਕਮਰਿਆਂ ਵਿੱਚ ਕਰਨਾ ਸ਼ੋਭਦਾ ਹੈ ? ਸਤਿਗੁਰੂ ਜੀ ਸਾਨੂੰ ਸਾਰਿਆਂ ਨੂੰ ਸੁਮੱਤ ਬਖਸ਼ਿਸ਼ ਕਰਨ। ਗੁਰੂ ਪਾਤਸ਼ਾਹ ਜੀ ਦਾ ਪ੍ਰਕਾਸ਼ ਆਪਣੇ ਵਿੱਤ ਅਨੁਸਾਰ ਸੁੰਦਰ ਕਮਰੇ ਵਿੱਚ ਕਰਕੇ ਅਸੀਂ ਗੁਰੂ ਪਾਤਸ਼ਾਹ ਜੀ ਦੀ ਪ੍ਰਸੰਨਤਾ ਪ੍ਰਾਪਤ ਕਰ ਸਕੀਏ।

ਕਈ ਪ੍ਰਵਾਰਾਂ ਵਿੱਚ ਇਹ ਆਮ ਦੇਖਣ ਨੂੰ ਮਿਲਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ, ਜਿਸ ਮੰਜੀ ਸਾਹਿਬ ਉੱਪਰ ਪ੍ਰਕਾਸ਼ ਕੀਤਾ ਹੁੰਦਾ ਹੈ, ਰਾਤ ਨੂੰ ਸਤਿਗੁਰੂ ਜੀ ਦੇ ਸਰੂਪ ਦੀ ਸੇਵਾ ਕਰਕੇ ਉਸੇ ਮੰਜੀ ਸਾਹਿਬ ਉੱਪਰ ਹੀ ਜਾਂ ਕਿਸੇ ਸੈਲਫ ਜਾਂ ਅਲਮਾਰੀ ਵਿੱਚ ਸੁਖਆਸਣ ਕਰ ਦਿੱਤਾ ਜਾਂਦਾ ਹੈ, ਜੋ ਸਰਾਸਰ ਗੁਰੂ ਮਹਰਾਜ ਜੀ ਦੀ ਬਿਅਦਬੀ ਅਤੇ ਸਾਡੀ ਮਨਮੱਤ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਤੇ ਸੁਖਆਸਣ ਕਰਨ ਦੇ ਪੂਰਨੇ ਖੁਦ ਆਪ ਸਤਿਗੁਰੂ ਅਰਜਨ ਦੇਵ ਜੀ ਪਾ ਗਏ ਹਨ। ਸਾਨੂੰ ਵੀ ਸਤਿਗੁਰਾਂ ਦੇ ਪੂਰਨਿਆ ਉੱਪਰ ਚੱਲਦੇ ਹੋਏ ਰਾਤ ਨੂੰ ਸਤਿਗੁਰੂ ਜੀ ਦਾ ਸੁਖਆਸਣ ਸੁੰਦਰ ਪਲੰਘ ਉੱਪਰ ਸੁਹਣਾ ਚੰਦੋਆ ਲਾ ਕੇ ਹੀ ਕਰਨਾ ਚਾਹੀਦਾ ਹੈ।

*੧. ਰੁਝੇ, ੨. ਸੁੱਖ*

ਇੱਥੇ ਇੱਕ ਮੁਸਲਮਾਨ ਫ਼ਕੀਰ ਬਸ਼ਰ-ਹਾਫੀ ਦੀ ਗਾਥਾ ਲਿਖਣੀ ਕੁਥਾਂ ਨਹੀਂ ਹੋਵੇਗੀ, ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਰਨ ਵੱਲ ਸਾਡਾ ਧਿਆਨ ਜਰੂਰ ਆਕਰਸ਼ਤ ਕਰੇਗੀ।

ਬਗਦਾਦ ਸ਼ਹਿਰ ਵਿੱਚ ਇੱਕ ਬੰਦਗੀ ਵਾਲਾ ਫਕੀਰ ਰਹਿੰਦਾ ਸੀ ਜਿਸ ਦਾ ਨਾਉਂ ਅਬਦੁਲਾ ਸੀ। ਆਪ ਇੱਕ ਰਾਤ ਸੁੱਤਿਆਂ ਨੂੰ ਖ਼ੁੱਦਾ ਵੱਲੋਂ ਅਕਾਸ਼ਵਾਨੀ ਹੋਈ ਕਿ ਅਬਦੁਲਾ ! ਤੂੰ ਮੇਰਾ ਸੁਨੇਹਾ ਬਸ਼ਰ-ਹਾਫੀ ਨੂੰ ਸੰਦੇਸ਼ ਦੇਣਾ ਫਿਰ ਭੁਲ ਗਿਆ ਤੀਸਰੀ ਰਾਤ ਖ਼ੁਦਾ ਨੇ ਅਕਾਸ਼ ਬਾਨੀ ਰਾਹੀਂ ਤਾੜਨਾ ਕੀਤੀ ਕਿ ਅਬਦੁੱਲਾ ! ਤੈਨੂੰ ਮੈਂ ਦੋ ਵਾਰੀ ਕਹਿ ਚੁੱਕਾ ਹਾਂ ਪਰ ਤੂੰ ਮੇਰਾ ਸੁਨੇਹਾ ਬਸ਼ਰ-ਹਾਫ਼ੀ ਨੂੰ ਪਹੁੰਚਾ ਕਿ "ਤੂੰ ਮੇਰਾ ਕਲਾਮ ਉੱਚਾ ਕੀਤਾ ਹੈ ਮੈਂ ਤੈਨੂੰ ਉੱਚਾ ਕੀਤਾ"। ਫਕੀਰ ਅਬਦੁਲਾ ਨੇ ਅਕਾਸ਼ ਬਾਨੀ ਸੁਣ ਲਈ ਪਰ ਸੁਨੇਹਾ ਦੇਣਾ ਭੁੱਲ ਗਿਆ। ਦੂਸਰੇ ਦਿਨ ਫਿਰ ਪਹਿਲੀ ਰਾਤ ਵਾਲਾ ਕੌਤਕ ਵਰਤਿਆ। ਪਰ ਦਰਵੇਸ਼ ਅਬਦੁਲਾ, ਬਸ਼ਰ-ਹਾਫੀ ਨੂੰ ਕਿਉਂ ਨਹੀਂ ਪਹੁੰਚਾਇਆ ? ਅਬਦੁਲਾ ਭੈ-ਭੀਤ ਹੋਇਆ ਦਿਨ ਚੜ੍ਹੇ ਹੀ ਖ਼ੁੱਦਾ ਦਾ ਸੰਦੇਸ਼ ਦੇਣ ਵਾਸਤੇ ਫਕੀਰਾਂ ਦੀ ਮਜਲਸ ਵਿੱਚ ਗਿਆ ਅਤੇ ਦਰਵੇਸ਼ਾਂ ਪਾਸੋਂ ਬਸ਼ਰ-ਹਾਫੀ ਬਾਰੇ ਪੁੱਛ ਗਿੱਛ ਕੀਤੀ। ਫਕੀਰ ਸਾਂਈ ਇੱਕ ਦੂਸਰੇ ਨੂੰ ਜਾਣਦੇ ਸਨ ਪਰ ਕੋਈ ਵੀ ਬਸ਼ਰ-ਹਾਫੀ ਨਾਉਂ ਦਾ ਫਕੀਰ, ਦਰਵੇਸ਼ਾਂ ਦੀ ਸਿਮ੍ਰਤੀ ਵਿੱਚ ਨਾ ਆਇਆ। ਦਰਵੇਸ਼ਾਂ ਦੇ ਨਜ਼ਦੀਕ ਹੀ ਇੱਕ ਸੰਤ-ਸੇਵੀ ਪ੍ਰੇਮੀ ਬੈਠਾ ਸੀ, ਉਹ ਬੋਲ ਉੱਠਿਆ, ਬਗਦਾਦ ਸ਼ਹਿਰ ਦੇ ਬਹੁਤੇ ਫਕੀਰਾਂ ਅਤੇ ਆਮ ਮਨੁੱਖਾਂ ਨੂੰ ਮੈਂ ਜਾਣਦਾ ਹਾਂ। ਇੱਕ ਬਸ਼ਰ-ਹਾਫੀ ਨਾਉਂ ਦਾ ਮਨੁੱਖ ਤਾਂ ਹੈ ਪਰ ਉਹ ਫਕੀਰ ਨਹੀਂ ਹੈ, ਉਹ ਬਦਕਾਰ ਅਤੇ ਸ਼ਰਾਬੀ-ਕਬਾਬੀ ਬੰਦਾ ਹੈ। ਉਹ ਅੱਠੇ ਪਹਿਰ ਸ਼ਰਾਬ ਦੇ ਨਸ਼ੇ ਵਿੱਚ ਧੁੱਤ ਰਹਿੰਦਾ ਹੈ। ਜੇ ਉਸ ਨੂੰ ਮਿਲਣਾ ਹੋਵੇ, ਉਹ ਤੁਹਾਨੂੰ ਘਰ ਨਹੀਂ ਮਿਲੇਗਾ, ਉਹ ਸ਼ਰਾਬ-ਖ਼ਾਨੇ ਹੀ ਮਿਲ ਸਕਦਾ ਹੈ। ਉਸ ਬੰਦੇ ਦਾ ਉੱਤਰ ਸੁਣ ਕੇ ਦਰਵੇਸ਼ ਅਬਦੁੱਲਾ ਸੋਚੀਂ ਪੈ ਗਏ, ਕਹਿਣ ਲੱਗੇ ਮੈਂ ਖ਼ੁੱਦਾ ਦਾ ਸੁਨੇਹਾ ਤਾਂ ਦੇਣਾ ਹੀ ਹੈ, ਭਾਵੇਂ ਮੈਨੂੰ ਇਹ ਸੁਨੇਹਾ ਦੇਣ ਵਾਸਤੇ ਸ਼ਰਾਬ-ਖਾਨੇ ਵੀ ਕਿਉਂ ਨ ਜਾਣਾ ਪਵੇ। ਮਨ ਨੂੰ ਤਕੜਾ ਕਰਕੇ, ਉਸ ਬੰਦੇ ਨੂੰ ਨਾਲ ਲੈ ਕੇ ਤੁਰ ਪਏ। ਦੋ ਤਿੰਨ ਸ਼ਰਾਬ ਖਾਨਿਆਂ ਵਿੱਚ ਢੂੰਡ ਕੀਤੀ ਪਰ ਬਸ਼ਰ-ਹਾਫੀ ਨਾ ਮਿਲਿਆ। ਆਖਰ ਚੌਥੇ ਸ਼ਰਾਬ-ਖਾਨੇ ਵਿੱਚ ਬਸ਼ਰ-ਹਾਫੀ ਬੈਠਾ ਸ਼ਰਾਬ ਪੀਂਦਾ ਮਿਲ ਪਿਆ, ਅਬਦੁੱਲਾ ਦੇ ਨਾਲ ਆਏ ਬੰਦੇ ਨੇ ਅਬਦੁਲਾ ਨੂੰ ਇਸ਼ਾਰਾ ਕਰਕੇ ਦੱਸਿਆ ਕਿ ਉਹ ਸਾਮ੍ਹਣੇ ਜਿਸ ਦੇ ਹੱਥ ਵਿੱਚ ਸ਼ਰਾਬ ਦਾ ਪਿਆਲਾ ਹੈ, ਇਹ ਹੀ ਬਸ਼ਰ-ਹਾਫੀ ਹੈ। ਫਕੀਰ ਅਬਦੁੱਲਾ, ਬਸ਼ਰ-ਹਾਫੀ ਦੇ ਨੇੜੇ ਚਲੇ ਗਏ। ਦੁਆ ਸਲਾਮ ਸਾਂਝੀ ਕਰਨ ਉਪ੍ਰੰਤ ਬਸ਼ਰ-ਹਾਫੀ ਨੇ ਅਬਦੁੱਲਾ ਨੂੰ ਸੰਬੋਧਨ ਕਰਕੇ ਪੁੱਛਿਆ, ਫਕੀਰ ਸਾਂਈ ਅੱਜ ਸ਼ਰਾਬ-ਖਾਨੇ ਕਿਸ ਨੀਅਤ ਨਾਲ ਆਏ ਹੋ ? ਅਬਦੁਲਾ ਨੇ ਬਸ਼ਰ-ਹਾਫੀ ਨੂੰ ਕਿਹਾ ਬਸ਼ਰ-ਹਾਫੀ ! ਮੈਂ ਅੱਜ ਤੱਕ ਸ਼ਰਾਬ-ਖਾਨੇ ਆਉਣਾ ਤਾਂ ਕੀ, ਸ਼ਰਾਬਖਾਨੇ ਦੇ ਅੱਗੋਂ ਦੀ ਵੀ ਨਹੀਂ ਲੰਘਦਾ, ਨਾ ਮੈਂ ਸ਼ਰਾਬ ਪੀਣ ਹੀ ਆਇਆ ਹਾਂ। ਅੱਜ ਜੇ ਕਰ ਮੈਂ ਸ਼ਰਾਬਖਾਨੇ ਆਇਆ ਹਾਂ ਤਾਂ ਤੇਰੀ ਬਦੌਲਤ ਇੱਥੇ ਆਇਆ ਹਾਂ ਅਤੇ ਆਇਆ



ਵੀ ਤੈਨੂੰ ਖ਼ੁਦਾ ਦਾ ਸੁਨੇਹਾ ਦੇਣ ਵਾਸਤੇ ਹਾਂ। ਖ਼ੁਦਾ ਦਾ ਸੁਨੇਹਾ ਦੇਣ ਵਾਸਤੇ ਤੁਸੀਂ ਮੇਰੇ ਪਾਸ ਸ਼ਰਾਬ-ਖਾਨੇ ਆਏ ਹੋ ? ਬਸ਼ਰ-ਹਾਫੀ ਨੇ ਪੁੱਛਿਆ ਕੀ ਸੁਨੇਹਾ ਹੈ ਮੇਰੇ ਵਾਸਤੇ ਖ਼ੁਦਾ ਦਾ ? ਫਕੀਰ ਅਬਦੁੱਲਾ ਨੇ ਕਿਹਾ ਸੁਣ ਬਸ਼ਰ-ਹਾਫੀ ! ਖ਼ੁਦਾ ਨੇ ਤੈਨੂੰ ਸੁਨੇਹਾ ਭੇਜਿਆ ਹੈ ਕਿ ਤੂੰ ਮੇਰਾ ਕਲਾਮ ਉੱਚਾ ਕੀਤਾ ਮੈਂ ਤੈਨੂੰ ਉੱਚਾ ਕੀਤਾ। ਇਨਾਂ ਬਚਨ ਸੁਣਦੇ ਸਾਰ ਬਸ਼ਰ-ਹਾਫੀ ਦੇ ਹੱਥੋਂ ਸ਼ਰਾਬ ਦਾ ਪਿਆਲਾ ਜਮੀਨ ਉੱਤੇ ਡਿੱਗ ਪਿਆ। ਬਸ਼ਰ-ਹਾਫੀ ਨੇ ਦੋਵਾਂ ਹੱਥਾਂ ਨਾਲ ਕੰਨਾਂ ਨੂੰ ਫੜ ਲਿਆ ਅਤੇ ਉੱਚਾ ਕ ਤੋਬਾ ਤੋਬਾ ਪੁਕਾਰਨਾ ਸ਼ੁਰੂ ਕਰ ਦਿੱਤਾ ਅਤੇ ਅਲ੍ਹਾ-ਹੂ ਅਲ੍ਹਾ-ਹੂ ਕਹਿੰਦਾ ਸ਼ਰਾਬਖਾਨੇ ਵਿੱਚੋਂ ਦੌੜ ਕੇ ਬਾਹਰ ਆ ਗਿਆ। ਅਬਦੁੱਲਾ ਇਹ ਮਾਜਰਾ ਵੇਖ ਕੇ ਬੜਾ ਹੈਰਾਨ ਹੋਇਆ ਅਤੇ ਬਸ਼ਰ-ਹਾਫੀ ਦੇ ਮਗਰ ਭੱਜਿਆ ਤੇ ਬਸ਼ਰ-ਹਾਫੀ ਨੂੰ ਸੰਬੋਧਨ ਕਰਕੇ ਕਹਿਣ ਲੱਗਾ, ਭਲੇ ਲੋਕਾਂ, ਮੈਂ ਤੈਨੂੰ ਖੁਦਾ ਦਾ ਸੁਨੇਹਾ ਦਿੱਤਾ, ਤੂੰ ਸ਼ਰਾਬ ਦਾ ਪਿਆਲਾ ਸੁੱਟ ਕੇ ਤੋਬਾ ਤੋਬਾ ਕਰਦਾ ਸ਼ਰਾਬਖਾਨੇ ਵਿੱਚੋਂ ਭੱਜ ਪਿਆ, ਕਾਰਣ ਕੀ ਹੈ ? ਕੁੱਝ ਮੇਰੇ ਪੱਲੇ ਵੀ ਪਾ। ਬਸ਼ਰ-ਹਾਫੀ, ਫਕੀਰ, ਅਬਦੁੱਲਾ ਨੂੰ ਸੰਬੋਧਨ, ਕਰਕੇ ਕਹਿਣ ਲੱਗਾ, ਫਕੀਰ ਸਾਂਈ ! ਸੁਣ ਇੱਕ ਦਿਨ ਮੈਂ ਸ਼ਰਾਬਖਾਨੇ ਵਿੱਚੋਂ ਸ਼ਰਾਬ ਪੀ ਕੇ ਘਰ ਨੂੰ ਜਾ ਰਿਹਾ ਸਾਂ ਤਾਂ ਰਸਤੇ ਵਿੱਚ ਕੁਰਾਨ ਦਾ ਅੱਧਾ ਵਰਕਾ ਕਿਸੇ ਨੇ ਪਾੜ ਕੇ ਸੁੱਟਿਆ ਹੋਇਆ ਮੈਂ ਵੇਖਿਆ। ਮੈਂ ਹੱਥ ਧੋ ਕੇ ਗਲੀ ਵਿੱਚ ਪਏ ਕੁਰਾਨ ਦੇ ਵਰਕੇ ਨੂੰ ਚੁਕ ਕੇ ਸਿਰ ਉੱਪਰ ਰੱਖ ਲਿਆ ਅਤੇ ਘਰ ਜਾ ਕੇ ਪਰਸਤੀ[੧] ਨੂੰ ਸਾਫ ਕਰਕੇ ਉੱਚੇ ਥਾਂ ਅਦਬ ਨਾਲ ਟਿਕਾ ਦਿੱਤਾ। ਇਸ ਨੇਕ ਕਰਮ ਤੋਂ ਸਿਵਾ ਮੈਂ ਜਿੰਦਗੀ ਵਿੱਚ ਕੋਈ ਚੰਗਾ ਕਰਮ ਨਹੀਂ ਕੀਤਾ। ਅੱਜ ਤੁਹਾਡੇ ਰਾਹੀਂ ਖੁਦਾ ਨੇ ਮੈਨੂੰ ਪਾਕ ਕਲਾਮ ਦਾ ਸਤਿਕਾਰ ਕਰਨ ਦੇ ਇਵਜ਼ਾਨੇ ਵਿੱਚ ਬਖਸ਼ਿਸ਼ ਕਰਦਿਆਂ ਰਹਿਮਤ ਭੇਜੀ ਹੈ ਕਿ ਜਿਸ ਨੇ ਮੇਰਾ ਕਲਾਮ ਉੱਚਾ ਕੀਤਾ ਮੈਂ ਉਸ ਨੂੰ ਉੱਚਾ ਕੀਤਾ। ਮੇਰੇ ਮਨ ਨੇ ਵੀਚਾਰਿਆ ਕਿ ਥੋੜ੍ਹਾ ਜਿਹਾ ਰੱਬੀ ਕਲਾਮ ਦਾ ਸਤਿਕਾਰ ਕਰਨ ਨਾਲ ਜੇ ਅਲ੍ਹਾ ਦੀ ਇਨੀ ਖੁਸ਼ੀ ਨਸੀਬ ਹੋ ਸਕਦੀ ਹੈ, ਜੇ ਮੈਂ ਇਸ ਰੱਬੀ ਕਲਾਮ ਨੂੰ ਆਪਣੇ ਜੀਵਨ ਵਿੱਚ ਘਟਾਵਾਂ ਤਾਂ ਪਤਾ ਨਹੀਂ ਖ਼ੁਦਾ ਮੇਰੇ ਉੱਪਰ ਕਿੰਨੀਆਂ ਕੁ ਰਹਿਮਤਾਂ ਵਰਸਾਵੇਗਾ। ਅੱਜ ਤੋਂ ਮੈਂ ਸਾਰੇ ਗੁਨਾਹਾਂ ਤੋਂ ਤੋਬਾ ਕਰਕੇ ਅਲ੍ਹਾ ਦਾ ਲੜ ਫੜ ਲਿਆ ਹੈ।

ਜੀਵਨ ਵਿੱਚ ਅਜਿਹਾ ਪਲਟਾ ਆਇਆ, ਬਸ਼ਰ-ਹਾਫੀ ਬਗਦਾਦ ਦੇ ਉੱਚ ਕੋਟੀ ਦੇ ਫਕੀਰਾਂ ਚੋਂ ਪ੍ਰਸਿੱਧ ਹੋਇਆ। ਉਨ੍ਹਾਂ ਦੇ ਜੀਵਨ ਦੀਆਂ ਅਨੇਕਾਂ ਐਸੀਆਂ ਘਟਨਾਵਾਂ ਹਨ ਜਿਨ੍ਹਾਂ ਨੂੰ ਪੜ੍ਹ ਸੁਣ ਕੇ ਮਨੁੱਖ ਦੰਗ ਰਹਿ ਜਾਂਦਾ ਹੈ। ਜਿਸ ਸਮੇਂ ਆਪ ਦੇ ਸਰੀਰ ਚੋਂ ਪ੍ਰਾਣ ਪੰਖੇਰੂ ਹੋਏ ਆਪ ਦਾ ਜਨਾਜ਼ਾ ਕਬਰਸਤਾਨ ਨੂੰ ਲਿਜਾਇਆ ਜਾ ਰਿਹਾ ਸੀ, ਹਜ਼ਾਰਾਂ ਹੀ ਸ਼ਰਧਾਲੂ ਪਿਆਰ ਭਿੱਜੇ ਮਗਰ ਤੁਰੇ ਜਾ ਰਹੇ ਸਨ। ਅੱਤ ਗਰਮੀ ਦੇ ਦਿਨ ਸਨ ਤੇ ਸੂਰਜ ਤਪ ਰਿਹਾ ਸੀ। ਪੰਛੀਆਂ ਨੇ ਝੁੰਡ ਬਣਾ ਕੇ ਬਸ਼ਰ-ਹਾਫੀ ਦੇ ਜਨਾਜ਼ੇ ਉੱਪਰ ਕਬਰਸਤਾਨ ਪੁੱਜਣ ਤੱਕ ਛਾਂ ਬਣਾਈ ਰੱਖੀ, ਸਾਰੀ

੧. ਉੱਚਾ ਸੈਲਫ

ਖਲਕਤ ਇਹ ਵੇਖ ਕੇ ਦੰਗ ਰਹਿ ਗਈ। ਇਹ ਬਰਕਤ ਕਾਹਦੀ ਸੀ "ਤੂੰ ਮੇਰਾ ਕਲਾਮ ਉੱਚਾ ਕੀਤਾ ਮੈਂ ਤੈਨੂੰ ਉੱਚਾ ਕੀਤਾ" ਦੀ।

ਹੇ ਗੁਰਸਿੱਖ! ਅੱਜ ਬਸ਼ਰ-ਹਾਫੀ ਦੇ ਜੀਵਨ ਤੋਂ ਸਿੱਖਿਆ ਲੈਣ ਦੀ ਲੋੜ ਹੈ। ਜੇ ਤੂੰ ਖਸਮ ਦੀ ਬਾਣੀ, ਧੁਰ ਕੀ ਬਾਣੀ, ਇਹ ਤੋਂ ਬ੍ਰਹਮ ਵੀਚਾਰ, ਨਿਰੋਲ ਬ੍ਰਹਮ ਗਿਆਨ ਦੇ ਭੰਡਾਰ ਦਰਗਾਹੀ ਕਲਾਮ, ਪ੍ਰਮੇਸਰੀ ਫੁਰਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਤਿਕਾਰ ਕਰੇਂਗਾ ਕੀ ਸਤਿਗੁਰੂ ਤੇਰਾ ਲੋਕ ਪ੍ਰਲੋਕ ਵਿੱਚ ਜੈ ਜੈ ਕਾਰ ਨ ਕਰਾਏਗਾ ? ਜਰੂਰ ਕਰਾਏਗਾ। ਹੇ ਗੁਰ ਸਿੱਖ! ਤੂੰ ਸਤਿਗੁਰੂ ਦੀ ਬਾਣੀ ਦਾ ਭਾਵਨੀ ਨਾਲ ਅਦਬ ਸਤਿਕਾਰ ਅਤੇ ਮੰਨਣ ਕਰ ਕੇ ਤਾਂ ਵੇਖ। ਸਤਿਗੁਰੂ ਰਾਮਦਾਸ ਜੀ ਆਪ ਗੁਰਬਾਣੀ ਅੰਦਰ ਫੁਰਮਾਨ ਕਰਦੇ ਹਨ ਕਿ ਜਿਹੜਾ ਸਿੱਖ ਗੁਰੂ ਨੂੰ ਪੂਜੇ ਅਤੇ ਸੇਵਕ ਬਣ ਕੇ ਸਤਿਗੁਰੂ ਦਾ ਸਤਿਕਾਰ ਕਰੇ, ਅਜਿਹਾ ਸਿੱਖ ਮੇਰੇ ਵਾਹਿਗੁਰੂ ਨੂੰ ਪਿਆਰਾ ਲੱਗਦਾ ਹੈ। ਗੁਰੂ ਦੀ ਸੇਵਾ ਅਤੇ ਸਤਿਕਾਰ ਹੀ ਪ੍ਰਮਾਤਮਾਂ ਦੀ ਸੇਵਾ ਅਤੇ ਸਤਿਕਾਰ ਹੈ, ਜੋ ਭਾਵਨੀ ਨਾਲ ਕਰੇਗਾ ਪ੍ਰਮਾਤਮਾਂ ਉਸਦਾ ਸੰਸਾਰ ਭਵਜਲ ਵਿੱਚੋਂ ਨਿਸਤਾਰਾ ਕਰ ਦੇਵੇਗਾ। ਮਲਾਰ ਰਾਗ ਅੰਦਰ ਆਪ ਜੀ ਦਾ ਫੁਰਮਾਨ ਹੈ—

**ਜੋ ਗੁਰ ਕਉ ਜਨੁ ਪੂਜੇ ਸੇਵੇ ਸੋ ਜਨੁ ਮੇਰੇ ਹਰਿ ਪ੍ਰਭ ਭਾਵੈ ॥**

**ਹਰਿ ਕੀ ਸੇਵਾ ਸਤਿਗੁਰੁ ਪੂਜਹੁ ਕਰਿ ਕਿਰਪਾ ਆਪ ਤਰਾਵੈ ॥੨॥**

*ਮਲਾਰ ਮ : ੩ (ਪੰਨਾ ੧੨੬੩)*

ਇਸੇ ਹੀ ਰਾਗ ਅੰਦਰ ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ ਜਿਹੜਾ ਪ੍ਰਾਣੀ ਗੁਰੂ ਦਾ ਅਦਬ ਸਤਿਕਾਰ ਕਰੇਗਾ, ਜੋ ਗੁਰੂ ਨੂੰ ਮੰਨੇਗਾ, ਸਾਰਾ ਸੰਸਾਰ ਉਸਦੀ ਮੰਨੇਗਾ ਅਤੇ ਉਸਨੂੰ ਮੰਨੇਗਾ। ਸਾਹਿਬਾਂ ਦਾ ਬਚਨ ਹੈ —

**ਗੁਰੁ ਮਾਨੈ ਮਾਨੈ ਸਭੁ ਕੋਇ**

**ਗੁਰ ਬਚਨੀ ਮਨੁ ਸੀਤਲ ਹੋਇ ॥** *ਮਲਾਰ ਮ : ੩ ਪੰਨਾ ੧੨੬੨*

ਸ੍ਰੀ ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ—

**ਜਿਨ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥੨॥**

*ਆਸਾ ਮ : ੪ (ਪੰਨਾ ੪੫੦)*

ਹਰ ਗੁਰ ਸਿੱਖ ਨੂੰ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵੱਧ ਤੋਂ ਵੱਧ ਅਦਬ ਸਤਿਕਾਰ ਕਰਨਾ ਚਾਹੀਦਾ ਹੈ, ਉੱਥੇ ਗੁਰੂ ਹੁਕਮਾਂ ਨੂੰ ਆਪਣੇ ਜੀਵਨ ਵਿੱਚ ਕਮਾ ਕੇ ਹੰਢਾ ਕੇ ਗੁਰੂ ਪ੍ਰਸੰਨਤਾ ਦੇ ਪਾਤਰ ਬਣਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

ਸਤਿਗੁਰੂ ਰਾਮਦਾਸ ਜੀ ਦਾ ਧਨਾਸਰੀ ਰਾਗ ਵਿੱਚ ਪਵਿਤ੍ਰ ਬਚਨ ਹੈ, ਕਿ ਉਨ੍ਹਾਂ ਸਿੱਖਾਂ ਸੇਵਕਾਂ ਦਾ ਹੀ ਗੁਰੂ ਸਤਿਕਾਰ ਕੀਤਾ ਅਤੇ ਪੜ੍ਹੀ ਸੁਣੀ ਗੁਰਬਾਣੀ ਪ੍ਰਭੂ ਦੇ



ਘਰ ਵਿੱਚ ਪ੍ਰਵਾਨ ਹੁੰਦੀ ਹੈ, ਜਿਹੜੇ ਸਤਿਗੁਰੂ ਦੇ ਗੁਰਬਾਣੀ ਉਪਦੇਸ਼ਾਂ ਨੂੰ ਸੱਤ ਸੱਤ ਜਾਣ ਕੇ ਆਪਣੇ ਜੀਵਨ ਵਿੱਚ, ਕਮਾਉਂਦੇ ਹਨ। ਆਪ ਦਾ ਫੁਰਮਾਨ ਹੈ —

**ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥**

**ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ**

**ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥੧॥**

*ਧਨਾਸਰੀ ਮ: ੪, ਪੰਨਾ ੬੬੯*

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਵੀ ਧਿਆਨ ਵਿੱਚ ਰੱਖਣ ਯੋਗ ਹੈ। ਆਪ ਫੁਰਮਾਨ ਕਰਦੇ ਹਨ ਕਿ ਸੰਸਾਰ ਵਿੱਚ ਸਤਿਗੁਰੂ ਦੇ ਦਰਸ਼ਨ ਤਾਂ ਬਹੁਤਿਆਂ ਨੇ ਪਿੱਛੇ ਵੀ ਕੀਤੇ ਅਤੇ ਹੁਣ ਵੀ ਸ਼ਬਦ ਗੁਰੂ ਦੇ ਕਰ ਰਹੇ ਹਨ। ਨਿਰਾ ਸਤਿਗੁਰਾਂ ਦੇ ਦਰਸ਼ਨ ਕਰਨ, ਭੇਟਾ ਚੜ੍ਹਾਉਣ ਅਤੇ ਮੱਥਾ ਟੇਕ ਲੈਣ ਦੇ ਨਾਲ ਕਿਸੇ ਦੇ ਜੀਵਨ ਵਿੱਚ ਬਦਲਾਉ ਨਹੀਂ ਆਉਣਾ ਅਤੇ ਨਾ ਹੀ ਮਾਇਕੀ ਬੰਧਨਾਂ ਤੋਂ ਖਲਾਸੀ ਪ੍ਰਾਪਤ ਹੋਣੀ ਹੈ। ਮਾਇਕੀ ਬੰਧਨਾਂ ਤੋਂ ਖਲਾਸੀ ਸਤਿਗੁਰੂ ਦੇ ਬਚਨਾਂ ਦੀ ਵੀਚਾਰ ਕਰਕੇ ਉਸ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਦੁਆਰਾ ਹੀ ਸੰਭਵ ਹੈ। ਆਪ ਜੀ ਦਾ ਵਡਹੰਸ ਦੀ ਵਾਰ ਵਿੱਚ ਫੁਰਮਾਨ ਹੈ।

**ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤ ਸੰਸਾਰੁ ॥**

**ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨਾ ਕਰੇ ਵੀਚਾਰੁ ॥**

*ਸਲੋਕ ਮ: ੩, ਪੰਨਾ ੫੯੪*

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਾਮਕਲੀ ਰਾਗ ਵਿੱਚ ਬੜਾ ਹੀ ਕਰਣੀ-ਪ੍ਰਧਾਨ ਭਾਵਪੂਰਤ ਬਚਨ ਹੈ ਜਿਸ ਸਿੱਖ ਨੇ ਪ੍ਰਭੂ ਦਰ ਵਿੱਚ ਪ੍ਰਵਾਨਗੀ ਲੈਣੀ ਹੋਵੇ ਉਸ ਨੂੰ ਸਤਿਗੁਰੂ ਦੇ ਅੱਗੇ ਨਮਸਕਾਰ ਕਰਨ ਦੇ ਨਾਲ-ਨਾਲ, ਪ੍ਰਭੂ ਦੇ ਨਾਮ ਨੂੰ ਹਿਰਦੇ ਵਿੱਚ ਵਸਾਉਣਾ ਪਵੇਗਾ। ਸਤਿਗੁਰੂ ਅੱਗੇ ਦੁਨਿਆਵੀ ਪਦਾਰਥਾਂ ਦੀ ਭੇਟਾ ਰੱਖਣ ਦੇ ਨਾਲ-ਨਾਲ ਗੁਰਸਿੱਖ ਨੂੰ ਮਨ, ਬਚਨ ਅਤੇ ਕਰਮਾਂ ਵਿੱਚ ਸੱਚ ਦਾ ਧਾਰਨੀ ਬਣਨਾ ਪਵੇਗਾ। ਗੁਰਸਿੱਖ ਗੁਰੂ ਅੱਗੇ ਅਰਦਾਸ ਕੇਵਲ ਅੱਖਰਾਂ ਦੀ ਹੀ ਨਾ ਕਰੀ ਜਾਵੇ। ਅਰਦਾਸ ਕਰਦਿਆਂ ਸੱਤ ਅਤੇ ਸੰਤੋਖ ਨੂੰ ਆਪਣਾ ਜੀਵਨ ਅਧਾਰ ਬਣਾ ਲਏ। ਜਿਹੜਾ ਗੁਰਸਿੱਖ ਬਾਹਰੀ ਕਰਮਾਂ ਦੇ ਨਾਲ-ਨਾਲ ਸਤਿਗੁਰੂ ਦਾ ਕਰਣੀ-ਪ੍ਰਧਾਨ ਉਪਦੇਸ਼ ਆਪਣੇ ਹਿਰਦੇ ਵਿੱਚ ਧਾਰਨ ਕਰ ਲੈਂਦਾ ਹੈ, ਉਸ ਦਾ ਮੱਥਾ ਟੇਕਣਾ ਵੀ, ਉਸਦੀ ਭੇਟਾ ਰੱਖਣੀ ਵੀ, ਸਤਿਗੁਰੂ ਦੇ ਦਰ ਵਿੱਚ ਪ੍ਰਵਾਨ ਹੋ ਜਾਂਦੀ ਹੈ। ਨਾਮ ਜਪਣ ਅਤੇ ਸੱਤ ਸੰਤੋਖ ਦੇ ਧਾਰਨੀ ਦੀ ਅਰਦਾਸ ਜਦੋਂ ਗੁਰੂ ਚਰਨਾਂ ਵਿੱਚ ਪੁੱਜਦੀ ਹੈ, ਪ੍ਰਭੂ ਬੜੇ ਪਿਆਰ ਨਾਲ ਉਸ ਨੂੰ ਆਪਣੇ ਪਾਸ ਸੱਦ ਕੇ ਆਪਣੇ ਕੋਲ ਬਿਠਾ ਲੈਂਦਾ ਹੈ। ਮਾਨੋਂ ਆਪਣੇ ਸਰੂਪ ਵਿੱਚ ਅਭੇਦ ਕਰ ਲੈਂਦਾ ਹੈ।

**ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥**

**ਸਾਚੁ ਭੇਟ ਬੈਸਣ ਕਉ ਥਾਉ ॥**

**ਸਤੁ ਸੰਤੋਖੁ ਹੋਵੈ ਅਰਦਾਸਿ ॥**

**ਤਾ ਸੁਣਿ ਸਦਿ ਬਹਾਲੇ ਪਾਸਿ ॥** **ਰਾਮਕਲੀ ਮ: ੧, ਪੰਨਾ ੮੭੮**

ਸਤਿਗੁਰੂ ਦੇ ਅਦਬ ਸਤਿਕਾਰ ਅਤੇ ਹੁਕਮ ਮੰਨਣ ਦੇ ਸੁਮੇਲ ਦੁਆਰਾ ਹੀ ਗੁਰੂ ਦਰ ਵਿੱਚ ਪ੍ਰਵਾਨਗੀ ਪ੍ਰਾਪਤ ਹੁੰਦੀ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ—

**ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥**

*ਆਸਾ ਮ: ੧, ਪੰਨਾ ੪੭੧*

ਅਤੇ — **ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ ॥** **ਮ: ੧, ਪੰਨਾ ੪੨੧**

ਜਿਵੇਂ ਸੰਸਾਰ ਵਿੱਚ ਹਰ ਵਸਤੂ ਦੀ ਆਪੋ ਆਪਣੀ ਥਾਂ ਅਤੇ ਮਹਾਨਤਾ ਹੈ, ਤਿਵੇਂ ਪ੍ਰਮਾਰਥ ਵਿੱਚ ਵੀ ਹਰ ਕਰਮ ਦਾ ਆਪੋ ਆਪਣਾ ਵਿਸ਼ੇਸ਼ ਅਸਥਾਨ ਹੈ। ਪੜ੍ਹਨ ਦੀ ਆਪਣੀ ਮਹਾਨਤਾ ਹੈ। ਜੋ ਪੜ੍ਹ ਰਹੇ ਹਾਂ ਉਸ ਨੂੰ ਸੁਣ ਲੈਣਾ ਆਪਣੀ ਵਿਸ਼ੇਸ਼ਤਾ ਰੱਖਦਾ ਹੈ। ਜਿਸ ਪ੍ਰਥਾਇ ਪੜ੍ਹ ਅਤੇ ਸੁਣ ਰਹੇ ਹਾਂ ਉਸ ਨਾਲ ਪਿਆਰ ਕਰਨਾ ਆਪਣੀ ਵਿਲੱਖਣਤਾ ਰੱਖਦਾ ਹੈ। ਜਿਹੜਾ ਜਗਿਆਸੂ ਤਿੰਨਾਂ ਹੀ ਗੁਣਾਂ ਦਾ ਸੁਮੇਲੀ ਜੀਵਨ ਬਣਾ ਲੈਂਦਾ ਹੈ, ਉਸ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ, ਉਸ ਦਾ ਹਿਰਦਾ ਰੂਪੀ ਘਰ ਸੁੱਖਾਂ ਨਾਲ ਭਰਪੂਰ ਹੋ ਜਾਂਦਾ ਹੈ, ਸਾਹਿਬਾਂ ਦਾ ਬਚਨ ਹੈ—

**ਗਾਵੀਐ ਸੁਣੀਐ ਮਨਿ ਰਖੀਐ ਭਾਉ ॥**

**ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥** *ਜਪੁਜੀ ਪੰਨਾ ੨*

ਜਿਹੜਾ ਪ੍ਰੇਮੀ ਸਤਿਗੁਰੂ ਜੀ ਦੀ ਨਾਮ ਸਿੱਖਿਆ ਨੂੰ ਸੁਣ ਕੇ ਮਨ, ਬਚਨ ਅਤੇ ਕਰਮਾਂ ਕਰਕੇ ਮੰਨ ਲੈਂਦਾ ਹੈ, ਉਸ ਦੀ ਗਤੀ, ਉਸ ਦੀ ਮਹਿਮਾ, ਬਿਆਨ ਨਹੀਂ ਕੀਤੀ ਜਾ ਸਕਦੀ। ਜੇ ਕੋਈ ਨਾਮ ਸਿੱਖਿਆ ਮੰਨਣ ਵਾਲੇ ਦੀ ਮਹਿਮਾ ਬਿਆਨ ਕਰਨ ਦੀ ਡੀਂਗ ਵੀ ਮਾਰੇ ਅੰਤ ਉਸ ਨੂੰ ਪਛਤਾਉਣਾ ਪਵੇਗਾ। ਗੁਰੂ ਹੁਕਮਾਂ ਨੂੰ ਮੰਨਣ ਵਾਲੇ ਦੀ ਮਹਿਮਾਂ ਕਲਮ ਦੇ ਨਾਲ ਕਾਗਜ ਉੱਪਰ ਲਿਖ ਕੇ ਨਹੀਂ ਦਰਸਾਈ ਜਾ ਸਕਦੀ, ਅਤੇ ਨਾ ਹੀ ਜੁਬਾਨ ਦੁਆਰਾ ਕਥਨ ਕਰਕੇ ਗੁਰੂ ਹੁਕਮਾਂ ਨੂੰ ਮੰਨਣ ਵਾਲੇ ਦੀ ਮਹਾਨਤਾ ਦਾ ਜਿਕਰ ਹੀ ਕੀਤਾ ਜਾ ਸਕਦਾ ਹੈ। ਗੁਰੂ ਹੁਕਮਾਂ ਨੂੰ ਮੰਨਣ ਵਾਲੇ ਦੀ ਮਹਾਨਤਾ ਦਾ ਨਾ ਕੋਈ ਪਿਛੇ ਅੰਤ ਪਾ ਸਕਿਆ ਹੈ ਅਤੇ ਨਾ ਹੀ ਅਗਾਂਹ ਪਾ ਸਕੇਗਾ।

ਕਿੰਨੀ ਹੈ, ਗੁਰੂ ਸਿੱਖਿਆ ਅਤੇ ਨਾਮ ਨੂੰ ਮੰਨਣ ਵਾਲੇ ਦੀ ਵਡਿਆਈ ? ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਮੁਖਾਰਬਿੰਦ ਤੋਂ ਸ੍ਰਵਣ ਕਰੀਏ—



**ਮੰਨੇ ਕੀ ਗਤਿ ਕਹੀ ਨ ਜਾਇ ॥**

**ਜੇ ਕੋ ਕਹੈ ਪਿਛੈ ਪਛੁਤਾਇ ॥**

**ਕਾਗਦਿ ਕਲਮ ਨ ਲਿਖਣਹਾਰੁ ॥**

**ਮੰਨੇ ਕਾ ਬਹਿ ਕਰਨਿ ਵੀਚਾਰੁ ॥**

**ਐਸਾ ਨਾਮੁ ਨਿਰੰਜਨੁ ਹੋਇ ॥**

**ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥** *ਜਪੁਜੀ, ਪੰਨਾ ੩*

ਸਤਿਗੁਰੂ ਦੇ ਘਰ ਵਿੱਚ ਤਾਂ ਪ੍ਰਵਾਨਗੀ ਹੀ ਹੁਕਮ ਮੰਨਣ ਵਾਲਿਆਂ ਨੂੰ ਮਿਲੀ ਅਤੇ ਮਿਲਦੀ ਹੈ—

**ਹੁਕਮੁ ਮੰਨੇ ਸੋ ਜਨੁ ਪਰਵਾਣੁ ॥**

**ਗੁਰ ਕੈ ਸਬਦਿ ਨਾਮਿ ਨੀਸਾਣੁ ॥੧॥** *ਬਸੰਤ ਮ : ੩, ਪੰਨਾ ੧੧੭੫*

ਅਤੇ — **ਹੁਕਮੁ ਮੰਨੇ ਸੋਈ ਸੁਖੁ ਪਾਏ ਹੁਕਮੁ ਸਿਰਿ ਸਾਹਾ ਪਤਿਸਾਹਾ ਹੇ ॥**

*ਮਾਰੂ ਮ: ੩ ਪੰਨਾ ੧੦੫੫*

ਜਿੰਨ੍ਹਾਂ ਜਿੰਨ੍ਹਾਂ ਨੇ ਗੁਰੂ ਹੁਕਮਾਂ ਨੂੰ ਮੰਨ ਲਿਆ ਉਹ ਜੀਵਨ ਦੀ ਬਾਜੀ ਨੂੰ ਜਿੱਤ ਜਾਂਦੇ ਹਨ। ਇਸ ਲਈ ਜਿੱਥੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬਾਹਰੀ ਅਦਬ ਸਤਿਕਾਰ **"ਪ੍ਰਗਟ ਗੁਰਾਂ ਕੀ ਦੇਹ"** ਜਾਣ ਕੇ ਕਰਨਾ ਹੈ, ਉੱਥੇ "ਗੁਰੂ ਹੁਕਮਾਂ" ਗੁਰੂ ਸਿੱਖਿਆਵਾਂ ਨੂੰ ਆਪਣੇ ਜੀਵਨ ਅੰਦਰ ਕਮਾ ਹੰਢਾ ਕੇ ਸਤਿਗੁਰੂ ਦੀ ਪੂਰਨ ਪ੍ਰਸੰਨਤਾ ਪ੍ਰਾਪਤ ਕਰਨੀ ਹੈ।

❏❏❏

# ਸ੍ਰੀ ਗੁਰੂ ਗ੍ਰੰਥ ਸਾਹਿਬ ਕਾਵਿ ਅਤੇ ਬੋਲੀਆਂ ਦਾ ਭੰਡਾਰ

ਪੁਰਾਤਨ ਜਿੰਨੇ ਵੀ ਧਾਰਮਿਕ ਗ੍ਰੰਥ ਹਨ, ਉਹ ਬਹੁਤਾਤ ਵਿੱਚ ਵਾਰਤਕ ਕਹਾਣੀ ਰੂਪ ਵਿੱਚ ਹਨ। ਜੋ ਕਵਿਤਾ ਰੂਪ ਵਿੱਚ ਵੀ ਹਨ ਉਹ ਕੋਈ ਵੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਾਵਯ ਸ਼ੈਲੀ ਦਾ ਮੁਕਾਬਲਾ ਨਹੀਂ ਕਰ ਸਕਦੇ। ਜਿਥੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਹੁਤੀ ਬਾਣੀ ਉਸ ਸਮੇਂ ਦੀ ਆਮ ਬੋਲੀ, ਸੰਤ ਭਾਸ਼ਾ ਵਿੱਚ ਹੈ, ਉਥੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬ੍ਰਿਜ ਭਾਸ਼ਾ, ਹਿੰਦਵੀ, ਭੱਟ ਭਾਸ਼ਾ, ਗਾਥਾ, ਸਹਸਕ੍ਰਿਤੀ, ਮਰਾਠੀ, ਲਹਿੰਦੀ, ਪੰਜਾਬੀ, ਰੇਖਤਾ[੧], ਅਰਬੀ, ਫਾਰਸੀ ਅਤੇ ਹੋਰ ਬੇ-ਅੰਤ ਖੇਤਰਾਂ ਦੀਆਂ ਭਾਸ਼ਾਵਾਂ ਦਾ ਸ਼ਬਦ ਭੰਡਾਰ ਹੈ।

ਸਤਿਗੁਰੂ ਜੀ ਅਤੇ ਭਗਤਾਂ ਨੇ ਬਿਨਾਂ ਵਿਤਕਰੇ, ਜਿਸ ਤਰ੍ਹਾਂ ਦੀ ਕੋਈ ਬੋਲੀ ਸਮਝਦਾ ਸੀ, ਉਸੇ ਬੋਲੀ ਵਿੱਚ ਰੱਬੀ ਉਪਦੇਸ਼ ਉਸਨੂੰ ਦੇ ਕੇ ਪ੍ਰਭੂ ਨਾਲ ਜੋੜਿਆ। ਉਸ ਸਮੇਂ ਦੇ ਵੰਨ-ਸੁਵੰਨੇ ਗੀਤ, ਲੈਅ, ਧਾਰਨਾਵਾਂ ਜੋ ਲੋਕਾਂ ਵਿੱਚ ਹਰਮਨ ਪਿਆਰੇ ਹੋ ਚੁੱਕੇ ਸਨ, ਸਤਿਗੁਰਾਂ ਅਤੇ ਭਗਤਾਂ ਨੇ ਉਨ੍ਹਾਂ ਲੋਕ ਧਾਰਨਾਵਾਂ ਨੂੰ ਹੀ ਅਧਾਰ ਬਣਾ ਕੇ ਉਸੇ ਵਿੱਚ ਬਾਣੀ ਰਚ ਕੇ ਲੋਕਾਈ ਨੂੰ ਸਤਿ ਧਰਮ ਦਾ ਉਪਦੇਸ਼ ਬਖਸ਼ਿਆ। ਗੁਰਬਾਣੀ ਵਿੱਚ ਜੋ ਉਸ ਸਮੇਂ ਦੀ ਲੋਕ-ਪ੍ਰਿਯ ਕਾਵਿ ਦੇ ਰੂਪ ਵਰਤੇ ਗਏ ਹਨ, ਉਨ੍ਹਾਂ ਵਿਚੋਂ ਵਿਸ਼ੇਸ਼ ਹੇਠ ਲਿਖੇ ਹਨ-

| | | | | |
|---|---|---|---|---|
| ਆਰਤੀ | ਅੰਜਲੀ | ਅਲਾਹਣੀਆ | ਸੋਹਿਲਾ | ਸਦੁ |
| ਕਰਹਲੇ | ਕਾਫੀ | ਥਿਤੀ | ਘੋੜੀਆ | ਚਉਬੋਲੇ |
| ਛੰਤ | ਡਖਣੇ | ਦਿਨ ਰੈਣਿ | ਪਹਰੇ | ਪਟੀ |
| ਬਾਰਹ ਮਾਹਾ | ਬਾਵਨ ਅਖਰੀ | ਬਿਰਹੜੇ | ਮੰਗਲ | ਰੁਤੀ |
| ਵਣਜਾਰਾ | ਵਾਰਾਂ | ਵਾਰ ਸਤ। | | |

ਸਤਿਗੁਰੂ ਜੀ ਨੇ 22 ਵਾਰਾਂ ਰਚ ਕੇ ਉਸ ਸਮੇਂ ਦੀਆਂ ਪ੍ਰਚਲਤ ਲੋਕ-ਪ੍ਰਸਿਧ ਸੂਰਮਿਆਂ ਦੀਆਂ ਵਾਰਾਂ ਦੀਆਂ ਨੌ ਧੁਨਾਂ ਦੇ ਸੰਕੇਤ ਦੇ ਕੇ ਰਾਗੀ ਸਿੰਘਾਂ ਨੂੰ ਗੁਰਬਾਣੀ ਕੀਰਤਨ ਕਰਨ ਲਈ ਪ੍ਰੇਰਨਾ ਦਿੱਤੀ।

---

*੧. ਰਲਵੀ ਬੋਲੀ (ਫਾਰਸੀ, ਅਰਬੀ-ਤੁਰਕੀ ਦਾ ਸੁਮੇਲ)।*



# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰਾਗਾਂ ਨੂੰ ਮਹਾਨਤਾ

ਸਤਿਗੁਰਾਂ ਤੇ ਭਗਤਾਂ ਨੇ ਸਾਰੀ ਗੁਰਬਾਣੀ ਰਾਗਾਂ ਵਿੱਚ ਉਚਾਰੀ ਅਤੇ ਰਾਗਾਂ ਵਿੱਚ ਗਾਉਣ ਦੀ ਹਦਾਇਤ ਕੀਤੀ ਹੈ। ਕਿਉਂ ਕਿ ਸੰਗੀਤ ਮਨ ਨੂੰ ਇਕਾਗਰਤਾ ਬਖਸ਼ਿਸ਼ ਕਰਕੇ ਵਿਸਮਾਦੀ ਦਸ਼ਾ ਪ੍ਰਦਾਨ ਕਰਦਾ ਹੈ। ਸੰਗੀਤ-ਕਾਰ ਅਤੇ ਨਾਦ ਰਸੀਏ ਤਾਂ ਇਥੋਂ ਤੱਕ ਕਹਿੰਦੇ ਹਨ ਕਿ ਸਾਰੇ ਸੰਸਾਰ ਦਾ ਮੂਲ ਨਾਦ ਹੈ। ਨਾਦ ਤੋਂ ਹੀ ਸਾਰੀ ਸ੍ਰਿਸ਼ਟੀ ਪੈਦਾ ਹੋਈ ਹੈ। ਨਾਦ (ਧੁਨ) ਤੋਂ ਹੀ ਅੱਖਰ ਅਤੇ ਅੱਖਰਾਂ ਤੋਂ ਵਰਣ, ਵਰਣ ਤੋਂ ਪਦ ਤੇ ਪਦਾਂ ਤੋਂ ਬੋਲੀ ਹੋਂਦ ਵਿੱਚ ਆਉਂਦੀ ਹੈ। ਇਸੇ ਲਈ ਗੁਰਬਾਣੀ ਵਿੱਚ ਵੀ ਕੀਰਤਨ ਨੂੰ ਸਰਬੋਤਮ ਮੰਨ ਕੇ **"ਕੀਰਤਨੁ ਨਿਰਮੋਲਕ ਹੀਰਾ"** ਫੁਰਮਾਨਿਆ ਹੈ।

ਸਾਰੀ ਗੁਰਬਾਣੀ ਇਕੱਤੀ ਰਾਗਾਂ ਵਿੱਚ ਹੇਠ ਲਿਖੇ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤੀ ਗਈ ਹੈ :-

| | | | | |
|---|---|---|---|---|
| ਸਿਰੀ ਰਾਗੁ | ਮਾਝ | ਗਉੜੀ | ਆਸਾ | ਗੂਜਰੀ |
| ਦੇਵਗੰਧਾਰੀ | ਬਿਹਾਗੜਾ | ਵਡਹੰਸੁ | ਸੋਰਠਿ | ਧਨਾਸਰੀ |
| ਜੈਤਸਰੀ | ਟੋਡੀ | ਬੈਰਾੜੀ | ਤਿਲੰਗ | ਸੂਹੀ |
| ਬਿਲਾਵਲੁ | ਗੋਂਡ | ਰਾਮਕਲੀ | ਨਟ | ਮਾਲੀ ਗਉੜਾ |
| ਮਾਰੂ | ਤੁਖਾਰੀ | ਕੇਦਾਰਾ | ਭੈਰਉ | ਬਸੰਤੁ |
| ਸਾਰਗ | ਕਾਨੜਾ | ਮਲਾਰ | ਕਲਿਆਨ | ਪ੍ਰਭਾਤੀ |
| ਜੈਜਾਵੰਤੀ | | | | |

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਾਗ ਕਲਾ ਦਾ ਅਨੂਠਾ ਅਤੇ ਨਿਵੇਕਲਾ ਭੰਡਾਰ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਗਾਂ ਨੂੰ ਬਿਅੰਤ ਮਹਾਨਤਾ ਦਿੱਤੀ ਹੈ। ਆਪ ਜੀ ਰਾਮਕਲੀ ਦੀ ਵਾਰ ਵਿਚ ਫੁਰਮਾਉਂਦੇ ਹਨ :-

**ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥**
**ਧੰਨੁ ਸੁ ਜੰਤ ਸੁਹਾਵੜੇ ਜੋ ਗੁਰਮੁਖਿ ਜਪਦੇ ਨਾਉ ॥**

*ਸਲੋਕ ਮ: ੫, ਪੰਨਾ ੯੫੮*

ਉਹ ਰਾਗ ਧੰਨਤਾ ਦੇ ਜੋਗ ਹਨ, ਜਿਨ੍ਹਾਂ ਰਾਗਾਂ ਦੁਆਰਾ ਪ੍ਰਭੂ ਕੀਰਤੀ ਪ੍ਰਭੂ ਨਾਮ ਜਪਿਆ ਜਾਂਦਾ ਹੈ, ਕਿਉਂਕਿ ਰਾਗ ਮਨ ਨੂੰ ਇਕਾਗਰਤਾ ਪ੍ਰਦਾਨ ਕਰਦਾ ਹੈ। ਪ੍ਰਭੂ ਕੀਰਤੀ, ਪ੍ਰਭੂ ਨਾਮ ਮਨ ਨੂੰ ਸ਼ਾਂਤੀ ਅਤੇ ਪ੍ਰਮਾਤਮਾਂ ਵਿੱਚ ਅਭੇਦਤਾ ਬਖਸ਼ਿਸ਼ ਕਰਦੇ ਹਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਿਸ਼ਾ-ਵਸਤੂ

ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਿਸ਼ਾ-ਵਸਤੂ ਨਾ ਇਤਿਹਾਸ ਹੈ, ਨਾ ਮਿਥਿਹਾਸ ਹੈ, ਨਾ ਹੀ ਕਰਮ ਕਾਂਡ ਤੇ ਉਪਾਸ਼ਨਾਂ ਦੀਆਂ ਵਿਧੀਆਂ ਹਨ, ਸਗੋਂ ਭਰਮਾਂ ਵਹਿਮਾਂ, ਕਰਮ ਕਾਡਾਂ ਦਾ ਖੰਡਨ ਜ਼ਰੂਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕੇਵਲ ਤੇ ਕੇਵਲ ਸੱਚ ਹੈ :-

1. ਸੱਚ ਕੀ ਹੈ ?
2. ਸੱਚ ਦਾ ਸਰੂਪ ਕੀ ਹੈ ?
3. ਸੱਚ ਦੀ ਪ੍ਰਾਪਤੀ ਦੇ ਸਾਧਨ ਕਿਹੜੇ ਹਨ ?
4. ਜਿਨ੍ਹਾਂ ਨੇ ਸੱਚ ਪ੍ਰਾਪਤ ਕਰ ਲਿਆ, ਉਨ੍ਹਾਂ ਦੀ ਅਵਸਥਾ ਕੀ ਹੈ ?
5. ਜਿਨ੍ਹਾਂ ਨੇ ਸੱਚ ਨੂੰ ਨਹੀਂ ਪ੍ਰਾਪਤ ਕੀਤਾ ਉਨ੍ਹਾਂ ਦੀ ਦਸ਼ਾ ਕੀ ਹੈ ?
6. ਸੱਚ ਦੀ ਪ੍ਰਾਪਤੀ ਵਿੱਚ ਕੀ ਰੁਕਾਵਟਾਂ ਹਨ ? ਉਨ੍ਹਾਂ ਨੂੰ ਦੂਰ ਕਰਨ ਦਾ ਸਾਧਨ ਕੀ ਹੈ ?

ਸਾਰੀ ਗੁਰਬਾਣੀ ਮਨੁੱਖ ਨੂੰ ਸਚਿਆਰ ਅਤੇ ਸੰਪੂਰਨ ਮਨੁੱਖ ਬਣਨ ਵਾਸਤੇ ਪ੍ਰੇਰਦੀ ਅਤੇ ਮਾਰਗ ਦਰਸ਼ਨਾਉਂਦੀ ਹੈ। ਭਾਵੇਂ ਸਾਰੀ ਗੁਰਬਾਣੀ ਲੰਬੀ ਹੈ, ਪਰ ਗੁਰਬਾਣੀ ਲਗਾਤਾਰ ਪੜ੍ਹਦਿਆਂ ਕੋਈ ਅਕੇਵਾਂ-ਥਕੇਵਾਂ ਨਹੀਂ ਹੁੰਦਾ ਸਗੋਂ ਗੁਰਬਾਣੀ ਲਗਾਤਾਰੀ ਇੱਕ ਰਸ ਅਤੇ ਅਨੰਦ ਪ੍ਰਦਾਨ ਕਰਦੀ ਪ੍ਰਭੂ ਦੇ ਨੇੜੇ ਲੈ ਜਾਂਦੀ ਹੈ। ਈਰਖਾ-ਦ੍ਵੈਖ ਦੇ ਸਾੜੇ ਨੂੰ ਮਾਰ ਕੇ ਮਨ ਨੂੰ ਸ਼ਾਂਤੀ ਪ੍ਰਦਾਨ ਕਰਦੀ ਹੈ। ਇਸੇ ਕਰਕੇ ਮਾਝ ਰਾਗ ਵਿੱਚ ਸਾਹਿਬ ਗੁਰੂ ਅਰਜਨ ਦੇਵ ਜੀ ਨੇ ਫੁਰਮਾਨ ਕੀਤਾ ਹੈ:

**ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥ ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ ॥**
**ਜਲਨਿ ਬੁਝੀ ਸੀਤਲੁ ਹੋਇ ਮਨੂਆ ॥ ਸਤਿਗੁਰ ਕਾ ਦਰਸਨੁ ਪਾਏ ਜੀਉ ॥ ੧ ॥**

*ਮਾਝ ਮਹਲਾ ੫, ਪੰਨਾ ੧੦੩*

ਗੁਰਬਾਣੀ ਇੱਕ ਅਤੁੱਟ ਅੰਮ੍ਰਿਤ ਦਾ ਪ੍ਰਵਾਹ ਹੈ। ਗੁਰਬਾਣੀ ਪ੍ਰਭੂ ਦੇ ਚੂ-ਚਹੇ ਰੰਗ ਵਿੱਚ ਰੰਗੀ ਹੋਈ ਹੈ। ਜੋ ਬਾਣੀ ਨਾਲ ਜੁੜਦਾ ਹੈ, ਉਸ ਦੀ ਆਤਮਾਂ ਨੂੰ ਵੀ ਰੰਗ ਚਾੜ੍ਹ ਦਿੰਦੀ ਹੈ।

ਗੁਰਬਾਣੀ ਦੁਆਰਾ ਹੀ ਕਰਤਾ ਪੁਰਖ ਦਾ ਦੀਦਾਰ ਨਸੀਬ ਹੁੰਦਾ ਹੈ। ਗੁਰਬਾਣੀ ਰਾਹੀਂ ਕਰਤਾਰ ਦੀ ਛੋਹ ਮਿਲਦੀ ਅਤੇ ਸਦੀਵੀਂ ਅਨੰਦ, ਖੇੜਾ ਪ੍ਰਾਪਤ ਹੁੰਦਾ ਹੈ। ਗੁਰਬਾਣੀ ਪ੍ਰਭੂ-ਪ੍ਰਮਾਤਮਾਂ ਵਿੱਚ ਅਭੇਦਤਾ ਕਰਵਾ ਦਿੰਦੀ ਹੈ। ਗੁਰਬਾਣੀ ਪੜ੍ਹਨ ਤੇ ਨਾਮ ਸਿਮਰਨ ਕਰਨ ਵਾਲੇ ਦੇ ਜਮਦੂਤ ਵੀ ਨੇੜੇ ਨਹੀਂ ਆਉਂਦੇ। ਇਸ ਲਈ



ਗੁਰਬਾਣੀ ਨੂੰ ਹਮੇਸ਼ਾਂ-ਹਮੇਸ਼ਾਂ ਲਈ ਹਿਰਦੇ ਵਿੱਚ ਵਸਾਈ ਰੱਖਣਾ ਚਾਹੀਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ-

**ਹਮਾਰੀ ਪਿਆਰੀ ਅੰਮ੍ਰਿਤ ਧਾਰੀ ਗੁਰਿ ਨਿਮਖ ਨ ਮਨ ਤੇ ਟਾਰੀ ਰੇ ॥ ੧ ॥ ਰਹਾਉ ॥**
**ਦਰਸਨ ਪਰਸਨ ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ ॥ ੧ ॥**
**ਖਿਨੁ ਰਮ ਗੁਰ ਗਮ ਹਰਿ ਦਮ ਨਹ ਜਮ ਹਰਿ ਕੰਠਿ ਨਾਨਕ ਉਰਿ ਹਾਰੀ ਰੇ ॥੨ ॥੫੧ ॥੧੩੪ ॥**

*ਆਸਾ ਮ : ੫ (ਪੰਨਾ ੪੦੪)*

ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਜਮੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੁੰਦਾਵਣੀ ਦੇ ਸ਼ਬਦ ਵਿੱਚ ਮੂਰਤੀਮਾਨ ਕੀਤਾ ਹੈ। ਉਹ ਮਜ਼ਮੂਨ ਹੈ, ਸਤਿ ਦੀ ਪ੍ਰਾਪਤੀ, ਸੰਤੋਖ ਦੇ ਧਾਰਨੀ ਬਣਨਾ, ਸੁਭ ਵੀਚਾਰਾਂ ਦਾ ਸੰਗ੍ਰਹਿਣ ਅਤੇ ਅਮਲ ਕਰ ਅੰਮ੍ਰਿਤ ਨਾਮ ਨੂੰ ਨਿੱਤ ਹੀ ਹਿਰਦੇ ਵਿੱਚ ਵਸਾਉਣਾ। ਜਿਹੜਾ ਇਸ ਉਪਦੇਸ਼ ਦਾ ਧਾਰਨੀ ਬਣ ਜਾਵੇਗਾ ਉਸ ਦੇ ਪ੍ਰਭੂ ਪ੍ਰਾਪਤੀ ਦੇ ਰਸਤੇ ਵਿੱਚ ਤਮ ਸੰਸਾਰ ਬਾਧਕ ਨਹੀਂ ਬਣੇਗਾ। ਉਸਨੂੰ ਤਮ ਸੰਸਾਰ ਵੀ ਬ੍ਰਹਮ ਪਸਾਰ ਹੀ ਦਿਸੇਗਾ। ਜਿਵੇਂ ਸਰੀਰ ਨੂੰ ਅਹਾਰ ਦੇਣ ਲਈ ਮਨੁੱਖ ਤਰ੍ਹਾਂ-ਤਰ੍ਹਾਂ ਦੇ ਥਾਲ ਵਿੱਚ ਭੋਜਨ ਪਰੋਸ ਕੇ ਅਚਵਦਾ[3] ਅਤੇ ਭੋਜਨ ਦੇ ਰਸਾਂ ਨੂੰ ਮਾਣਦਾ ਹੈ।

ਤਿਵੇਂ ਗੁਰੂ ਗ੍ਰੰਥ ਸਾਹਿਬ ਆਤਮਿਕ ਭੋਜਨ ਦਾ ਥਾਲ ਪਰੋਸ ਕੇ, ਸਤਿਗੁਰਾਂ ਨੇ ਸਾਡੀ ਆਤਮਾਂ ਦੇ ਅਹਾਰ ਵਾਸਤੇ ਬਖਸ਼ਿਸ਼ ਕੀਤਾ ਹੈ ਅਤੇ ਨਾਲ ਹੀ ਤਾਕੀਦ ਕੀਤੀ ਹੈ ਕਿ ਇਸ ਆਤਮਿਕ ਅਹਾਰੀ ਭੋਜਨ ਨੂੰ ਜਿਹੜਾ ਵੀ ਭੁੰਚੇਗਾ ਉਸਨੂੰ ਜਿੱਥੇ ਸੁੱਖ ਸ਼ਾਂਤੀ ਮਿਲੇਗੀ ਉੱਥੇ ਉਸ ਦੀ ਆਤਮਾਂ ਦਾ ਉਧਾਰ ਹੋ ਜਾਵੇਗਾ। ਐਸੇ ਅਮੋਲਕ ਆਤਮਿਕ ਅਹਾਰ ਨੂੰ ਕਦੇ ਵੀ ਛੱਡਣਾ ਨਹੀਂ ਚਾਹੀਦਾ, ਇਸ ਨੂੰ ਨਿੱਤ ਹੀ ਹਿਰਦੇ ਵਿੱਚ ਧਾਰੀ ਰੱਖਣ ਦੀ ਲੋੜ ਹੈ। ਜੋ ਜੋ ਵੀ ਇਸ ਆਤਮ ਭੋਜਨ ਨੂੰ ਭੁੰਚੇਗਾ, ਉਸਦਾ ਅਗਿਆਨ-ਤਮ ਦੂਰ ਹੋ ਜਾਵੇਗਾ ਅਤੇ ਉਸ ਨੂੰ ਇਹ ਸੰਸਾਰ ਹਰੀ ਦਾ ਰੂਪ ਦਿਸਣ ਲੱਗ ਪਵੇਗਾ। ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰ ਨੂੰ ਮੁੰਦਾਵਣੀ ਦੇ ਸ਼ਬਦ ਦੁਆਰਾ ਪੜ੍ਹੀਏ, ਸੋਝੀ ਪੈ ਜਾਵੇਗੀ—

**ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥**
**ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥**
**ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥**
**ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥**
**ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧ ॥**

*ਮੁੰਦਾਵਣੀ ਮ: ੫ (ਪੰਨਾ : ੧੪੨੯)*

---

*੧. ਅੰਧੇਰਾ ੨. ਰੁਕਾਵਟ ੩. ਖਾਂਦਾ*

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬ੍ਰਹਮੰਡ ਪਸਾਰੇ ਦੇ ਸੰਕੇਤ

ਜਿੱਥੇ ਸਾਰੀ ਗੁਰਬਾਣੀ ਵਿੱਚ, ਸੱਚ ਨਾਲ ਜੁੜਨ ਦੀ ਪ੍ਰੇਰਨਾ ਹੈ, ਸਚਿਆਰ ਬਣਨ ਲਈ ਮਾਰਗ ਦਰਸਾਇਆ ਹੈ, ਸੱਚ ਦੇ ਸੋਹਿਲੇ ਗਾਏ ਹਨ, ਸਚਿਆਰਾਂ ਦੀ ਅਵਸਥਾ ਬਿਆਨ ਕਰਕੇ ਕੂੜਿਆਰਾਂ ਨੂੰ ਪੈਣ ਵਾਲੀਆਂ ਲਾਹਣਤਾਂ ਤੋਂ ਬਚਣ ਲਈ ਪ੍ਰੇਰਿਆ ਹੈ, ਉਥੇ ਉਸ ਸਮੇਂ ਪ੍ਰਕਿਰਤੀ ਦੇ ਗੁੱਝੇ ਭੇਦ ਜਾਣਨ ਦੇ ਸਥੂਲ ਸਾਧਨ ਈਜਾਦ ਨਾ ਹੋਣ ਕਰਕੇ ਮਨੁੱਖ ਨੇ ਅਗਿਆਨਤਾ ਵੱਸ, ਆਪਣੀ ਸੀਮਤ ਬੁੱਧੀ ਨਾਲ ਜੋ ਗਲਤ ਧਾਰਨਾਵਾਂ ਬਣਾ ਲਈਆਂ ਹੋਈਆਂ ਸਨ, ਸਤਿਗੁਰ ਜੀ ਨੇ ਆਪਣੀ ਦਿੱਬ-ਦ੍ਰਿਸ਼ਟੀ ਨਾਲ ਸੁਤੇ-ਸਿੱਧ ਹੀ ਅਸਲੀਅਤ ਨੂੰ ਮਨੁੱਖਤਾ ਸਾਹਮਣੇ ਰੱਖ ਕੇ ਲੋਕਾਈ ਨੂੰ ਅਗਿਆਨਤਾ ਦੇ ਭਰਮ ਵਿਚੋਂ ਕੱਢਣ ਦਾ ਸਾਰਥਿਕ ਉਪਰਾਲਾ ਕੀਤਾ।

ਜਿਵੇਂ ਕਿ ਉਸ ਸਮੇਂ ਸੂਰਜ, ਚੰਦਰਮਾਂ ਨੂੰ ਦੇਵਤੇ ਮੰਨ ਕੇ ਲੋਕ ਪੂਜਦੇ ਸਨ। ਲੋਕਾਂ ਦਾ ਯਕੀਨ ਸੀ ਕਿ ਤਿੰਨ ਜਾਂ ਚੌਦਾਂ ਤਬਕਾਂ ਤੋਂ ਅੱਗੇ ਕੁਛ ਵੀ ਨਹੀਂ ਹੈ। ਧਰਤੀ ਵੀ ਇੱਕ ਹੀ ਹੈ ਪਰ ਗੁਰੂ ਨਾਨਕ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਬਾਣੀ ਜਪੁਜੀ ਸਾਹਿਬ ਵਿੱਚ ਬੜੀ ਦਲੇਰੀ ਦੇ ਨਾਲ ਅਸਲੀਅਤ ਨੂੰ ਦਰਸਾਇਆ ਕਿ ਸੂਰਜ ਚੰਦਰਮਾਂ ਇੱਕ-ਇੱਕ ਹੀ ਨਹੀਂ, ਗਿਣਤੀ ਤੋਂ ਬਾਹਰ, ਪਤਾ ਨਹੀਂ ਕਿੰਨੇ ਚੰਦ੍ਰਮਾਂ ਅਤੇ ਕਿੰਨੇ ਕੁ ਸੂਰਜ ਹਨ। ਕੋਈ ਗਿਣਤੀ ਨਹੀਂ ਕਰ ਸਕਦਾ ਅਤੇ ਗਿਣਤੀ ਤੋਂ ਪਰੇ ਕਰਮ ਭੂਮੀਆਂ (ਧਰਤੀਆਂ) ਹਨ। ਬੇਅੰਤ ਦੀ ਰਚਨਾ ਬੇ-ਅੰਤ ਹੈ। ਆਪ ਜੀ ਨੇ ਫੁਰਮਾਨ ਕੀਤਾ-

**ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥**

ਅਤੇ—**ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥** *ਜਪੁਜੀ ਸਾਹਿਬ ਪੰਨਾ ੭*

ਅਕਾਸ਼ ਜਾਂ ਪਤਾਲ ਕੋਈ ਤਿੰਨ ਜਾਂ ਚੌਦਾਂ ਨਹੀਂ, ਲੱਖਾਂ ਹੀ ਪਤਾਲ ਤੇ ਲੱਖਾਂ ਹੀ ਅਕਾਸ਼ ਹਨ। ਲੱਖਾਂ ਕਹਿ ਕੇ ਵੀ ਗਿਣਤੀ ਸੀਮਤ ਨਹੀਂ ਕੀਤੀ ਜਾ ਸਕਦੀ ਬੇਅੰਤ ਦਾ ਪਸਾਰਾ ਵੀ ਬਿਅੰਤ ਹੈ :-

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥**

**ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥**

*ਜਪੁਜੀ ਸਾਹਿਬ ਪੰਨਾ ੫*



ਬੇਅੰਤ ਦੀ ਰਚਨਾ ਦੀ ਕੋਈ ਸੀਮਾਂ ਸਥਾਪਤ ਨਹੀਂ ਕੀਤੀ ਜਾ ਸਕਦੀ। ਪ੍ਰਮਾਣੂ ਯੰਤ੍ਰਾਂ ਦੀਆਂ ਕਾਢਾਂ, ਮਿਜਾਈਲ, ਰਾਕਟ ਆਦਿ ਦੇ ਰੂਪ ਵਿੱਚ ਕਲ ਦੀਆਂ ਗੱਲਾਂ ਹਨ। ਪੰਜਾਹ ਸੱਠ ਸਾਲ ਪਹਿਲਾਂ ਪਰਮਾਣੂ ਯੰਤ੍ਰਾਂ ਦੀ ਕਿਆਸ-ਅਰਾਈ ਵੀ ਨਹੀਂ ਕੀਤੀ ਜਾ ਸਕਦੀ ਸੀ ਪਰ ਸਤਿਗੁਰੂ ਜੀ ਨੇ ਪੰਜ ਸੌ ਸਾਲ ਪਹਿਲਾਂ ਪ੍ਰਮਾਣੂ ਪ੍ਰਯੰਤਰਾਂ ਦਾ ਸੰਕੇਤ ਦੇ ਕੇ ਫੁਰਮਾਨ ਕੀਤਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਮਨੁੱਖ ਪ੍ਰਮਾਣੂ ਦੇ ਬਣੇ ਯੰਤ੍ਰਾਂ ਨਾਲ ਇੱਕ ਅੱਖ ਦੇ ਫੋਰ ਵਿੱਚ ਅਕਾਸ਼ਾਂ, ਪਤਾਲਾਂ, ਦੀਪਾਂ, ਮੰਡਲਾਂ ਵਿੱਚ ਘੁੰਮ ਫਿਰ ਕੇ ਆਉਣ ਦੀ ਸਮਰੱਥਾ ਵਾਲਾ ਹੋ ਵੀ ਜਾਵੇ, ਫਿਰ ਵੀ ਮਨੁੱਖ ਸੁਖੀ ਨਹੀਂ ਹੋ ਸਕਦਾ। ਸੁੱਖ ਕੇਵਲ ਗੁਰੂ ਦੀ ਸ਼ਰਨ ਪ੍ਰਾਪਤ ਕੀਤਿਆਂ ਹੀ ਮਿਲਣਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :-

**ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ ॥**

**ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧ੍ਯਤੇ ॥੨॥**

*ਮਹਲਾ ੫ ਗਾਥਾ, ਪੰਨਾ ੧੩੬੦*

ਸੰਸਾਰ ਦੀ ਉਤਪਤੀ ਪ੍ਰਤੀ ਸਾਇੰਸਦਾਨ ਡਾਰਵਿਨ ਦੀ ਥਿਊਰੀ ਥੋੜ੍ਹਾ ਸਮਾਂ ਪਹਿਲਾਂ ਲੋਕਾਂ ਸਾਹਮਣੇ ਆਈ ਹੈ ਪਰ ਸਤਿਗੁਰ ਨਾਨਕ ਦੇਵ ਜੀ ਨੇ ਪੰਜ ਸੌ ਸਾਲ ਪਹਿਲਾਂ ਆਪਣੇ ਮੁਖਾਰਬਿੰਦ 'ਚੋਂ ਗੁਰਬਾਣੀ ਵਿੱਚ ਅੰਕਿਤ ਕੀਤਾ ਹੈ ਕਿ ਇੱਕ ਸੱਚੇ ਪ੍ਰਮੇਸ਼ਰ ਜੀ ਤੋਂ ਧੁੰਧੂਕਾਰ ਦੀ ਅਵਸਥਾ ਵਿਚੋਂ ਪਵਣ (ਗੈਸ) ਪੈਦਾ ਹੋਈ। ਪਵਣ ਤੋਂ ਪਾਣੀ ਹੋਂਦ ਵਿੱਚ ਆਇਆ, ਪਾਣੀ ਤੋਂ ਹੀ ਸਾਰੀ ਸ੍ਰਿਸ਼ਟੀ ਪੈਦਾ ਹੋਈ ਹੈ ਅਤੇ ਸਾਰੀ ਸ੍ਰਿਸ਼ਟੀ ਵਿੱਚ ਪ੍ਰਭੂ ਆਪ ਸਮਾਇਆ ਹੋਇਆ ਹੈ। ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਨੇ ਫੁਰਮਾਨ ਕੀਤਾ ਹੈ :-

**ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥**

**ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥**

*ਸਿਰੀ ਰਾਗੁ ਮਹਲ ੧, ਪੰਨਾ ੧੯*

ਥੋੜ੍ਹਾ ਸਮਾਂ ਪਹਿਲਾਂ ਦਾਨਸ਼ਮੰਦ ਨੇ ਇਹ ਮੰਨਦੇ ਸਨ ਕਿ ਕੇਵਲ ਧਰਤੀ ਘੁੰਮਦੀ ਹੈ। ਸੂਰਜ ਚੰਦਰਮਾਂ ਇੱਕ ਥਾਂ ਹੀ ਟਿਕੇ ਹੋਏ ਹਨ ਪਰ ਸਤਿਗੁਰੂ ਜੀ ਨੇ ਸੂਰਜ, ਚੰਦਰਮਾਂ, ਧਰਤੀ, ਨਛੱਤ੍ਰਾਂ ਦੇ ਕ੍ਰੋੜਾਂ ਮੀਲ ਘੁੰਮਣ ਦੇ ਸੰਕੇਤ ਗੁਰਬਾਣੀ ਵਿੱਚ ਪਹਿਲਾਂ ਹੀ ਦਿੱਤੇ ਹਨ, ਜਿਸ ਨੂੰ ਕਿ ਸਾਇੰਸ ਨੇ ਹੁਣ ਤਸਲੀਮ ਕੀਤਾ ਹੈ :-

**ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥**

*ਸਲੋਕ ਮਹਲਾ ੧, ਪੰਨਾ ੪੬੪*

❑❑❑

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਥਾਇ ਵਿਦਵਾਨਾਂ ਦੇ ਵੀਚਾਰ

ਜਿੱਥੇ ਆਪਾਂ ਨੇ ਪਿਛਲੇ ਪੰਨਿਆਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਕਿਉਂ ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦੀ ਲੋੜ ਕਿਉਂ ਪਈ ਅਤੇ ਗੁਰਬਾਣੀ ਦਾ ਸਤਿਕਾਰ ਕਿਉਂ ਕਰਨਾ ਹੈ ? ਸਿੱਖ ਧਰਮ ਦਾ ਅਕੀਦਾ ਕੀ ਹੈ ? ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁਖੀ, ਸਹਿਜ ਸੁਹੇਲਾ, ਸਫਲ ਜੀਵਨ ਜਿਊਣ ਦਾ ਮਾਰਗ ਦਰਸ਼ਨਾਉਂਦੇ ਹਨ, ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਕਾਵਯ ਅਤੇ ਭਾਸ਼ਾਵਾਂ ਦੇ ਅਦਭੁੱਤ ਭੰਡਾਰ ਹਨ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸੁਤੇ ਹੀ ਸਤਿਗੁਰਾਂ ਅਤੇ ਭਗਤ ਜਨਾਂ ਨੇ ਪ੍ਰਕ੍ਰਿਤੀ ਦੇ ਗੁੱਝੇ ਰਹੱਸਾਂ ਪ੍ਰਤੀ ਵੀ ਥਾਂ ਪੁਰ ਥਾਂ ਗਿਆਨ ਬਖਸ਼ਿਆ ਹੈ ਜੋ ਅਜੋਕੇ ਸਾਇੰਸ ਦੇ ਬੋਧਕ ਯੁਗ ਵਿੱਚ ਆਪਣੀ ਨਿਵੇਕਲੀ ਥਾਂ ਰੱਖਦਾ ਹੈ। ਜਿਉਂ-ਜਿਉਂ ਸਾਇੰਸ ਤਰੱਕੀ ਕਰਦੀ ਹੈ, ਬਾਕੀ ਧਰਮ ਸਾਇੰਸ ਦੀ ਕਸਵੱਟੀ ’ਤੇ ਪੂਰੇ ਨਹੀਂ ਉਤਰਦੇ ਪਰ ਗੁਰੂ ਗ੍ਰੰਥ ਸਾਹਿਬ ਜੀ ਦੀ ਦਿੱਖ ਹੋਰ ਨਿਵੇਕਲੀ ਅਤੇ ਨਿੱਖਰ ਕੇ ਸਾਇੰਸ ਨੂੰ ਹੋਰ ਪੜਚੋਲ ਕਰਨ ਲਈ ਚੈਲੰਜ ਕਰਦੀ ਹੈ ਕਿ ਜੋ ਕੁਝ ਤੁਸੀਂ ਵੇਖਿਆ ਅਤੇ ਪੜਚੋਲਿਆ ਹੈ, ਇਹ ਸਮੁੰਦਰ ਦੇ ਕਿਨਾਰੇ ਤੋਂ ਕੌਡੀਆਂ ਅਤੇ ਘੋਗੇ ਹੀ ਤੁਹਾਡੇ ਪੱਲੇ ਪਏ ਹਨ, ਅਜੇ ਬੇਅੰਤ ਦੀ ਰਚਨਾ ਹੋਰ ਬਿਅੰਤ ਹੈ। ਕੇਤੀਆਂ ਕਰਮ ਭੂਮੀਆਂ, ਚੰਦ ਸੂਰ, ਧਰੂ ਬ੍ਰਹਿਮੰਡ, ਪਰ੍ਹੇ ਤੋਂ ਪਰ੍ਹੇ ਹਨ ਜਿਨ੍ਹਾਂ ਦਾ ਸੰਕੇਤ ਤੁਹਾਨੂੰ ਦੇ ਦਿੱਤਾ ਹੈ। ਲੱਭਣ ਦਾ ਯਤਨ ਕਰੋ ਪਰ ਓੜਕ ਭਾਲਣ ਵਿੱਚ ਸਫਲ ਨਹੀਂ ਹੋ ਸਕੋਗੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾ ਕਥਨ ਕਰਨ ਤੋਂ ਵੱਡੇ-ਵੱਡੇ ਵਿਦਵਾਨ ਅਤੇ ਧਾਰਮਿਕ ਸ਼ਖਸੀਅਤਾਂ ਵੀ ਨਹੀਂ ਰਹਿ ਸਕੀਆਂ। ਉਹ ਲੋਕ ਜਿਨ੍ਹਾਂ ਨੇ ਪਦਾਰਥਵਾਦ ਦਾ ਅਧਿਐਨ ਕੀਤਾ, ਫਿਲਾਸਫੀਆਂ ਲਿਖੀਆਂ, ਜ਼ਿੰਦਗੀਆਂ ਨੂੰ ਕੁਦਰਤ ਦੇ ਕਾਨੂੰਨ ਕਾਇਦੇ ਵਿੱਚ ਘੜਿਆ, ਇਤਿਹਾਸ ਵਾਚੇ, ਘੋਖੇ ਅਤੇ ਲਿਖੇ, ਜਿਨ੍ਹਾਂ ਨੇ ਸੰਸਾਰ ਦੇ ਧਰਮਾਂ ਦਾ ਤੁਲਨਾਤਮਿਕ ਅਧਿਐਨ ਕੀਤਾ, ਅਖੀਰ ਨਿਰਪੱਖ ਹੋ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਅਟੱਲ ਸੱਚਾਈ ਉਨ੍ਹਾਂ ਨੂੰ ਵੀ ਕਬੂਲਣੀ ਪਈ। ਉਨ੍ਹਾਂ ਅਧਿਆਤਮਿਕ, ਇਤਿਹਾਸਕ ਅਤੇ ਉੱਚ-ਕੋਟੀ ਦੇ ਵਿਦਵਾਨਾਂ, ਜਿਨ੍ਹਾਂ ਦਾ



ਲੋਕਾਈ ਸਿੱਕਾ ਮੰਨਦੀ ਹੈ ਅਤੇ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਸਿੱਖਿਆ ਨੂੰ ਧੁਰ ਅੰਦਰੋਂ ਘੋਖਿਆ ਹੈ, ਉਨ੍ਹਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਥਾਇ ਹੇਠ ਲਿਖੇ ਵੀਚਾਰ, ਰਾਏ ਅਤੇ ਟਿੱਪਣੀਆਂ ਵਾਚਣ ਦਾ ਯਤਨ ਕਰੀਏ ਤਾਂ ਜੋ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਮਹਾਨ ਫਲਸਫੇ ਪ੍ਰਥਾਇ ਕੁਝ ਗਿਆਨ ਹੋ ਸਕੇ।

## ਪ੍ਰੋ: ਪੂਰਨ ਸਿੰਘ ਜੀ

ਪ੍ਰੋਫੈਸਰ ਪੂਰਨ ਸਿੰਘ ਜੀ ਦੇ ਵੀਚਾਰਾਂ ਅਨੁਸਾਰ ਪੰਜਾਬ ਅਤੇ ਪੰਜਾਬੀ ਜੀਵਨ ਦੀ ਰੂਹ-ਆਤਮਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ। ਪੰਜਾਬ ਦਾ ਪੱਤਾ-ਪੱਤਾ ਬਾਣੀ ਗਾ ਰਿਹਾ ਹੈ। ਗੁਰਬਾਣੀ ਪੰਜਾਬ ਦੀ ਜਿੰਦ ਹੈ। ਗੁਰਬਾਣੀ ਆਸਰੇ ਹੀ ਸਭ ਵਿਵਹਾਰਕ ਖੇਡ ਚੱਲ ਰਹੀ ਹੈ। ਅਸੀਂ ਇਸ ਬਾਣੀ ਦੇ ਸਾਜੇ ਹਾਂ। ਇਹ ਸਾਡਾ ਕਰਤਾਰ ਹੈ। ਸਾਡੀਆਂ ਨਾੜਾਂ ਅਤੇ ਦਿਲਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਵਿੱਤਰ ਖੂਨ ਚੱਲਦਾ ਹੈ। ਸਿੱਖ ਨੂੰ ਗੁਰਬਾਣੀ ਸਧਾਰਣ ਸਾਹਿਤਯ ਰੂਪ ਵਿੱਚ ਨਹੀਂ ਦਿਸਦੀ, ਅਸੀਂ ਇਸ ਗੁਰਬਾਣੀ ਦੇ ਬੱਚੇ ਹਾਂ। ਇਹ ਸਾਡਾ ਜੀਵਨ ਆਧਾਰ ਹੈ। ਅਸੀਂ ਇਸ ਬਾਣੀ ਤੋਂ ਬਿਨਾਂ ਜੀਅ ਹੀ ਨਹੀਂ ਸਕਦੇ।

*(ਪੂਰਨ ਸਿੰਘ ਦੀ ਵਾਰਤਕ, ਸੰਪਾ: ਮ. ਸ. ਰੰਧਾਵਾ, ਪੰਨਾ-155)*

## ਭਾਈ ਵੀਰ ਸਿੰਘ ਜੀ

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਜੋ ਗੁਰਮਤਿ ਸਾਹਿਤ ਦੇ ਪਿਤਾਮਾ ਅਤੇ ਗੁਰੂ ਨਾਲ ਜੁੜੇ ਆਤਮ ਰਸੀਏ ਸਨ, ਜਿਨ੍ਹਾਂ ਨੇ ਆਪਣੇ ਜੀਵਨ ਦਾ ਆਧਾਰ ਗੁਰਬਾਣੀ ਅਤੇ ਨਾਮ ਨੂੰ ਬਣਾਇਆ ਹੋਇਆ ਸੀ, ਉਹ ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭੂਮਿਕਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਆਪਣਾ ਅਨੁਭਵ ਹੇਠ ਲਿਖੇ ਅਨੁਸਾਰ ਲਿਖਦੇ ਹਨ :-

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਪਾਤਸ਼ਾਹੀਆਂ ਦੀ ਜੋਤ, ਵਾਹਿਗੁਰੂ ਜੀ ਦਾ ਸ਼ੁੱਧ ਗਿਆਨ ਹੈ। ਸਾਰਾ ਗੁਰੂ ਗ੍ਰੰਥ ਸਾਹਿਬ ਇੱਕ ਲਗਾਤਾਰ ਚਾਲ, ਇੱਕ ਲਗਾਤਾਰ ਰੂਪ, ਇੱਕ ਲਗਾਤਾਰ ਧੁਨਿ, ਇੱਕ ਲਗਾਤਾਰ ਅਮੂਰਤ ਮੂਰਤੀ ਹੈ ਜਿਸ ਵਿੱਚ ਬਿਰਹੋਂ, ਨਿਰਮਲ-ਭਾਵ, ਗਿਆਨ, ਸੇਵਾ, ਸ਼ਰਧਾ, ਪਿਆਰ, ਪ੍ਰੇਮਾ ਭਗਤੀ ਤੇ ਅਨੇਕਾਂ ਤ੍ਰੰਗ ਹਨ। ਇਸ ਵਿੱਚ ਲਗਾਤਾਰੀ ਸੰਗੀਤ, ਇੱਕ ਲਗਾਤਾਰੀ ਕਾਵਯ-ਰਸ, ਇੱਕ ਲਗਾਤਾਰੀ ਚਾਨਣ, ਲਗਾਤਾਰੀ ਰਸ-ਮਸਤੀ, ਰਸ-ਝੂਮ, ਰਸ-ਸਰੂਰ,

ਰਸ-ਲੀਨਤਾ ਦਾ ਦਰਸ਼ਨ ਹੈ। ਇਹੋ ਹੀ ਗੁਰੂ ਨਾਨਕ ਹਿਰਦਾ ਹੈ। ਇਹੀ ਉਨ੍ਹਾਂ ਦਾ ਇਤਿਹਾਸ ਅਤੇ ਇਹੀ ਉਨ੍ਹਾਂ ਦਾ ਇਲਾਹੀ ਗਿਆਨ ਹੈ। ਗੁਰੂ ਦਾ ਹਿਰਦਾ ਹੈ ਅਤੇ ਇਉਂ ਉਨ੍ਹਾਂ ਦਾ ਰੂਪ ਹੈ। *(ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)*

## ਸੁਆਮੀ ਰਾਮ ਤੀਰਥ ਦੰਡੀ ਸੰਨਿਆਸੀ

ਸੁਆਮੀ ਜੀ ਧਰਮ ਅਤੇ ਭਾਰਤੀ ਸੰਸਕ੍ਰਿਤੀ ਦੇ ਮਹਾਨ ਦਾਰਸ਼ਨਿਕ ਅਤੇ ਮਹਾਨ ਸਕਾਲਰ ਸਨ, ਜਿਨ੍ਹਾਂ ਨੇ ਵੇਦਾਂ, ਪੁਰਾਣਾਂ ਸਿਮਰਤੀਆਂ, ਉਪਨਿਸ਼ਦਾਂ ਦੀ ਮਹਾਨ ਖੋਜ ਕਰਕੇ ਬੇਅੰਤ ਪੁਸਤਕਾਂ ਲਿਖੀਆਂ। ਜਦੋਂ ਆਪ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਅਧਿਐਨ ਕੀਤਾ ਤਦ ਆਪ ਨੇ ਫੁਰਮਾਇਆ ਕਿ "ਜੀਵਨ ਭਰ ਮੈਂ ਸਾਧੂ ਸੰਤੋਂ ਕੀ ਸੰਗਤ ਕੀ, ਤਪ ਸਾਧੇ ਅਤੇ ਤੀਰਥ ਭਰਮਣ ਕੀਆ। ਅੰਤ ਇਸੀ ਨਿਸਚੇ ਪਰ ਪਹੁੰਚਾ ਹੂੰ ਕਿ ਜੋ ਕੁਛ ਗੁਰੂ ਘਰ ਮੇਂ ਹੈ ਉਸ ਸੇ ਉੱਤਮ ਔਰ ਕਹੀਂ ਨਹੀਂ।" ਆਪ ਜੀ ਨੇ ਸਿੱਖ ਧਰਮ ਦੀ ਜੀਵਨ ਜਾਚ ਦਾ ਅਧਿਐਨ ਕਰਕੇ ਇੱਕ ਪੁਸਤਕ ਲਿਖੀ 'ਸਰਵੋਤਮ ਗ੍ਰੰਥ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ'। ਆਪ ਲਿਖਦੇ ਹਨ ਕਿ "ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਮਹਾਂ ਕਲਿਆਣਕਾਰੀ ਬਾਣੀ ਹੈ ਕਿਉਂਕਿ ਇਸ ਦਾ ਉਪਦੇਸ਼ ਕਿਸੇ ਇੱਕ ਵਰਗ ਲਈ ਨਹੀਂ ਸਗੋਂ ਸਮੂਹ ਮਾਨਵਤਾ ਲਈ ਹੈ।"

*(ਸਰਵੋਤਮ ਆਦਿ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 40 )*

## ਡਾ: ਰਾਧਾ ਕ੍ਰਿਸ਼ਨਨ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਡੂੰਘੇ ਅਧਿਐਨ ਪਿਛੋਂ ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ: ਰਾਧਾ ਕ੍ਰਿਸ਼ਨਨ ਨੇ ਆਪਣੇ ਵਿਚਾਰ ਲਿਖਦਿਆਂ ਫੁਰਮਾਇਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰੇ ਪੀਰਾਂ, ਭਗਤਾਂ, ਗੁਰੂਆਂ ਦੀ ਜਿਉਂਦੀ ਜਾਗਦੀ ਆਵਾਜ਼ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੱਚ ਫੁਰਮਾਇਆ ਹੈ, **"ਪੋਥੀ ਪਰਮੇਸਰ ਕਾ ਥਾਨੁ"** ਸ਼ਬਦ ਜੋ ਗ੍ਰੰਥ ਰੂਪ ਵਿੱਚ ਹੈ, ਇਸ ਵਿੱਚ ਪਰਮਾਤਮਾਂ ਦਾ ਨਿਵਾਸ ਹੈ। ਗੁਰੂ ਗ੍ਰੰਥ ਸਾਹਿਬ ਰਹਸਵਾਦੀ ਵਲਵਲਿਆਂ ਦਾ ਵਿਸ਼ਾਲ ਭੰਡਾਰ ਹੈ। ਪ੍ਰਮਾਤਮਾਂ ਦੀ ਪ੍ਰਾਪਤੀ ਦੇ ਅਨੁਭਵ ਦਾ ਡੂੰਘਾ ਅਤੇ ਨਿੱਜੀ ਪ੍ਰਗਟਾਵਾ ਹੈ। ਇਸ ਵਿੱਚ ਰੱਬੀ ਪਿਆਰ ਅਤੇ ਵਿਸਮਾਦੀ ਸ਼ਬਦ ਹਨ।

*(ਡਾ: ਰਾਧਾ ਕ੍ਰਿਸ਼ਨਨ ਵਿਚਾਰ ਦਰਪਣ, ਪੰਨਾ 359)*



## ਡਾ: ਬੀ. ਆਰ ਅੰਬੇਡਕਰ

ਭਾਰਤ ਦੇ ਮਹਾਨ ਸਪੂਤ ਅਤੇ ਦਲਿਤਾਂ ਦੇ ਮਸੀਹਾ ਡਾ: ਅੰਬੇਡਕਰ ਨੇ 12.4.1934 ਨੂੰ ਸਰਬ ਹਿੰਦ ਸ਼੍ਰੋਮਣੀ ਸਿੱਖ ਪ੍ਰਚਾਰ ਕਾਨਫਰੰਸ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਆਪਣੀ ਸ਼ਰਧਾ ਭੇਟ ਕਰਦਿਆਂ ਫੁਰਮਾਇਆ ਸੀ ਕਿ ਦੋ ਮੁੱਖ ਕਾਰਨਾਂ ਕਰਕੇ ਸਿੱਖ ਧਰਮ ਸਾਡਾ ਵਧੀਆ ਧਿਆਨ ਮੰਗਦਾ ਹੈ। ਪਹਿਲਾ ਇਹ ਕਿ ਸਿੱਖ ਧਰਮ ਉਨ੍ਹਾਂ ਲੋਕਾਂ ਵਾਸਤੇ ਜੋ ਸ਼ਾਂਤੀ ਅਤੇ ਮਾਣ-ਸਤਿਕਾਰ ਚਾਹੁੰਦੇ ਹਨ, ਇਹ ਇੱਕ ਰੂਹਾਨੀ ਘਰ ਹੈ। ਦੂਸਰਾ ਗੁਰੂ ਗ੍ਰੰਥ ਸਾਹਿਬ ਮੇਰੇ ਵਾਸਤੇ ਇੱਕ ਰੂਹਾਨੀ ਮਾਰਗ ਦਰਸ਼ਕ ਹੈ। ਮੈਂ ਆਸ ਕਰਦਾ ਹਾਂ ਜਿਹੜੀ ਚੀਜ਼ ਮੇਰੇ ਲਈ ਚੰਗੀ ਹੈ ਉਹ ਮੇਰੇ ਬਾਕੀ ਭਰਾਵਾਂ ਲਈ ਵੀ ਚੰਗੀ ਹੋਵੇਗੀ। ਅਸੀਂ ਹਿੰਦੂਆਂ ਦੀ ਧਾਰਮਿਕ ਅਤੇ ਸਮਾਜਿਕ ਨਾ-ਬਰਾਬਰਤਾ ਤੋਂ ਬਹੁਤ ਪ੍ਰੇਸ਼ਾਨ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇੱਕ ਜਾਤ-ਪਾਤ ਰਹਿਤ, ਬਰਾਬਰਤਾ ਦਾ ਸਮਾਜ ਸਿਰਜਣ ਦੀ ਸਿੱਖਿਆ ਪ੍ਰਦਾਨ ਕਰਦੇ ਹਨ। *(ਗੁਰਦੁਆਰਾ ਗਜਟ 1936, ਪੰਨਾ 19)*

## ਸ੍ਰੀ ਰਣਬੀਰ (ਜਲੰਧਰ)

ਮਿਲਾਪ ਅਖ਼ਬਾਰ ਦੇ ਸੰਪਾਦਕ ਅਤੇ ਪ੍ਰਸਿੱਧ ਵਿਦਵਾਨ ਸ੍ਰੀ ਰਣਬੀਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਥਾਇ ਆਪਣੀ ਰਾਏ ਦਿੰਦੇ ਲਿਖਦੇ ਹਨ, ਕਿ ਜਿਹੜਾ ਵੀ ਵਿਅਕਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਇਲਾਹੀ ਬਾਣੀ ਦਾ ਪਾਠ ਕਰਦਾ ਹੈ, ਉਸ ਦੇ ਧੁਰ ਆਤਮੇਂ ਨੂੰ ਗੁਰਬਾਣੀ ਟੁੰਬ ਕੇ ਰੱਖ ਦਿੰਦੀ ਹੈ। ਕੋਈ ਵੀ ਮਾਨਵੀ ਖੇਤਰ ਇਸ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ। ਕੋਈ ਵੀ ਐਸੀ ਗਹਿਰਾਈ ਨਹੀਂ ਜਿਥੇ ਤੱਕ ਇਸ ਧੁਰ ਕੀ ਬਾਣੀ ਦੀ ਪਹੁੰਚ ਨਾ ਹੋ ਸਕੇ। ਗੁਰਬਾਣੀ ਇੱਕ ਐਸੀ ਚੰਗਿਆੜੀ ਸਾਡੇ ਮਨਾਂ ਵਿੱਚ ਪ੍ਰਚੰਡ ਕਰਦੀ ਹੈ ਜਿਹੜੀ ਬੁਝੇ ਹੋਏ ਮਨਾਂ ਨੂੰ ਮੁੜ ਪੁਰ ਨੂਰ ਕਰ ਦਿੰਦੀ ਹੈ ਅਤੇ ਟੁੱਟੇ ਹੋਏ ਦਿਲਾਂ ਨੂੰ ਸ਼ਕਤੀ ਪ੍ਰਦਾਨ ਕਰਦੀ ਹੈ। *(ਸਿੱਖ ਰਿਵਿਊ ਦਸੰਬਰ 1981)*

## ਅਖਲਾਕ ਹੁਸੈਨ ਦਿਹਲਵੀ

ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਆਪਣੀ ਸ਼ਰਧਾ ਭੇਟ ਕਰਦੇ ਖੋਜ ਦਰਪਣ ਵਿੱਚ ਲਿਖਦੇ ਹਨ, ਕਿ ਪਵਿੱਤਰ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦਾ ਹੀ ਸਤਿਕਾਰਯੋਗ ਗ੍ਰੰਥ ਨਹੀਂ, ਸਗੋਂ ਸਾਰੇ ਹਿੰਦੁਸਤਾਨ ਦਾ ਸਭ ਤੋਂ ਪਹਿਲਾ ਸੈਕੂਲਰ ਗ੍ਰੰਥ ਹੈ। ਗੁਰੂ ਗ੍ਰੰਥ ਸਾਹਿਬ ਜੀ ਤੋਂ ਨਿੱਜੀ ਪਛਾਣ ਅਤੇ ਰੱਬੀ ਪਛਾਣ ਦੀ ਵਡਮੁੱਲੀ ਦਾਤ ਪ੍ਰਾਪਤ ਹੁੰਦੀ

ਹੈ। ਗੁਰੂ ਗ੍ਰੰਥ ਸਾਹਿਬ ਵਿਚੋਂ ਰੂਹਾਨੀਅਤ ਦੀ ਮਸਤੀ ਦਾ ਸਰੂਰ ਹਾਸਲ ਹੁੰਦਾ ਹੈ ਜਿਸ ਰਾਹੀਂ ਮਨੁੱਖ ਇਨਸਾਨ ਬਣ ਜਾਂਦਾ ਹੈ।

*(ਖੋਜ ਦਰਪਣ, ਜਨਵਰੀ 1986)*

## ਡਾ: ਮੁਹੰਮਦ ਯੂਸਫ ਅਬਾਸੀ

ਪਾਕਿਸਤਾਨ ਦੇ ਕਾਇਦੇ-ਆਜਮ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੇ ਸਾਬਕਾ ਮੁਖੀ ਆਪਣੀ ਨਿਰਪੱਖ ਰਾਏ ਗੁਰੂ ਗ੍ਰੰਥ ਸਾਹਿਬ ਪ੍ਰਤੀ ਫੁਰਮਾਉਂਦੇ ਲਿਖਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਵਿਸ਼ਵ ਗਿਆਨ ਦਾ ਖਜ਼ਾਨਾ ਹਨ। ਗੁਰਬਾਣੀ ਵਿਸ਼ਾਲ ਸਮੁੰਦਰ ਦੀ ਨਿਆਈਂ ਹੈ ਜਿਥੋਂ ਹਰ ਕਿਸੇ ਅਭਿਲਾਸ਼ੀ ਨੂੰ ਮਨ-ਭਾਉਂਦੇ ਹੀਰੇ ਜਵਾਹਰਾਤ ਮਿਲ ਸਕਦੇ ਹਨ।

## ਡਾ: ਧਰਮਪਾਲ ਸੈਣੀ

ਡਾ: ਧਰਮਪਾਲ ਸੈਣੀ ਨੇ ਪੰਜਾਬੀ ਦੁਨੀਆਂ ਮੈਗਜ਼ੀਨ ਵਿੱਚ ਲਿਖਿਆ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਮੱਧਕਾਲੀ ਭਾਰਤੀ ਅਧਿਆਤਮਕ ਵਿਚਾਰਧਾਰਾ ਦਾ ਸੱਚਾ ਪ੍ਰਤੀਨਿਧ ਹੈ। ਭਾਰਤੀ ਪ੍ਰੰਪਰਾ ਦੇ ਅਨੁਸਾਰ ਇਸ ਵਿੱਚ ਵੀ ਉਸੇ ਹੀ ਮਾਨਵੀ ਧਰਮ ਦੇ ਤੱਤ ਮਿਲਦੇ ਹਨ ਜਿਨ੍ਹਾਂ ਨੂੰ ਅਪਨਾਉਣ ਦੇ ਨਾਲ ਕਿਸੇ ਨੂੰ ਕੋਈ ਉਜ਼ਰ ਨਹੀਂ ਹੋ ਸਕਦਾ। ਇਸ ਦਾ ਪ੍ਰਚਾਰ ਕਰਨ ਦੇ ਨਾਲ ਕਿਸੇ ਦੀ ਇੱਜ਼ਤ ਹੱਤਕ ਨਹੀਂ ਹੁੰਦੀ। ਇਸ ਨੂੰ ਕਿਸੇ ਫਿਰਕੇ ਵਿਸ਼ੇਸ਼ ਦੇ ਘੇਰੇ ਵਿੱਚ ਬੰਦ ਨਹੀਂ ਕੀਤਾ ਜਾ ਸਕਦਾ। ਸਾਰੀ ਮਨੁੱਖਤਾ ਗੁਰੂ ਗ੍ਰੰਥ ਸਾਹਿਬ ਜੀ ਤੋਂ ਪ੍ਰੇਰਨਾ ਲੈ ਸਕਦੀ ਹੈ ਅਤੇ ਲੈਂਦੀ ਆਈ ਹੈ। ਕਈ ਸੌ ਸਾਲਾਂ ਦੇ ਧਾਰਮਿਕ ਸਾਹਿਤ ਦਾ ਇਹ ਚਾਨਣ ਮੁਨਾਰਾ ਹੈ। ਅੱਜ ਦੇ ਵਿਗਿਆਨਕ ਅਤੇ ਬੌਧਕ ਯੁਗ ਵਿਚ ਵੀ ਇਹ ਆਉਣ ਵਾਲੀਆਂ ਪੀੜ੍ਹੀਆਂ ਨੂੰ ਧਰਮ ਤੋਂ ਬੇਮੁਖ ਹੋਣ ਤੋਂ ਬਚਾਉਂਦਾ ਰਹੇਗਾ। ਕੀ ਇਹ ਘੱਟ ਮਹੱਤਵ ਦੀ ਗੱਲ ਹੈ ਕਿ ਜੀਵਨ ਅਤੇ ਜਗਤ ਦੀਆਂ ਉਨ੍ਹਾਂ ਸਾਰੀਆਂ ਸਮੱਸਿਆਂ ਦੇ ਸਮਾਧਾਨ ਇਸ ਵਿੱਚ ਆਪਣੇ ਢੰਗ ਨਾਲ ਮਿਲਦੇ ਹਨ ਜਿਨ੍ਹਾਂ ਦੀ ਜ਼ਿੰਦਗੀ ਦੇ ਕਿਸੇ ਨ ਕਿਸੇ ਮੋੜ 'ਤੇ ਹਰ ਇੱਕ ਨੂੰ ਲੋੜ ਪੈਂਦੀ ਹੈ। ਗੁਰੂ ਗ੍ਰੰਥ ਸਾਹਿਬ ਲੌਕਿਕ ਧਰਾਤਲ ਤੇ ਪਰਲੌਕਿਕ ਜੀਵਨ ਜਾਚ ਦੀ ਚੰਗਿਆੜੀ ਸਾਡੇ ਮਨਾਂ ਵਿੱਚ ਚਮਕਾ ਦਿੰਦੇ ਹਨ।

*(ਪੰਜਾਬੀ ਦੁਨੀਆ, ਜਨਵਰੀ 1965)*



## ਪਰਲ ਐਸ ਬੱਕ (ਨੋਬਲ ਇਨਾਮ ਜੇਤੂ)

ਡਾ: ਪਰਲ ਐਸ ਬੱਕ ਜਿਹੜੀ ਨੋਬਲ ਪ੍ਰਾਈਜ਼ ਵਿਜੇਤਾ ਸੀ, ਲਿਖਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਮਨੁੱਖ ਦੇ ਇਕੱਲਪੁਣੇ, ਉਸ ਦੀਆਂ ਇਛਾਵਾਂ ਅਤੇ ਅਕਾਲ ਪੁਰਖ ਨਾਲ ਉਸ ਦੇ ਮੇਲ ਦੀ ਭੁੱਖ ਦੇ ਪ੍ਰਗਟਾਵੇ ਦੀ ਸਰੋਤ ਪੁਸਤਕ ਹੈ।

ਜਿਸ-ਜਿਸ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹਿਆ-ਸੁਣਿਆ ਅਤੇ ਵਾਚਿਆ ਹੈ ਉਸ ਨੂੰ ਅਵੱਸ਼ ਹੀ ਇਕ ਸਹਜ-ਸੁਹੇਲਾ ਆਰਥਿਕ ਪ੍ਰਮਾਰਥਕ ਨਰੋਆ ਜੀਵਨ ਜਿਊਣ ਦੀ ਸੇਧ ਗੁਰੂ ਕੀ ਬਾਣੀ ਵਿਚੋਂ ਪ੍ਰਾਪਤ ਹੋਈ।

ਮੈਂ ਹੋਰ ਵੱਡੇ-ਵੱਡੇ ਧਰਮਾਂ ਦੀਆਂ ਧਾਰਮਿਕ ਰਚਨਾਵਾਂ ਪੜ੍ਹੀਆਂ ਹਨ ਪਰ ਮੈਨੂੰ ਉਨ੍ਹਾਂ ਵਿਚੋਂ ਦਿਲ ਅਤੇ ਮਨ ਨੂੰ ਪ੍ਰਭਾਵਿਤ ਕਰਨ ਵਾਲੀ ਇਤਨੀ ਸ਼ਕਤੀ ਨਹੀਂ ਲੱਗੀ ਜਿਤਨੀ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਹੋਈ ਹੈ। ਇਹ ਬਾਣੀ ਲੰਬੀ ਹੋਣ ਦੇ ਬਾਵਜੂਦ ਵੀ ਬੜੀ ਗੁੰਦਵੀ ਹੈ ਪ੍ਰਭੂ ਦਾ ਸਭ ਤੋਂ ਉੱਤਮ ਅਤੇ ਪਵਿੱਤਰ ਸੰਕਲਪ ਉਭਾਰਦੀ ਹੈ। ਗੁਰਬਾਣੀ ਮਨੁੱਖੀ ਸਰੀਰ ਦੀਆਂ ਅਮਲੀ ਲੋੜਾਂ ਦੇ ਬਿਲਕੁਲ ਅਨੁਕੂਲ ਹੈ। ਇਨ੍ਹਾਂ ਬਾਣੀਆਂ ਵਿਚ ਹੈਰਾਨੀਜਨਕ ਆਧੁਨਿਕਤਾ ਮੌਜੂਦ ਹੈ।

## ਡਕਨ ਗਰੀਨਲੀਜ਼

ਪ੍ਰਸਿੱਧ ਵਿਦਵਾਨ ਡਕਨ ਗਰੀਨਲੀਜ਼ ਆਪਣੀ ਰਾਏ ਲਿਖਦੇ ਹਨ ਕਿ ਇਹ ਬਿਲਕੁਲ ਠੀਕ ਕਿਹਾ ਜਾ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਭਾਰਤੀ ਵੀਚਾਰਧਾਰਾ ਦੀ ਕਰੀਮ ਹੈ। ਜਿੰਨਾ-ਜਿੰਨਾ ਵੱਧ ਮੈਂ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਉਤਨੀ ਹੀ ਮੇਰੀ ਪਿਆਰ ਭਾਵਨਾ ਇਸ ਪ੍ਰਤੀ ਹੋਰ ਵਧੀ ਤੇ ਬਲਵਾਨ ਹੋਈ। ਜਿਹੜੀ ਪ੍ਰੇਰਨਾ ਅਤੇ ਭਾਵਿਕ ਖੂਬਸੂਰਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਮਿਲਦੀ ਹੈ, ਸ਼ਾਇਦ ਹੀ ਦੁਨੀਆ ਦੀ ਕਿਸੇ ਹੋਰ ਧਾਰਮਿਕ ਲਿਖਤ ਵਿਚੋਂ ਮਿਲਦੀ ਹੋਵੇ।

*(ਸਿੱਖ ਰੀਵੀਊ 1981)*

## ਮਿਸਟਰ ਤਿਆਨਬੀ (ਪ੍ਰਸਿੱਧ ਇਤਿਹਾਸਕਾਰ)

ਮਿਸਟਰ ਤਿਆਨਬੀ ਜੋ ਅਮਰੀਕਾ ਦੇ ਪ੍ਰਸਿੱਧ ਇਤਿਹਾਸਕਾਰ ਹਨ, ਆਪਣੀ ਪੁਸਤਕ "ਧਰਮ ਇਤਿਹਾਸਕ ਦ੍ਰਿਸ਼ਟੀਕੋਣ ਤੋਂ" ਵਿੱਚ ਲਿਖਦੇ ਹਨ ਕਿ ਜਦ ਸਾਰਾ ਜਗਤ ਕੋਈ ਧਰਮ ਅਪਣਾਏਗਾ, ਉਹ ਧਰਮ ਅੱਜ ਦੇ ਰਸਮੀ ਕਰਮ ਕਾਂਡ ਅਤੇ

ਵਹਿਮੀ ਪ੍ਰਭਾਵਾਂ ਵਾਲਾ ਕਦਾਚਿਤ ਨਹੀਂ ਹੋਵੇਗਾ। ਸਗੋਂ ਉਸ ਦਾ ਮੂਲ ਆਧਾਰ ਸੇਵਾ ਅਤੇ ਸਿਮਰਨ ਹੋਣਗੇ। ਸੇਵਾ ਦਾ ਸੰਕਲਪ ਈਸਾਈਆਂ ਨੇ ਬਹੁਤ ਸੋਹਣਾ ਅਪਣਾ ਲਿਆ ਹੈ। ਗੁਰਸਿੱਖੀ ਵਿੱਚ ਵੀ ਸੇਵਾ ਨੂੰ ਮਹਾਨ ਅਸਥਾਨ ਪ੍ਰਾਪਤ ਹੈ। ਸ਼ਬਦ ਦੀ ਵਰਤੋਂ ਸਿੱਖ ਧਰਮ ਦੇ ਗੁਰੂ ਗ੍ਰੰਥ ਪੂਜਾਂ ਤੋਂ ਪੂਰੀ ਤੀਬਰਤਾ ਵਿੱਚ ਵੇਖੀ ਜਾ ਸਕਦੀ ਹੈ। ਗੁਰੂ ਗ੍ਰੰਥ ਸਾਹਿਬ ਮਨੁੱਖੀ ਭਾਈਚਾਰੇ ਦੇ ਸਾਂਝੇ ਆਤਮਿਕ ਖਜ਼ਾਨਾ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਨੂੰ ਜਿਤਨਾ ਵੱਧ ਤੋਂ ਵੱਧ ਲੋਕਾਂ ਦੇ ਸਿੱਧੇ ਸੰਪਰਕ ਵਿੱਚ ਲਿਆਂਦਾ ਜਾ ਸਕੇ ਲਿਆਂਦਾ ਜਾਵੇ। ਜਿਤਨੇ ਵੀ ਧਰਮ ਗ੍ਰੰਥ ਉਪਲਬਧ ਹਨ, ਉਨ੍ਹਾਂ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਸਭ ਤੋਂ ਵੱਧ ਸਤਿਕਾਰਤਾ ਰੱਖਦੇ ਹਨ। ਜਿਤਨਾ ਕੁਰਾਨ-ਸ਼ਰੀਫ ਮੁਸਲਮਾਨਾਂ ਨੂੰ ਪਿਆਰਾ ਲੱਗਦਾ ਹੈ, ਜਿਤਨਾ ਬਾਈਬਲ ਈਸਾਈਆਂ ਨੂੰ ਪਿਆਰਾ ਹੈ, ਜਿੰਨਾ ਤੌਰਾਹ ਯਹੂਦੀਆ ਨੂੰ ਪਿਆਰਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਲਈ ਉਸ ਤੋਂ ਵੀ ਵੱਧ ਮਹੱਤਵਪੂਰਨ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਸਦੀਵ-ਕਾਲ ਗੁਰੂ ਹਨ, ਅਧਿਆਤਮਿਕ ਰਹਿਬਰ ਹਨ।

ਆਪ ਲਿਖਦੇ ਹਨ, ਕਿ ਅਸੀਂ ਵੇਖ ਰਹੇ ਹਾਂ ਕਿ ਮਨੁੱਖਤਾ ਦਾ ਧਾਰਮਿਕ ਭਵਿੱਖ ਧੁੰਧਲਾ ਹੈ ਪਰ ਫਿਰ ਵੀ ਇਸ ਦੇ ਬਾਵਜੂਦ ਇੱਕ ਚੀਜ਼ ਵੇਖੀ ਜਾ ਸਕਦੀ ਹੈ, ਉਹ ਇਹ ਹੈ ਕਿ ਜੀਵਤ ਉਚੇਰੇ ਧਰਮ ਪਹਿਲੇ ਦੀ ਥਾਂ ਹੁਣ ਇੱਕ-ਦੂਸਰੇ ਦੇ ਵਧੇਰੇ ਨੇੜੇ ਹੋ ਰਹੇ ਹਨ। ਭਵਿੱਖ ਵਿੱਚ ਹੋਣ ਵਾਲੀ ਧਰਮਾਂ ਬਾਰੇ ਚਰਚਾ ਵਿੱਚ ਸਿੱਖ ਧਰਮ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਕੋਲ ਕੁਝ ਐਸੀ ਵਿਸ਼ੇਸ਼ ਅਤੇ ਕੀਮਤੀ ਗੱਲ ਜ਼ਰੂਰ ਹੈ ਜਿਹੜੀ ਬਾਕੀ ਸਾਰੀ ਦੁਨੀਆਂ ਨੂੰ ਦਰਸਾਈ ਜਾ ਸਕਦੀ ਹੈ।

□□□□□□□ □□□□□□□□□ □□ □□□ □□□□□ (□. □□□□□□□ □□□□□□□□□□□□)

## ਮਿਸਟਰ ਐਚ ਐਲ ਬਰਾਡਸ਼ਾਹ

ਪੱਛਮੀ ਵਿਦਵਾਨ ਸ੍ਰੀ ਬਰਾਡਸ਼ਾਹ ਸਿੱਖ ਧਰਮ ਪ੍ਰਥਾਇ ਲਿਖਦੇ ਹਨ ਕਿ ਸਿੱਖ ਧਰਮ ਸਾਇੰਸ ਦੀ ਕਸਵੱਟੀ ਉੱਤੇ ਪੂਰਾ ਉੱਤਰਦਾ ਹੈ। ਇਸ ਲਈ ਭਵਿੱਖ ਦੇ ਮਨੁੱਖ ਲਈ ਸਿੱਖ ਧਰਮ ਹੀ ਆਖਰੀ ਆਸ ਅਤੇ ਸਹਾਰਾ ਹੋਵੇਗਾ।

ਇਕ ਹੋਰ ਥਾਂ ਬਰਾਡਸ਼ਾਹ ਲਿਖਦੇ ਹਨ ਕਿ ਸਿੱਖ ਧਰਮ ਸਮੁੱਚੇ ਵਿਸ਼ਵ ਦਾ ਧਰਮ ਹੈ ਜਿਸ ਵਿੱਚ ਹਰ ਪ੍ਰਕਾਰ ਦੇ ਮਨੁੱਖ ਲਈ ਸੰਦੇਸ਼ ਮੌਜੂਦ ਹੈ। ਇਹ ਗੱਲ ਸਿੱਖ ਗੁਰੂ ਸਾਹਿਬਾਨ ਦੀਆਂ ਲਿਖਤਾਂ ਵਿੱਚ ਬੜੀ ਚੰਗੀ ਤਰ੍ਹਾਂ ਰੂਪਮਾਨ ਹੋਈ ਲੱਭਦੀ ਹੈ। ਸਿੱਖਾਂ ਨੂੰ ਇਹ ਸੋਚਣਾ ਬੰਦ ਕਰ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਧਰਮ ਦੂਜੇ ਧਰਮਾਂ ਵਾਂਗ ਇੱਕ ਚੰਗਾ ਧਰਮ ਹੈ। ਉਨ੍ਹਾਂ ਨੂੰ ਇਵੇਂ ਸੋਚਣਾ ਸ਼ੁਰੂ ਕਰਨਾ ਚਾਹੀਦਾ ਹੈ ਕਿ



ਸਿੱਖ ਧਰਮ ਇੱਕ ਨਵੇਂ ਯੁੱਗ ਦਾ ਧਰਮ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਚਾਰਿਆ ਧਰਮ ਬਿਨਾਂ ਸ਼ੱਕ ਨਵੇਂ ਯੁੱਗ ਦਾ ਧਰਮ ਹੈ। ਇਹ ਪੁਰਾਣੇ ਧਰਮਾਂ ਦੇ ਸਾਰੇ ਗੁਣਾਂ ਨੂੰ ਆਪਣੇ ਵਿੱਚ ਸਮੋਈ ਬੈਠਾ ਹੈ ਅਤੇ ਉਨ੍ਹਾਂ ਦੇ ਗੁਣਾਂ ਨੂੰ ਪੂਰਿਆਂ ਕਰਦਾ ਹੈ। ਬਾਕੀ ਧਰਮਾਂ ਵਿੱਚ ਸੱਚ ਦਾ ਅੰਸ਼ ਹੈ ਪਰ ਸਿੱਖ ਧਰਮ ਵਿੱਚ ਨਿਰੋਲ ਸੱਚ ਹੀ ਸੱਚ ਹੈ, ਭਰਪੂਰ ਰੂਪ ਵਿੱਚ ਸੱਚ ਹੈ। ਇਹ ਧਰਮ ਸਾਰੀ ਦੀ ਸਾਰੀ ਸੱਚਾਈ ਹੈ।

## ਫਿਲਾਸਫਰ ਰਸਲ

ਇੰਗਲੈਂਡ ਦੇ ਪ੍ਰਸਿਧ ਦਾਰਸ਼ਨਿਕ ਰਸਲ ਨੇ ਇੱਕ ਵਾਰੀ ਕਿਹਾ ਸੀ, ਕਿ ਜੇਕਰ ਤੀਜੀ ਵਿਸ਼ਵ ਜੰਗ ਦੌਰਾਨ ਚਲਣ ਵਾਲੇ ਐਟਮ ਤੇ ਹਾਈਡਰੋਜਨ ਬੰਬਾਂ ਦੀ ਮਾਰ ਤੋਂ ਕੋਈ ਖੁਸ਼-ਕਿਸਮਤ ਇਨਸਾਨ ਬਚ ਨਿਕਲੇ ਤਾਂ ਉਸਨੂੰ ਸੇਧ ਦੇਣ ਲਈ ਕੇਵਲ ਸਿੱਖ ਧਰਮ ਇਕੋ-ਇੱਕ ਵਸੀਲਾ ਹੋਵੇਗਾ।

ਸ੍ਰੀ ਰਸਲ ਤੋਂ ਇਹ ਵੀ ਪੁੱਛਿਆ ਗਿਆ ਕਿ ਤੁਸੀਂ ਤੀਜੀ ਵਿਸ਼ਵ ਜੰਗ ਤੋਂ ਮਗਰੋਂ ਦੀ ਗੱਲ ਕਰਦੇ ਹੋ ਕੀ ਇਹ ਧਰਮ ਤੀਜੀ ਜੰਗ ਤੋਂ ਪਹਿਲਾਂ ਮਨੁੱਖਤਾ ਨੂੰ ਕੁਛ ਅਗਵਾਈ ਦੇਣ ਦੀ ਸਮਰਥਾ ਨਹੀਂ ਰਖਦਾ ?

ਰਸਲ ਨੇ ਇਸ ਪੁੱਛ ਦੇ ਉੱਤਰ ਵਿੱਚ ਇਹੀ ਕਿਹਾ, ਕਿ ਸਮਰੱਥਾ ਤਾਂ ਪੂਰੀ ਰੱਖਦਾ ਹੈ, ਪਰ ਸਿੱਖਾਂ ਨੇ ਇਸ ਧਰਮ ਦੇ ਬੇਹਤਰੀਨ ਅਸੂਲਾਂ ਨੂੰ ਜਿਹੜੇ ਸ਼ਾਇਦ ਸਾਰੀ ਮਾਨਵਤਾ ਲਈ ਹੋਂਦ ਵਿੱਚ ਆਏ ਹਨ, ਹਵਾ ਹੀ ਨਹੀਂ ਲਗਵਾਈ। ਇਹ ਸਿੱਖਾਂ ਦਾ ਸਭ ਤੋਂ ਵਡਾ ਕਸੂਰ ਹੈ, ਜਿਸਤੋਂ ਉਹ ਕਦੇ ਵੀ ਮੁਕਤ ਨਹੀਂ ਹੋ ਸਕਦੇ। ਰਸਲ ਦਾ ਕਿਹਾ ਹੋਇਆ ਹੈ ਵੀ ਅੱਖਰ-ਅੱਖਰ ਸੱਚ।

## ਨਿਮ੍ਰ ਬੇਨਤੀ

ਪਿਛਲੇਰੇ ਪੰਨਿਆ ਵਿੱਚ ਆਪਾਂ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਕਿਉਂ ? ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦੀ ਲੋੜ ਕਿਉਂ ਪਈ ? ਗੁਰਬਾਣੀ ਮਹਿਮਾਂ, ਸ਼ਬਦ ਗੁਰੂ, ਸਿੱਖ ਧਰਮ ਦਾ ਅਕੀਦਾ। ਸਤਿਗੁਰਾਂ ਖੁਦ ਗੁਰਬਾਣੀ ਦਾ ਸਤਿਕਾਰ ਕੀਤਾ ਅਤੇ ਸਮੂਹ ਸਿੱਖ-ਸੰਗਤਾਂ ਨੂੰ ਗੁਰਬਾਣੀ ਦਾ ਸਤਿਕਾਰ ਕਰਨ ਦੀ ਤਾਕੀਦ ਕੀਤੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਵਿ ਅਤੇ ਬੋਲੀਆਂ ਦਾ ਨਿਵੇਕਲਾ ਭੰਡਾਰ, ਰਾਗਾਂ ਦੀ ਮਹਾਨਤਾ, ਗੁਰੂ ਗ੍ਰੰਥ ਸਾਹਿਬ ਜੀ ਅੰਦਰ ਵਸਤੂ— ਵਿਸ਼ਾ ਕੀ ਹੈ ? ਗੁਰਬਾਣੀ ਅੰਦਰ ਬ੍ਰਹਮੰਡ ਪਸਾਰੇ ਦੇ ਗੁੱਝੇ ਭੇਦਾਂ ਦੇ ਸੰਕੇਤ ਅਤੇ ਸ੍ਰੀ ਗੁਰੂ ਗ੍ਰੰਥ

ਸਾਹਿਬ ਪ੍ਰਥਾਇ, ਸਿੱਖ ਮੁਸਲਮਾਨ, ਹਿੰਦੂਆਂ ਅਤੇ ਪੱਛਮੀ ਵਿਦਵਾਨਾਂ ਦੇ ਵੀਚਾਰ ਆਦਿ, ਵਿਸ਼ਿਆਂ ਉੱਪਰ ਕੇਵਲ ਅਤੇ ਕੇਵਲ ਪੰਛੀ ਝਾਤ ਮਾਰਨ ਦਾ ਨਿਗੂਣਾ ਜਿਹਾ ਯਤਨ ਕੀਤਾ ਹੈ। ਮਨੁੱਖ ਦਾ ਜੀਵਨ ਬਹੁਤ ਹੀ ਮਾਇਕੀ ਰੁਝੇਵਿਆਂ ਵਿੱਚ ਘਿਰਿਆ ਹੋਇਆ ਹੈ। ਵੱਡੀਆਂ ਪੁਸਤਕਾਂ ਪੜ੍ਹਨ ਦਾ ਮਨੁੱਖ ਪਾਸ ਨਾ ਸਮਾਂ ਹੈ ਅਤੇ ਨਾ ਹੀ ਪੜ੍ਹਨ ਦੀ ਰੁਚੀ ਹੈ। ਜਿਸ ਕਾਰਨ ਇਸ ਕਿਤਾਬਚੇ ਵਿੱਚ ਅਗਲੇਰੇ ਪੰਨਿਆਂ ਅੰਦਰ ਬਹੁਤ ਹੀ ਸੰਖੇਪ ਰੂਪ ਵਿੱਚ ਗੁਰਬਾਨੀ ਵਿੱਚੋਂ ਮਨੁੱਖੀ ਜੀਵਨ ਲਈ ਸੇਧ ਅਤੇ ਸਿੱਖਿਆਵਾਂ ਵਿਸ਼ੇ ਉੱਪਰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਇੱਕ-ਇੱਕ ਦੋ-ਦੋ ਪੰਗਤੀਆਂ ਲਿਖ ਕੇ, ਸਤਿਗੁਰਾਂ ਅਤੇ ਭਗਤਾਂ ਦੇ ਉਹ ਉਪਦੇਸ਼ ਲਿਖਣ ਦਾ ਯਤਨ ਕੀਤਾ ਹੈ, ਜਿਨ੍ਹਾਂ ਉਪਦੇਸ਼ਾਂ ਅਤੇ ਸਿੱਖਿਆਵਾਂ ਨੂੰ ਪੜ੍ਹ ਸੁਣ ਕੇ ਅਨੇਕਾਂ ਹੀ ਮਾਇਆ ਦੇ ਪ੍ਰਭਾਵ ਅਧੀਨ ਭੁੱਲੇ-ਭਟਕਦੇ ਜਗਿਆਸੂਆਂ ਦੇ ਜੀਵਨ ਨੂੰ ਮਨੁੱਖਾਂ ਜਨਮ ਦੀ ਬਾਜੀ ਜਿੱਤਣ ਲਈ ਸੇਧ ਮਿਲੀ ਅਤੇ ਉਨ੍ਹਾਂ ਨੇ ਆਪਣਾ ਜੀਵਨ ਗੁਰੂ ਚਾਲੀ ਅਧੀਨ ਚਲਾ ਕੇ ਗੁਰੂ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ ਅਤੇ ਗੁਰੂ ਬਚਨਾਂ ਅਨੁਸਾਰ ਉਨ੍ਹਾਂ

**"ਸਫਲ ਸਫਲ ਭਈ ਸਫਲ ਜਾਤ੍ਰਾ ਆਵਣ ਜਾਣ ਰਹੇ ਮਿਲੇ ਸਾਧਾ ॥੧॥**

**ਧਨਾਸਰੀ ਮ: ੫, ਪੰਨਾ ੬੮੭**

ਦੇ ਮੁਰਾਤਬੇ ਨੂੰ ਸੁਖੈਨ ਹੀ ਪ੍ਰਾਪਤ ਕਰ ਲਿਆ। ਉਸੇ ਆਸ ਅਤੇ ਲੋਚਾ ਅਧੀਨ, ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੇ ਤਿੰਨ ਸੌ ਸਾਲਾ ਗੁਰਤਾ ਗੱਦੀ ਨੂੰ ਸਮਰਪਿਤ, ਜਿੱਥੇ ਸਬਦੁ ਗੁਰ ਪੀਰਾ, ਗੁਰੂ ਗ੍ਰੰਥ ਸਾਹਿਬ ਦਰਸ਼ਨ ਆਦਿ ਪੁਸਤਕਾਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਅੰਦਰ ਛਪਵਾ ਕੇ ਸੰਗਤਾਂ ਦੀ ਭੇਟ ਕਰ ਗੁਰੂ ਚਰਨਾਂ ਵਿੱਚ ਹਾਜਰੀ ਲਵਾਉਣ ਦਾ ਨਿਗੂਣਾ ਯਤਨ ਕੀਤਾ, ਉੱਥੇ ਇਸ ਛੋਟੀ ਜਿਹੀ ਪੁਸਤਕ ਅੰਦਰ ਸਰਲ ਭਾਸ਼ਾ ਰਾਹੀਂ, ਗੁਰੂ ਸਿੱਖਿਆਵਾਂ ਨੂੰ ਆਪ ਸੰਗਤਾਂ ਦੇ ਘਰਾਂ-ਘਰਾਂ ਤਾਈਂ ਪਹੁੰਚਾਣ ਦਾ ਇੱਕ ਹੋਰ ਨਿਮਾਣਾ ਜਿਹਾ ਯਤਨ ਕੀਤਾ ਹੈ ਤਾਂ ਜੋ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਅਮੋਲਕ ਸਿੱਖਿਆਵਾਂ ਚੋਂ ਕੋਈ ਇੱਕ ਅੱਧ ਗੁਰੂ ਉਪਦੇਸ਼ ਦਾ ਕਿਣਕਾ ਕਿਸੇ ਵੀ ਜਗਿਆਸੂ ਦੇ ਹਿਰਦੇ ਵਿੱਚ ਵੱਸ ਜਾਵੇ ਅਤੇ ਉਹ ਗੁਰੂ ਚਰਨਾਂ ਨਾਲ ਜੁੜ ਕੇ ਆਪਣਾ ਅਮੋਲਕ ਮਨੁੱਖਾ ਜਨਮ ਸਫਲਾ ਕਰਨ ਲਈ ਯਤਨਸ਼ੀਲ ਹੋ ਜਾਵੇ ਤਾਂ ਇਸ ਕਿਤਾਬਚੇ ਦੀ ਹੋਂਦ ਨੂੰ ਸਫਲਾ ਸਮਝਿਆ ਜਾਵੇਗਾ। ਆਉ ਅਗਲੇਰੇ ਪੰਨਿਆਂ ਅੰਦਰ ਆਪਾਂ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਅੰਕਿਤ ਕੁਝ ਇੱਕ ਗੁਰੂ ਸਿੱਖਿਆਵਾਂ ਨੂੰ ਸੀਮਤ ਸਮੇਂ ਅੰਦਰ ਇਕਾਗਰ ਚਿੱਤ ਹੋ ਕੇ ਵਾਚਣ ਦਾ ਯਤਨ ਕਰੀਏ।



## ਗੁਰੂ ਸਿੱਖਿਆਵਾਂ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਅਨੁਸਾਰ ਪ੍ਰਮਾਤਮਾ ਕੇਵਲ ਅਤੇ ਕੇਵਲ ਇੱਕ ਹੈ।

**ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥ ਰਹਾਉ ॥**

**ਆਸਾ ਮ: ੧, ਪੰਨਾ ੩੫੦**

ਉਹ ਇੱਕ ਹੀ ਸਾਰਿਆਂ ਦਾ ਸਿਰਜਣਹਾਰ ਹੈ। ਸਾਰਾ ਦ੍ਰਿਸ਼ਟ ਅਦ੍ਰਿਸ਼ਟ ਪਸਾਰਾ ਇੱਕ ਦਾ ਹੀ ਹੈ। ਉਸ ਵਰਗਾ ਹੋਰ ਕੋਈ ਨਹੀਂ ਉਹ ਅਦੁੱਤੀ ਹੈ। ਉਸ ਦਾ ਨਾਮ ਸਦਾ ਵਾਸਤੇ ਸੱਤ ਸਰੂਪ, ਹੋਂਦ ਵਾਲਾ ਹੈ। ਸਾਰਾ ਦ੍ਰਿਸ਼ਟ ਅਦ੍ਰਿਸ਼ਟ ਪਸਾਰਾ ਕਰਕੇ ਉਹ ਆਪ ਸਾਰੇ ਪਸਾਰੇ ਵਿੱਚ ਰਮ ਰਿਹਾ ਹੈ। ਉਹ ਡਰ ਤੋਂ ਅਤੇ ਵੈਰ ਭਾਵਨਾਂ ਤੋਂ ਰਹਿਤ ਹੈ। ਇੱਕ ਦੀ ਹੋਂਦ ਹਸਤੀ ਕਾਲ ਦੇ ਪ੍ਰਭਾਵ ਤੋਂ ਮੁਕਤ ਹੈ। ਨਾ ਹੀ ਸਮਾਂ ਅਤੇ ਨਾ ਹੀ ਮੌਤ ਉਸ ਦੀ ਹੋਂਦ ਹਸਤੀ ਨੂੰ ਖਤਮ ਕਰ ਸਕਦੀ ਹੈ। ਇੱਕ ਦੀ ਹੋਂਦ ਹਸਤੀ ਜੂਨ-ਜਨਮ ਤੋਂ ਰਹਿਤ ਹੈ। ਇੱਕ (ਪ੍ਰਮਾਤਮਾਂ) ਆਪਣੇ ਆਪ ਤੋਂ ਹੀ ਪ੍ਰਕਾਸ਼ਮਾਨ ਹੋਇਆ ਹੈ। ਉਸ ਨੂੰ ਪ੍ਰਕਾਸ਼ਮਾਨ ਕਰਨ ਵਾਲਾ ਹੋਰ ਕੋਈ ਨਹੀਂ। ਇੱਕ ਦੀ ਪ੍ਰਾਪਤੀ ਇੱਕ ਦੀ ਲਖਤਾ ਗੁਰੂ ਦੀ ਕ੍ਰਿਪਾ ਦੁਆਰਾ ਹੀ ਹੋ ਸਕਦੀ ਹੈ।

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥** *ਜਪੁਜੀ ਪੰਨਾ ੧*

ਇੱਕ ਅਕਾਲ ਪੁਰਖ ਹੀ ਸਾਰਿਆਂ ਨੂੰ ਪੈਦਾ ਕਰਦਾ ਹੈ। ਆਪ ਹੀ ਸਾਰਿਆਂ ਦੀ ਪਾਲਣਾ, ਸਾਰ ਸੰਭਾਲ ਕਰਦਾ ਅਤੇ ਆਪ ਹੀ ਸਭ ਦਾ ਸੰਘਾਰ ਕਰਤਾ ਹੈ। ਇੱਕ ਤੋਂ ਬਿਨਾਂ ਹੋਰ ਕੋਈ ਨਹੀਂ ਹੈ।

**ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ ॥**
**ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ ॥** *ਮ : ੧, ਪੰਨਾ ੬੯*

ਜਿੱਥੇ ਪ੍ਰਮਾਤਮਾਂ ਸਰਬ ਗੁਣ ਸੰਪੰਨ ਹੈ, ਉੱਥੇ ਉਸ ਦਾ ਸਭ ਤੋਂ ਵੱਡਾ ਗੁਣ ਇੱਕ ਇਹ ਹੈ ਕਿ ਉਸ ਵਰਗਾ ਨਾ ਕੋਈ ਪਹਿਲਾਂ ਸੀ ਨਾ ਹੁਣ ਹੈ ਅਤੇ ਨਾ ਹੀ ਅਗਾਂਹ ਹੋਵੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ।

**ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ।**

*ਮ : ੧, ਪੰਨਾ, ੯*

ਗੁਰਬਾਣੀ ਸਿੱਖਿਆ ਅਨੁਸਾਰ ਸਾਰੀ ਕਾਇਨਾਤ ਅਤੇ ਸਾਰੇ ਸੰਸਾਰ ਦਾ ਪੈਦਾਇਸ਼ ਕਰਤਾ ਇੱਕ ਅਕਾਲ ਪੁਰਖ ਹੀ ਹੈ ਇਸ ਲਈ ਅਸੀਂ ਸਾਰਾ ਸੰਸਾਰ ਇੱਕ ਪ੍ਰਵਾਰ ਹਾਂ।

**ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥**

**ਨਉ ਨਿਧਿ ਤੇਰੈ ਅਖੁਟ ਭੰਡਾਰਾ।** *ਮ: ੫, ਪੰਨਾ ੯੭*

ਅਸੀਂ ਸਾਰੇ ਪ੍ਰਮਾਤਮਾਂ ਦੀ ਅੰਸ਼ ਹਾਂ '**ਕਹੁ ਕਬੀਰ ਇਹੁ ਰਾਮ ਕੀ ਅੰਸ ॥"** ਪ੍ਰਮਾਤਮਾ ਸੱਤ, ਚਿੱਤ, ਅਨੰਦ ਸਰੂਪ ਹੈ ਪਰ ਮਨੁੱਖ ਦੁੱਖੀ ਹੈ। ਦੁੱਖ ਦਾ ਕਾਰਣ ਗੁਰਬਾਣੀ ਅੰਦਰ ਆਪਣੇ ਮੂਲ ਪ੍ਰਮਾਤਮਾ ਦੀ ਹੋਂਦ ਨੂੰ ਵਿਸਰ ਜਾਣਾ ਦਰਸਾਇਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ **"ਦੁਖੁ ਤਦੇ ਜਾ ਵਿਸਰਿ ਜਾਵੈ ॥"** ਪ੍ਰਮਾਤਮਾ ਨੂੰ ਵਿਸਾਰ ਦੇਣ ਅਤੇ ਪ੍ਰਮਾਤਮਾ ਨੂੰ ਭੁੱਲ ਜਾਣ ਕਾਰਣ ਹੀ ਮਨੁੱਖ ਨੂੰ ਸਾਰੇ ਰੋਗ, ਚਿੰਤਾ ਝੋਰੇ ਆ ਗ੍ਰਸਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ—

**ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ।** *ਮ: ੫, ਪੰਨਾ ੧੩੫*

**ਅਤੇ — ਸਭੇ ਦੁਖ ਸੰਤਾਪ ਜਾਂ ਤੁਧਹੁ ਭੁਲੀਐ ॥** *ਮ: ੫, ਪੰਨਾ ੯੬੪*

ਦੁੱਖਾਂ ਤੋਂ ਨਿਯਾਤ ਪਾਉਣ ਦਾ ਅਤੇ ਸੁੱਖਾਂ ਦੀ ਪ੍ਰਾਪਤੀ ਦਾ ਮਾਰਗ ਦਰਸਾਉਂਦੇ ਸਤਿਗੁਰੂ ਫੁਰਮਾਉਂਦੇ ਹਨ, ਕਿ ਪ੍ਰਮਾਤਮਾਂ ਨੂੰ ਭੁੱਲਣ ਕਾਰਣ ਦੁੱਖ ਆ ਚੰਮੜੇ ਸਨ। ਪਰਮਾਤਮਾਂ ਨੂੰ ਯਾਦ ਕਰੋ, ਉਸ ਦਾ ਸਿਮਰਨ ਕਰੋ, ਸਾਰੇ ਦੁੱਖ ਦੂਰ ਹੋ ਜਾਣਗੇ ਅਤੇ ਤੁਸੀਂ ਸਦੀਵੀਂ ਸੁੱਖਾਂ ਨੂੰ ਮਾਣੋਗੇ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੁਖਮਨੀ ਸਾਹਿਬ ਅੰਦਰ ਬਚਨ ਹੈ—

**ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥**

**ਕਲਿ ਕਲੇਸ ਤਨ ਮਾਹਿ ਮਿਟਾਵਉ ॥**

*ਸੁਖਮਨੀ ਮ: ੫, ਪੰਨ ੨੬੨*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸਾਡੇ ਸਾਰਿਆਂ ਦਾ ਮੂਲ ਪ੍ਰਮਾਤਮਾ ਦਰਸਾਇਆ ਹੈ। ਮਾਇਆ ਦੇ ਅਗਿਆਨ ਭਰਮ ਕਰਕੇ ਸਾਡਾ ਆਪਣੇ ਮੂਲ ਪ੍ਰਮਾਤਮਾਂ ਤੋਂ ਵਿਛੋੜਾ ਪੈ ਗਿਆ ਹੈ। ਸਾਡੇ ਜੀਵਨ ਦਾ ਲਕਸ਼, ਅਤੇ ਸਾਡੇ ਜੀਵਨ ਦਾ ਮੰਤਵ ਕੇਵਲ ਅਤੇ ਕੇਵਲ ਆਪਣੇ ਮੂਲ ਪਰਮਾਤਮਾਂ ਨਾਲ ਮਿਲਣਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੋਦਰ ਦੀ ਬਾਣੀ ਅੰਦਰ ਫੁਰਮਾਨ ਹੈ—

**ਭਈ ਪਰਾਪਤਿ ਮਾਨੁਖ ਦੇਹੁਰੀਆ ॥**

**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥** *ਮ: ੫, ਪੰਨਾ ੧੨*

ਗੋਬਿੰਦ ਨਾਲ ਮਿਲਣ ਦਾ ਰਸਤਾ ਹੈ, ਗੋਬਿੰਦ ਦੇ ਨਾਮ ਦਾ ਸਿਮਰਨ ਕਰਨਾ, ਕਿਉਂ ਕਿ ਕੁਦਰਤ ਦਾ ਨੇਮ ਹੈ, ਜਿਸ ਦੀ ਕੋਈ ਅਰਾਧਨਾ ਕਰਦਾ ਹੈ, ਸਮਾਂ ਪਾ ਕੇ ਉਸ ਦਾ ਹੀ ਉਹ ਰੂਪ ਹੋ ਜਾਂਦਾ ਹੈ। ਸਾਹਿਬਾਂ ਦਾ ਫੁਰਮਾਨ ਹੈ—



**[੧]ਭੈ ਰਚਿ ਰਹੈ ਸੁ ਨਿਰਭਉ ਹੋਇ ॥**

**ਜੈਸਾ ਸੇਵੈ ਤੈਸੋ ਹੋਇ ॥** *ਮ: ੧, ਪੰਨਾ ੨੨੩*

**[੨]ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ ॥**

*ਮ: ੪, ਪੰਨਾ ੧੧*

ਨਾਮ ਦੀ ਅਤੁੱਟ ਕਮਾਈ ਕਰਕੇ ਹੀ ਮਨੁੱਖ ਆਪਣੇ ਪ੍ਰਭੂ ਨਾਲ ਅਭੇਦ ਹੋ ਸਕਦਾ ਹੈ। ਜਪੁਜੀ ਸਾਹਿਬ ਦੀ ਬਾਣੀ ਅੰਦਰ ਸਤਿਗੁਰੂ ਨਾਨਕ ਪਾਤਸ਼ਾਹ ਪ੍ਰਭੂ ਪ੍ਰਾਪਤੀ ਦਾ ਰਸਤਾ ਦਰਸਾਉਂਦੇ ਫੁਰਮਾਨ ਕਰਦੇ ਹਨ—

**ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥**

**ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥** *ਜਪਜੀ, ਪੰਨਾ ੧*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਅਨੁਸਾਰ ਕਰਤਾ ਇੱਕ ਹੈ। ਕਰਤੇ ਦੀ ਕ੍ਰਿਤ ਅਨੇਕ ਹੈ ਅਨੇਕਤਾ ਨਾਲ ਨਹੀਂ, ਇੱਕ ਨਾਲ ਜੁੜਨਾ ਹੈ। ਇੱਕ ਨਾਲ ਜੁੜਨ ਲਈ —

**ਏਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨ ਆਹਿ ॥**

**ਏਕਸ ਕੇ ਗੁਨ ਗਾਉ ਅਨੰਤ ॥ ਮਨਿ ਤਨਿ ਜਾਪਿ ਏਕ ਭਗਵੰਤ ॥**

*ਮ: ੫, ਪੰਨਾ ੨੮੯*

ਕਰਤੇ ਨਾਲ ਜੁੜਨ ਲਈ ਕ੍ਰਿਤ ਦੀ ਨਹੀਂ, ਕਰਤੇ ਦੀ ਸਿਫਤੋ ਸਲਾਹ ਕਰਨੀ ਚਾਹੀਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ—

**ਮਨ ਮੇਰੇ ਕਰਤੇ ਨੋ ਸਾਲਾਹਿ ॥**

**ਸਭੇ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ ॥** *ਮ: ੫,. ਪੰਨਾ ੪੩*

ਪ੍ਰਮਾਤਮਾ ਦੀ ਪ੍ਰਾਪਤੀ ਦੇ, ਜਿੰਨੇ ਵੀ ਸਾਧਨ ਸੰਸਾਰ ਵਿੱਚ ਪ੍ਰਚਲਤ ਹਨ। ਚਾਹੇ ਉਹ ਹੱਠ ਜੋਗ ਹੈ, ਚਾਹੇ ਗਿਆਨ ਮਾਰਗ ਹੈ, ਚਾਹੇ ਤਿਆਗ ਮਾਰਗ ਹੈ, ਜਾਂ ਪੂਜਾ ਅਰਚਾ ਦੇ ਸਾਧਨ ਹਨ। ਨਾਮ ਸਾਧਨ ਪ੍ਰਭੂ ਪ੍ਰਾਪਤੀ ਦਾ ਸਭ ਤੋਂ ਸਿਰਮੌਰ ਅਤੇ ਸੁਖੈਨ ਮਾਰਗ ਹੈ। ਸਾਹਿਬਾਂ ਦਾ ਫੁਰਮਾਨ ਹੈ—

**ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ ॥**

**ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ ॥** *ਆਸਾ ਮ: ੫, ਪੰਨਾ ੪੦੧*

---

*੧. ਜੋ ਪਰਮਾਤਮਾ ਦੇ ਭੈਅ ਵਿੱਚ ਰਹਿੰਦਾ ਹੈ, ਉਹ ਨਿਰਭਉ ਹੋ ਜਾਂਦਾ ਹੈ। ਜਿਸ ਦਾ ਕੋਈ ਸਿਮਰਨ ਕਰਦਾ ਹੈ, ਉਸ ਦਾ ਹੀ ਉਹ ਰੂਪ ਹੋ ਨਿੱਬੜਦਾ ਹੈ।*

*੨. ਜਿਨ੍ਹਾਂ ਜਿਨ੍ਹਾਂ ਨੇ ਹਰੀ ਪ੍ਰਮਾਤਮਾ ਦਾ ਸਿਮਰਨ ਕੀਤਾ, ਉਹ ਹਰੀ ਪ੍ਰਮਾਤਮਾਂ ਦੇ ਸਰੂਪ ਵਿੱਚ ਹੀ ਸਮਾਂ ਜਾਂਦੇ ਹਨ।*

ਪ੍ਰਮਾਤਮਾਂ ਦਾ ਨਾਮ ਹਰ ਸਮੇਂ ਹਰ ਹਾਲਤ ਵਿੱਚ, ਤੁਰਦਿਆਂ ਫਿਰਦਿਆਂ, ਕਾਰ ਵਿਹਾਰ ਕਰਦਿਆਂ, ਅਰਾਮ ਕਰਦਿਆਂ, ਸੁਤਿਆਂ ਜਪੀ ਜਾਣਾ ਚਾਹੀਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਆਸਾ ਰਾਗ ਅੰਦਰ ਬਚਨ ਹੈ—

**ਊਠਤ ਬੈਠਤ ਸੋਵਤ ਧਿਆਈਐ ॥**

**ਮਾਰਗਿ ਚਲਤ ਹਰੇ ਹਰਿ ਗਾਈਐ ॥**

*ਆਸਾ ਮ: ੫, ਪੰਨਾ ੩੮੬*

**ਤਥਾ — ਊਠਤ ਬੈਠਤ ਸੋਵਤ ਨਾਮ ॥**

**ਕਹੁ ਨਾਨਕ ਜਨ ਕੈ ਸਦ ਕਾਮ ॥** *ਸੁਖਮਨੀ ਮ: ੫, ਪੰਨ ੨੮੬*

ਜਗਿਆਸੂ ਨੇ ਨਾਮ ਭਾਵੇਂ ਹਰ ਸਮੇਂ ਹਰ ਸਥਿਤੀ ਵਿੱਚ ਜਪਣਾ ਹੈ। ਨਾਮ ਜਪਣ ਦੀ ਅਜਿਹੀ ਅਵਸਥਾ ਬਨਾਉਣ ਲਈ ਗੁਰਬਾਣੀ ਅੰਦਰ ਅੰਮ੍ਰਿਤ ਵੇਲੇ ਨੂੰ ਬਹੁਤ ਮਹਾਨਤਾ ਦੇ ਕੇ ਅਤੇ ਫੁਰਮਾਨ ਕੀਤਾ ਹੈ—

**ਪਰਭਾਤੇ ਪ੍ਰਭ ਨਾਮੁ ਜਪਿ ਗੁਰ ਕੇ ਚਰਣ ਧਿਆਇ ॥**

**ਜਨਮ ਮਰਣ ਮਲੁ ਉਤਰੈ ਸਚੇ ਕੇ ਗੁਣ ਗਾਇ ॥** *ਮ: ੫, ਪੰਾ ੧੦੯੯*

ਅਤੇ : **ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥** *ਜਪੁਜੀ, ਪੰਨਾ ੧*

**ਅਤੇ — ਝਾਲਾਘੇ[1] ਉਠਿ ਨਾਮੁ ਜਪਿ ਨਿਸਿ[2] ਬਾਸੁਰ[3] ਆਰਾਧਿ ॥**

**ਕਾੜ੍ਹਾ[4] ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ[5] ॥**

*ਮ: ੫. ਪੰਨਾ ੨੫੫*

ਪ੍ਰਮਾਤਮਾਂ ਦਾ ਨਾਮ ਜਪਣ ਨਾਲ ਜਿੱਥੇ ਦੁੱਖਾਂ ਕਲੇਸ਼ਾਂ ਦਾ ਨਾਸ਼ ਹੋ ਕੇ ਸੁੱਖ ਦੀ ਪ੍ਰਾਪਤੀ ਅਤੇ ਮਨ ਨੂੰ ਸ਼ਾਂਤੀ ਮਿਲਦੀ ਹੈ, ਉੱਥੇ ਪ੍ਰਭੂ ਦਾ ਨਾਮ ਜਪਣ ਨਾਲ ਮਨ ਉੱਪਰ ਜੋ ਪਾਪ ਕਰਮਾਂ ਦੇ ਸੰਸਕਾਰਾਂ ਦੀ ਮਲੀਨਤਾਈ ਲੱਗੀ ਹੋਈ ਹੈ, ਉਹ ਵੀ ਧੁਪ ਜਾਂਦੀ ਹੈ ਅਤੇ ਮਨ ਅਪਣੇ ਅਸਲੀ ਰੂਪ ਵਿੱਚ ਆ ਪ੍ਰਗਟ ਹੁੰਦਾ ਹੈ। ਗੁਰਬਾਣੀ ਦਾ ਫੁਰਮਾਨ ਹੈ—

**ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥** *ਸੁਖਮਨੀ ਮ: ੫, ਪੰਨਾ ੨੬੩*

**ਭਰੀਐ ਮਤਿ ਪਾਪਾ ਕੈ ਸੰਗਿ ॥**

**ਓਹੁ ਧੋਪੈ ਨਾਵੈ ਕੈ ਰੰਗਿ ॥** *ਜਪੁਜੀ, ਪੰਨਾ ੪*

ਨਾਮ ਕਿਵੇਂ ਜਪਣਾ ਹੈ ? ਦੇ ਉੱਤ੍ਰ ਵਿੱਚ ਸਤਿਗੁਰੂ ਅਗਵਾਈ ਦਿੰਦੇ ਹਨ, ਕਿ ਇਕਾਗਰ ਚਿੱਤ ਹੋ ਕੇ ਰਸਨਾ ਨਾਲ ਨਾਮ ਜਪੋ ਅਤੇ ਕੰਨਾਂ ਨਾਲ ਜਾਂ ਸੁਰਤੀ

---

*੧. ਅੰਮ੍ਰਿਤ ਵੇਲੇ ੨. ਰਾਤ ੩. ਦਿਨ ੪. ਚਿੰਤਾ ਝੋਰਾ ੫. ਤਿੰਨ ਤਾਪ*



ਨਾਲ ਜਪੇ ਨਾਮ ਨੂੰ ਸ੍ਰਵਣ ਕਰੋ। ਇਸ ਤ੍ਰੀਕੇ ਨਾਲ ਨਾਮ ਜਪਣ ਵਾਲਾ ਗੁਰੂ ਚਰਨਾਂ ਵਿੱਚੋਂ ਸਰਬ ਦਾਤਾਂ ਨਾਲ ਨਿਵਾਜਿਆ ਜਾਂਦਾ ਹੈ। ਸਾਹਿਬਾਂ ਦਾ ਫੁਰਮਾਨ ਹੈ —

**ਸ੍ਰਵਣੀ ਸੁਣੀਐ ਰਸਨਾ ਗਾਈਐ ਹਿਰਦੈ ਧਿਆਈਐ ਸੋਈ ॥**

**ਕਰਣ ਕਾਰਣ ਸਮਰਥ ਸੁਆਮੀ ਜਾ ਤੇ ਬ੍ਰਿਥਾ ਨ ਕੋਈ ॥** *ਮ : ੫, ਪੰਨਾ ੬੧੧*

**ਅਤੇ — ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥**

*ਮ: ੧ ਪੰਨਾ ੮੭੯*

ਰਸਨਾਂ ਨਾਲ ਜਾਂ ਸੁਰਤੀ ਨਾਲ ਜਪੇ ਨਾਮ ਨੂੰ ਅਸੀਂ ਤੱਦ ਹੀ ਸੁਣ ਸਕਾਂਗੇ ਜੇ ਸਾਡਾ ਧਿਆਨ ਇਕਾਗਰ ਹੋਵੇਗਾ। ਧਿਆਨ ਦੀ ਇਕਾਗਰਤਾ ਅਤੇ ਧਿਆਨ ਦੀ ਪ੍ਰਪੱਕਤਾ ਵਾਸਤੇ ਵੀ ਸੁਣਨ ਦਾ ਸਾਧਨ ਹੀ ਕਾਰਗਰ ਹੈ। ਸਤਿਗੁਰੂ ਨਾਨਕ ਦੇਵ ਜੀ ਦਾ ਜਪੁਜੀ ਸਾਹਿਬ ਅੰਦਰ ਫੁਰਮਾਨ ਹੈ—

**ਸੁਣਿਐ ਲਾਗੈ ਸਹਜਿ ਧਿਆਨੁ ॥**

**ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੦ ॥**

*ਜਪੁਜੀ, ਪੰਨਾ ੩*

ਜਿਹੜੇ ਗੁਰੂ ਪਿਆਰੇ ਰਸਨਾ ਨਾਲ ਜਾਂ ਸੁਰਤੀ ਦੁਆਰਾ ਉਚਾਰਨ ਕੀਤੇ ਪ੍ਰਭੂ ਨਾਮ ਨੂੰ ਅਤੇ ਗੁਰਬਾਣੀ ਸ਼ਬਦਾਂ ਨੂੰ ਸੁਣਨ ਵਿੱਚ ਸਫਲਤਾ ਪ੍ਰਾਪਤ ਕਰ ਲੈਂਦੇ ਹਨ। ਸਤਿਗੁਰੂ ਅਰਜਨ ਦੇਵ ਜੀ ਅਜਿਹੇ ਗੁਰਮੁਖਾਂ ਤੋਂ ਬਲਿਹਾਰ ਜਾਂਦੇ ਹਨ।

**ਰਸਨਾ ਉਚਰੰਤਿ ਨਾਮੰ ਸ੍ਰਵਣੰ ਸੁਨੰਤਿ ਸਬਦ ਅੰਮ੍ਰਿਤਹ ॥**

**ਨਾਨਕ ਤਿਨ ਸਦ ਬਲਿਹਾਰੰ ਜਿਨਾ ਧਿਆਨੁ ਪਾਰਬ੍ਰਹਮਣਹ ॥**

*ਮ: ੫, ਪੰਨਾ ੭੦੯*

ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਅਕੀਦੇ ਅਨੁਸਾਰ ਜਿਨ੍ਹਾਂ ਨੇ ਨਾਮ ਜਪਣ ਦਾ ਕਾਰਜ ਕਰ ਲਿਆ, ਉਹ ਪ੍ਰਮਾਤਮਾਂ ਦੇ ਦਰ ਵਿੱਚ ਪ੍ਰਵਾਨ ਹੋ ਗਏ। ਉਨ੍ਹਾਂ ਦਾ ਲੋਕ ਪ੍ਰਲੋਕ ਅੰਦਰ ਮੁੱਖ ਉਜਲਾ ਹੋ ਗਿਆ। ਜਿਨ੍ਹਾਂ ਜਿਨ੍ਹਾਂ ਨੇ ਵੀ ਨਾਮ ਜਪਣ ਵਾਲਿਆਂ ਦੀ ਸੰਗਤ ਕੀਤੀ ਉਨ੍ਹਾਂ ਦਾ ਵੀ ਪਾਰ ਉਤਾਰਾ ਅਤੇ ਨਿਸਤਾਰਾ ਹੋ ਗਿਆ। ਸਤਿਗੁਰੂ ਨਾਨਕ ਦੇਵ ਜੀ ਦਾ ਜਪੁਜੀ ਸਾਹਿਬ ਅੰਦਰ ਫੁਰਮਾਨ ਹੈ—

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥**

**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥** *ਜਪੁਜੀ ਪੰਨ ੮*

ਨਾਮ ਜਪਣ ਵਾਲਿਆਂ ਨੂੰ ਪ੍ਰਮਾਤਮਾਂ ਦੇ ਨਿਜ ਸਰੂਪ ਵਿੱਚ ਨਿਵਾਸ ਪ੍ਰਾਪਤ ਹੋ ਜਾਂਦਾ ਹੈ ਅਤੇ ਉਨ੍ਹਾਂ ਦਾ ਆਵਾਗਉਣ ਦਾ ਚੱਕਰ ਸਦਾ ਵਾਸਤੇ ਖ਼ਤਮ ਹੋ ਜਾਂਦਾ ਹੈ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ—

**ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥**

*ਮ: ੫, ਪੰਨਾ ੧੩*

ਨਾਮ ਰਸੀਏ ਗੁਰੂ ਪਿਆਰੇ ਤਾਂ ਪ੍ਰਭੂ ਵਿੱਚ ਇਸ ਤਰ੍ਹਾਂ ਲੀਨ ਹੋ ਕੇ ਉਸ ਦਾ ਰੂਪ ਬਣ ਜਾਂਦੇ ਹਨ, ਜਿਸ ਤਰ੍ਹਾਂ ਪਾਣੀ ਵਿੱਚ ਪਾਣੀ ਰਲ ਕੇ ਇੱਕ ਰੂਪ ਹੋ ਜਾਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਫੁਰਮਾਨ ਹੈ—

**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥**

*ਮ : ੯, ਪੰਨਾ ੬੩੪*

ਨਾਮ ਜਪ ਕੇ ਆਪਣੇ ਮੂਲ ਪ੍ਰਮਾਤਮਾ ਨਾਲ ਮਿਲਣ ਵਾਸਤੇ ਹੀ ਸਾਨੂੰ ਪ੍ਰਭੂ ਨੇ ਮਨੁੱਖਾ ਜਨਮ ਦੀ ਦਾਤ ਬਖਸ਼ਿਸ਼ ਕੀਤੀ ਹੈ। ਜਿਨ੍ਹਾਂ ਨੇ ਸੰਸਾਰ ਵਿੱਚ ਮਨੁੱਖਾ ਜਨਮ ਪ੍ਰਾਪਤ ਕਰਕੇ ਪ੍ਰਮਾਤਮਾਂ ਦਾ ਨਾਮ ਨਹੀਂ ਜਪਿਆ, ਸਤਿਗੁਰੂ ਰਾਮ ਦਾਸ ਜੀ ਅਜਿਹੇ ਨਾਮ ਵਿਹੂਣਿਆਂ ਪਾਸੋਂ ਪੁੱਛ ਕਰਦੇ ਹਨ ਕਿ ਜੇ ਤੁਸੀਂ ਇਸ ਮਨੁੱਖਾ ਜਨਮ ਨਾਲ ਪ੍ਰਮਾਤਮਾ ਦਾ ਨਾਮ ਨਹੀਂ ਜਪਣਾ, ਫਿਰ ਤੁਸੀਂ ਕਿਸ ਵਾਸਤੇ ਇਸ ਸੰਸਾਰ ਵਿੱਚ ਆਏ ਹੋ ? ਤੁਹਾਡਾ ਇਸ ਸੰਸਾਰ ਵਿੱਚ ਆਉਣ ਦਾ ਮੰਤਵ ਕੀ ਹੈ ? ਕਿਉਂਕਿ ਮਨੁੱਖਾ ਜਨਮ ਬੜਾ ਦੁਰਲਭ ਹੈ, ਇਹ ਬਾਰ-ਬਾਰ ਪ੍ਰਾਪਤ ਨਹੀਂ ਹੁੰਦਾ, ਇਸ ਨੂੰ ਬਿਅਰਥ ਕਿਉਂ ਗਵਾਉਂਦੇ ਹੋ ? ਸਤਿਗੁਰਾਂ ਦਾ ਆਸਾ ਰਾਗ ਅੰਦਰ ਬੜਾ ਹੀ ਭਾਵ ਪੂਰਤ ਬਚਨ ਹੈ—

**ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ ॥**

**ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ ॥**

*ਆਸਾ ਮ : ੪ (ਪੰਨਾ ੪੫੦)*

ਭਗਤ ਨਾਮ ਦੇਵ ਜੀ ਤਾਂ ਨਾਮ ਵਿਹੂਣੇ ਮਨੁੱਖ ਨੂੰ ਭ੍ਰਿਸ਼ਟ ਜਾਣ ਕੇ ਉਸਦਾ ਦਰਸ਼ਨ ਕਰਨ ਨੂੰ ਵੀ ਤਿਆਰ ਨਹੀਂ, ਆਪ ਦਾ ਫੁਰਮਾਨ ਹੈ—

**ਜੋ ਨ ਭਜੰਤੇ ਨਾਰਾਇਣਾ ॥ ਤਿਨ ਕਾ ਮੈ ਨ ਕਰਉ ਦਰਸਨਾ ॥**

*ਨਾਮਦੇਵ ਜੀ, ਪੰਨਾ ੧੧੬੩*

ਗੁਰ ਰਾਮ ਦਾਸ ਜੀ ਦਾ ਨਾਮ ਵਿਹੂਣਿਆਂ ਮਨੁੱਖਾਂ ਪ੍ਰਤੀ ਫੁਰਮਾਨ ਹੈ—



**ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ[1] ॥**

**ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ ॥**

*ਮ: ੪, ਪੰਨਾ ੬੯੧*

ਗੁਰਬਾਣੀ ਅੰਦਰ ਜਿੱਥੇ ਨਾਮ ਜਪਣ ਦੀ ਬੇਅੰਤ ਮਹਾਨਤਾ ਦਰਸਾਈ ਹੈ ਅਤੇ ਨਾਮ ਜਪਣ ਲਈ ਬਾਰੰਬਾਰ ਤਾਕੀਦ ਕੀਤੀ ਹੈ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਦਰ ਸਤਸੰਗਤ ਦੀ ਵੀ ਬਹੁਤ ਵੱਡੀ ਮਹਾਨਤਾ ਦਰਸਾ ਕੇ ਸਤਸੰਗਤ ਕਰਨ ਲਈ ਪ੍ਰੇਰਨਾ ਦਿੱਤੀ ਸੀ। ਸ੍ਰੀ ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ।

**ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ ॥**

*ਮ : ੪, ਪੰਨਾ ੬੯੭*

ਹਰ ਪ੍ਰਾਣੀ ਨੂੰ ਆਪਣੇ ਹੀ ਭਲੇ ਵਾਸਤੇ ਭਲੇ ਪੁਰਸ਼ਾਂ ਦੀ ਸੰਗਤ ਕਰਨ ਵਾਸਤੇ, ਥੋੜੇ ਤੋਂ ਥੋੜ੍ਹੇ ਬਹੁਤੇ ਤੋਂ ਬਹੁਤਾ ਸਮਾਂ ਜਰੂਰੀ ਕੱਢਣਾ ਚਾਹੀਦਾ ਹੈ। ਬਾਬਾ ਕਬੀਰ ਜੀ ਦਾ ਫੁਰਮਾਨ ਹੈ—

**ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥**

**ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥੨੩੨॥**

*ਸਲੋਕ ਕਬੀਰ ਜੀ ਪੰਨਾ ੧੩੭੭*

ਸਤਿਗੁਰੂ ਜੀ ਨੇ ਜਿੱਥੇ ਹਰ ਮਨੁੱਖ ਨੂੰ ਆਪਣੇ ਭਲੇ ਵਾਸਤੇ ਭਲੇ ਪੁਰਸ਼ਾਂ ਦੀ ਸੰਗਤ ਕਰਨ ਦੀ ਤਾਕੀਦ ਕੀਤੀ ਹੈ ਉੱਥੇ ਭੈੜੇ ਪੁਰਸ਼ਾਂ ਦੀ ਸੰਗਤ ਤੋਂ ਹਮੇਸ਼ਾਂ ਬਚ ਕੇ ਰਹਿਣ ਦਾ ਉਪਦੇਸ਼ ਗੁਰਬਾਣੀ ਅੰਦਰ ਦ੍ਰਿੜ੍ਹ ਕਰਾਇਆ ਹੈ ਕਿਉਂਕਿ ਮੰਦ ਕਰਮੀਆਂ ਦੀ ਸੰਗਤ ਮਨੁੱਖ ਦੇ ਜੀਵਨ ਨੂੰ ਦਾਗੀ ਅਤੇ ਬਰਬਾਦ ਕਰ ਦਿੰਦੀ ਹੈ। ਬਾਬਾ ਕਬੀਰ ਜੀ ਦਾ ਫੁਰਮਾਨ ਹੈ—

**ਕਬੀਰ ਸਾਕਤ ਸੰਗੁ ਨਾ ਕੀਜੀਐ ਦੂਰਹਿ ਜਾਈਐ ਭਾਗਿ ॥**

**[2]ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥੧੩੧॥**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸਤਸੰਗਤ ਦੀ ਪ੍ਰੀਭਾਸ਼ਾ ਦਰਸਾਉਂਦੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਰੀ ਰਾਗ ਅੰਦਰ ਫੁਰਮਾਨ ਕੀਤਾ ਹੈ ਕਿ ਕਿਸੇ ਵੱਡੇ ਇਕੱਠ ਦਾ ਨਾਉਂ ਸਤ ਸੰਗਤ ਨਹੀ। ਸਤਸੰਗਤ ਕੇਵਲ ਉਹ ਇਕੱਠ ਹੀ ਕਹਿਲਾ ਸਕਦਾ ਹੈ, ਜਿਸ ਵਿੱਚ ਸੱਤ ਦੀ ਹੋਂਦ ਹੋਵੇ। ਜਿੱਥੇ ਪ੍ਰਮਾਤਮਾਂ ਦਾ ਨਾਮ ਜਪਿਆ ਜਾਵੇ। ਜਿੱਥੇ ਸੱਚ ਦੀ ਵੀਚਾਰ ਕੀਤੀ ਜਾਵੇ। ਆਪ ਜੀ ਦਾ ਫੁਰਮਾਨ ਹੈ—

---

*੧. ਜਿਸ ਇਸਤ੍ਰੀ ਦੇ ਬੱਚਾ ਨ ਹੋਵੇ ੨. ਕਾਲਖ ਵਾਲੇ ਬ੍ਰਤਣ ਨੂੰ ਸਪਰਸ਼ ਕਰਨ ਨਾਲ ਕਾਲਖ ਅਵੱਸ਼ ਹੀ ਲੱਗ ਜਾਂਦੀ ਹੈ।*

**ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥** *ਮ : ੧, ਪੰਨਾ ੭੨*

ਸਤਸੰਗਤ ਦਾ ਲਾਭ ਪੁਛਣ ਤੇ ਸਤਿਗੁਰੂ ਅਰਜਨ ਦੇਵ ਜੀ ਸੋਰਠ ਰਾਗ ਅੰਦਰ ਹੁਕਮ ਫੁਰਮਾਉਂਦੇ ਹਨ ਕਿ, ਸਤਸੰਗਤ ਕਰਨ ਨਾਲ ਜਿੱਥੇ ਮਨੁੱਖ ਦੇ ਮਨ ਦੀ ਸ਼ੁੱਧੀ ਹੁੰਦੀ ਹੈ, ਉੱਥੇ ਸਤਸੰਗਤ ਕਰਨ ਨਾਲ ਮਨ ਵਿੱਚ ਪ੍ਰਮਾਤਮਾ ਦਾ ਪਵਿਤ੍ਰ ਨਾਮ ਵੀ ਟਿਕ ਜਾਂਦਾ ਹੈ—

**ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ ॥**

*ਮ : ੫, ਪੰਨਾ ੬੩੯*

ਸੰਸਾਰ ਵਿੱਚ ਸੁੰਦਰ ਮਨੁੱਖ ਕੌਣ ਹੈ ? ਦਾ ਉਤ੍ਰ ਬਖਸ਼ਿਸ਼ ਕਰਦੇ ਸ੍ਰੀ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਕੋਈ ਉੱਚੀ ਕੁਲ ਵਾਲਾ ਜਾ ਸਰੀਰ ਕਰਕੇ ਸੁਹਣੇ ਸੁੰਦਰ ਸਰੂਪ ਵਾਲਾ ਮਨੁੱਖ ਸੁੰਦਰ ਨਹੀਂ ਕਹਿਲਾ ਸਕਦਾ, ਸਗੋਂ ਸੁੰਦਰ ਉਹ ਹੈ, ਜੋ ਸ੍ਰੇਸ਼ਟ ਪੁਰਸ਼ਾਂ ਦੀ ਸੰਗਤ ਕਰਕੇ ਸ਼ੁਭ ਕਰਮਾਂ ਦਾ ਧਾਰਨੀ ਬਣ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਾਝ ਰਾਗ ਅੰਦਰ ਫੁਰਮਨ ਹੈ—

**ਸੇਈ ਸੁੰਦਰ ਸੋਹਣੇ ॥ ਸਾਧਸੰਗਿ ਜਿਨ ਬੈਹਣੇ ॥** *ਮ : ੫, ਪੰਨਾ ੧੩੨*

ਸੇਵਾ ਦੀ ਮਹਾਨਤਾ ਦਰਸਾਉਂਦਿਆਂ ਸ੍ਰੀ ਗੁਰੂ ਨਨਕ ਦੇਵ ਜੀ ਨੇ ਸਿਰੀ ਰਾਗ ਅੰਦਰ ਫੁਰਮਾਨ ਕੀਤਾ ਹੈ ਕਿ ਹਰ ਪ੍ਰਾਣੀ ਨੂੰ ਸੰਸਾਰ ਵਿੱਚ ਨਿਰੰਕਾਰ ਦੀ ਜੋਤ ਜਾਣ ਕੇ ਬਿਨਾਂ ਵਿਤਕਰੇ ਸੇਵਾ ਕਰਨੀ ਚਾਹੀਦੀ ਹੈ। ਸੇਵਾ ਕਰਨ ਨਾਲ ਮਨ ਵਿੱਚ ਨਿਮ੍ਰਤਾ ਆਉਂਦੀ ਹੈ ਅਤੇ ਤਨ ਦੀ ਸਫਲਤਾ ਹੁੰਦੀ ਹੈ। ਹਉ ਹੰਗਤਾ ਰਹਿਤ ਸੇਵਾ ਕਰਨ ਦੁਆਰਾ ਮਨੁੱਖ ਦੀ ਆਤਮਾਂ ਨੂੰ ਪ੍ਰਭੂ ਦਰਗਾਹ ਅੰਦਰ ਸਤਿਕਾਰਤ ਥਾਂ ਮਿਲਦੀ ਹੈ ਅਤੇ ਮਨੁੱਖੀ ਆਤਮਾਂ ਬਾਂਹ ਉੱਚੀ ਕਰਕੇ ਜੀਵਨ ਦੀ ਬਾਜੀ ਜਿੱਤ ਕੇ ਇਸ ਸੰਸਾਰ ਵਿੱਚੋਂ ਖੁਸ਼ੀ-ਖੁਸ਼ੀ ਲੁੱਡੀਆਂ ਪਾਉਂਦੀ ਜਾਂਦੀ ਹੈ। ਸਤਿਗੁਰੂ ਨਾਨਕ ਦੇਵ ਜੀ ਦਾ ਫੁਰਮਨ ਹੈ—

**ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥**
**ਕਹੁ ਨਾਨਕ ਬਾਹ ਲੁਡਾਈਐ ॥** *ਮ : ੧, ਪੰਨਾ ੨੬*

ਕਈ ਵਾਰੀ ਆਪਣੇ ਮਨ ਦੀ ਮਰਜੀ ਅਧੀਨ ਕੀਤੀ ਸੇਵਾ ਮਨ ਵਿੱਚ ਨਿਮ੍ਰਤਾ ਪੈਦਾ ਕਰਨ ਦੀ ਥਾਂ ਮਨ ਵਿੱਚ ਹੰਕਾਰ ਨੂੰ ਬੜ੍ਹਾਵਾ ਪ੍ਰਦਾਨ ਕਰਦੀ ਹੈ। ਹੰਕਾਰ ਨੂੰ ਬੜ੍ਹਾਵਾ ਦੇਣ ਵਾਲੀ ਸੇਵਾ ਤੋਂ ਬੱਚਣ ਲਈ ਸ੍ਰੀ ਗੁਰੂ ਅਮਰਦਾਸ ਜੀ ਨੇ ਸੋਰਠ ਰਾਗ ਅੰਦਰ ਦੋ ਉਦਾਹਰਣਾਂ ਦੇ ਕੇ ਸਫਲ ਸੇਵਾ ਕਰਨ ਦੀ ਜਾਚ ਸਿਖਾਈ ਹੈ। ਆਪ ਫੁਰਮਾਨ ਕਰਦੇ ਹਨ, ਕਿ ਜਿਸ ਤਰ੍ਹਾਂ ਹਾਥੀ ਮੁਹਾਵਤ ਦੇ ਅੰਕਸ ਅਧੀਨ ਆਪਣੀ ਮਰਜੀ ਛੱਡ ਕੇ ਚੱਲਦਾ ਆਪ ਸੁਖੀ ਅਤੇ ਦੂਜਿਆਂ ਨੂੰ ਸੁਖ ਪ੍ਰਦਾਨ ਕਰਦਾ ਹੈ, ਤਿਵੇਂ



ਸਿੱਖ ਨੇ ਆਪਣੀ ਮਰਜੀ ਨਾਲ ਨਹੀਂ, ਗੁਰੂ ਦੀ ਮਰਜੀ ਅਨੁਸਾਰ ਸੇਵਾ ਕਰਨੀ ਹੈ। ਸੇਵਾ ਕਰਦਿਆਂ ਕੋਈ ਔਕੜ ਆਵੇ, ਦੁੱਖ ਆਵੇ, ਕਠਨਾਈ ਆਵੇ, ਤਦੋਂ ਅਹਿਰਣ ਪਾਸੋਂ ਸਿੱਖਿਆ ਲੈਣੀ ਹੈ, ਜਿਵੇਂ ਅਹਿਰਣ, ਹਜ਼ਾਰਾਂ ਹਥੌੜਿਆਂ ਦੀਆਂ ਸੱਟਾਂ ਖਾ ਕੇ ਵੀ ਅੱਚਲ ਰਹਿੰਦੀ ਹੈ। ਤਿਵੇਂ ਸੇਵਕ ਵੀ ਹਰ ਔਕੜ ਅੰਦਰ ਅਹਿਲ, ਅਚਲ, ਗੁਰੂ ਹੁਕਮ ਅਨੁਸਾਰ ਚਲਦਾ ਸੇਵਾ ਕਰਦਾ ਆਪਾ ਨ ਜਣਾਵੇ। ਆਪ ਜੀ ਦਾ ਫੁਰਮਾਨ ਹੈ—

**ਹਸਤੀ ਸਿਰਿ ਜਿਉ ਅੰਕਸੁ ਹੈ ਅਹਿਰਣਿ ਜਿਉ ਸਿਰੁ ਦੇਇ ॥**
**ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥**
**ਇਉ ਗੁਰਮੁਖ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥**

*ਮ: ੩, ਪੰਨ ੬੪੭*

ਸੇਵਾ ਕਿੰਨਾ ਕੁ ਚਿਰ ਤੱਕ ਕਰਨੀ ਚਾਹੀਦੀ ਹੈ ? ਦੇ ਉੱਤ੍ਰ ਵਿੱਚ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਨ ਕਰਦੇ ਹਨ, ਕਿ ਜਿਨਾਂ ਚਿਰ ਸਰੀਰ ਅੰਦਰ ਸੁਆਸ ਚੱਲਦੇ ਹਨ, ਸਰੀਰ ਸਾਥ ਦਿੰਦਾ ਹੈ। ਉਨ੍ਹਾਂ ਚਿਰ ਸੇਵਾ ਕਰੀ ਹੀ ਜਾਣੀ ਚਾਹੀਦੀ ਹੈ। ਆਪ ਜੀ ਦਾ ਫੁਰਮਾਨ ਹੈ—

**ਜਿਚਰੁ ਅੰਦਰਿ ਸਾਸੁ ਤਿਚਰੁ ਸੇਵਾ ਕੀਚੈ ਜਾਇ ਮਿਲੀਐ ਰਾਮ ਮੁਰਾਰੀ ॥**

*ਗ : ੩, ਪੰਨਾ ੯੧੧*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਅਨੁਸਾਰ ਦਇਆ ਧਰਮ ਦੀ ਜਨਨੀ ਹੈ। ਜਿਵੇਂ ਮਾਤਾ ਤੋਂ ਬਿਨਾਂ ਪੁੱਤਰ ਦੀ ਪੈਦਾਇਸ਼ ਨਹੀਂ ਹੋ ਸਕਦੀ, ਤਿਵੇਂ ਦਇਆ ਹੀਣ ਮਨੁੱਖ ਦੇ ਹਿਰਦੇ ਵਿੱਚ ਧਰਮ ਦੇ ਗੁਣ ਕਦਾਚਿਤ ਵੀ ਪ੍ਰਗਟ ਨਹੀਂ ਹੋ ਸਕਦੇ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਪੁਜੀ ਸਾਹਿਬ ਅੰਦਰ ਫੁਰਮਾਨ ਹੈ—

**ਧੌਲੁ ਧਰਮੁ ਦਇਆ ਕਾ ਪੂਤੁ ॥** ਜਪੁਜੀ, ਪੰਨਾ ੩

ਜਿਹੜਾ ਮਨੁੱਖ ਦਇਆ ਦਾ ਧਾਰਨੀ ਬਣ ਕੇ ਆਪਣਾ ਜੀਵਨ ਬਤੀਤ ਕਰਦਾ ਕਿਸੇ ਨੂੰ ਦੁੱਖ ਨਹੀਂ ਦਿੰਦਾ ਅਜਿਹਾ ਦਇਆਵਾਨ ਪੁਰਸ਼ ਇੱਜਤ-ਪੱਤ ਨਾਲ ਆਪਣੇ ਨਿੱਜ ਘਰ ਵਿੱਚ ਸਮਾਈ ਪ੍ਰਾਪਤ ਕਰ ਲੈਂਦਾ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ—

**ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥** *ਮ : ੫, ਪੰਨਾ ੩੨੨*

ਗੁਰਬਾਣੀ ਦੇ ਉਪਦੇਸ਼ ਅਨੁਸਾਰ ਇਨਸਾਨੀ ਜਾਮੇ ਅੰਦਰ ਜਿੰਨਾ ਚਿਰ ਆਤਮਾਂ ਵਿਚਰਦੀ ਹੈ, ਹਰ ਮਨੁੱਖ ਆਪਣੇ ਜੀਵਨ ਅੰਦਰ ਭੁੱਲ (ਗਲਤੀ) ਕਰ ਸਕਦਾ ਹੈ। ਕਿਉਂ ਕਿ ਪਰਮਾਤਮਾਂ ਅਤੇ ਗੁਰੂ ਹੀ ਅਭੁੱਲ ਹਨ। ਹਰ ਇਨਸਾਨ ਗਲਤੀਆਂ ਦਾ ਪੁਤਲਾ ਹੈ, ਕਿਤੇ ਨਾ ਕਿਤੇ ਜਰੂਰ ਗਲਤੀ ਕਰ ਸਕਦਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ—

**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥** *ਮ : ੧, ਪੰਨਾ ੬੧*

ਕਿਸੇ ਦੀ ਭੁੱਲ ਨੂੰ ਨਾ ਚਿਤਾਰਨ ਅਤੇ ਉਸ ਨੂੰ ਮਾਫ ਕਰ ਦੇਣ ਵਾਲਾ ਇਨਸਾਨ ਸਤਿਗੁਰੂ ਦੀ ਦ੍ਰਿਸ਼ਟੀ ਵਿੱਚ ਮਹਾਨ ਅਤੇ ਪ੍ਰਧਾਨ ਹੈ। ਸਾਹਿਬ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ।

**ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥** *ਮ : ੧, ਪੰਨਾ ੧੨੪੫*

ਬਾਬਾ ਕਬੀਰ ਜੀ ਦੀ ਦ੍ਰਿਸ਼ਟੀ ਅੰਦਰ ਜਿਸ ਦੇ ਅੰਦਰ ਤੱਤ ਗਿਆਨ ਪ੍ਰਗਟ ਹੋ ਗਿਆ ਉੱਥੇ ਧਰਮ ਜਰੂਰ ਪ੍ਰਗਟ ਹੋਵੇਗਾ। ਜਿੱਥੇ, ਕੂੜ ਪਰਧਾਨ ਹੋ ਜਾਵੇ, ਉੱਥੇ ਪਾਪਾਂ ਦਾ ਨਿਵਾਸ ਹੋਵੇਗਾ। ਜਿਸ ਜਗ੍ਹਾ ਲੋਭ ਪਰਧਾਨ ਹੋ ਜਾਵੇ ਉੱਥੇ ਪਾਪ ਕਰਮ ਜਰੂਰ ਹੋਣਗੇ। ਪਾਪ ਕਰਮਾਂ ਦੀ ਬਦੌਲਤ ਉੱਥੇ ਹਰ ਸਮੇਂ ਮੌਤ ਦਾ ਭੈਅ ਬਣਿਆ ਰਹੇਗਾ। ਜਿੱਥੇ ਖਿਮਾਂ ਦਾ ਗੁਣ ਪਰਧਾਨ ਹੋਵੇ ਉੱਥੇ ਸਾਮਰਤੱਖ ਪਰਮਾਤਮਾ ਆਪ ਵਰਤ ਰਿਹਾ ਹੁੰਦਾ ਹੈ। ਬਾਬਾ ਕਬੀਰ ਜੀ ਦਾ ਫੁਰਮਾਨ ਹੈ—

**ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥**
**ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥੧੫੫॥**

*ਸਲੋਕ ਕਬੀਰ ਜੀ, ਪੰਨਾ ੧੩੭੨*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਕੀਦੇ ਅਨੁਸਾਰ ਪ੍ਰਮਾਤਮਾਂ ਕਿਸੇ ਖਾਸ ਦਿਸ਼ਾ ਅੰਦਰ ਜਾਂ ਕਿਸੇ ਖਾਸ ਜਗ੍ਹਾ ਵਿੱਚ ਨਿਵਾਸ ਨਹੀਂ ਕਰਦਾ। ਪ੍ਰਮਾਤਮਾਂ ਹਰ ਜਗ੍ਹਾ, ਹਰ ਥਾਂ, ਹਰ ਦਿਸ਼ਾ ਵਿੱਚ ਨਿਵਾਸ ਕਰਦਾ ਹੈ। ਸਤਿਗੁਰਾਂ ਦਾ ਫੁਰਮਾਨ ਹੈ—

**ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ ॥**

*ਮ : ੧, ਪੰਨਾ ੪੩੮*

ਪਰਮਾਤਮਾਂ ਤਾਂ — **ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ ॥**

*ਸੂਹੀ ਮ: ੫, ਪੰਨਾ ੭੮੪*

ਜੇ ਪਰਮਾਤਮਾਂ ਹਰ ਜਗ੍ਹਾ ਹਰ ਥਾਂ ਮੌਜੂਦ ਹੈ ਤਾਂ ਸਾਨੂੰ ਵਿਖਾਈ ਕਿਉਂ ਨਹੀਂ ਦਿੰਦਾ ? ਦੇ ਉੱਤ੍ਰ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਸਾਨੂੰ ਸਮਝਾਉਣ ਵਾਸਤੇ ਦੋ ਉਦਾਹਰਣਾਂ ਦੇ ਕੇ ਦਰਸਾਉਂਦੇ ਹਨ, ਕਿ ਜਿਸ ਤਰ੍ਹਾਂ ਹਰ ਪ੍ਰਕਾਰ ਦੇ ਦੁੱਧ ਅੰਦਰ ਘਿਉ ਰਮਿਆਂ ਹੋਇਆ ਹੈ ਅਤੇ ਸਾਰੀ ਬਨਾਸਪਤੀ ਵਿੱਚ ਅੱਗ ਦੀ ਹੋਂਦ ਹੈ। ਪਰ ਨਾ ਅਸੀਂ ਦੁੱਧ ਵਿੱਚੋਂ ਘਿਉ ਨੂੰ ਵੇਖ ਸਕਦੇ ਹਾਂ, ਨਾ ਹੱਥ ਨਾਲ ਫੜ ਹੀ ਸਕਦੇ ਹਾਂ ਅਤੇ ਨਾ ਹੀ ਬਨਾਸਪਤੀ ਵਿੱਚਲੀ ਅਗਨੀ ਨੂੰ ਆਪਾਂ ਵੇਖ ਸਕਦੇ ਹਾਂ ਅਤੇ ਨਾ ਹੀ ਅਗਨੀ ਨੂੰ ਮਹਿਸੂਸ ਕਰ ਸਕਦੇ ਹਾਂ। ਪਰ ਇਸ ਤੋਂ ਕੋਈ ਮੁਨਕਰ ਵੀ ਨਹੀਂ ਹੋ ਸਕਦਾ ਕਿ ਦੁੱਧ ਵਿੱਚ ਘਿਉ ਅਤੇ ਲੱਕੜਾਂ ਵਿੱਚ ਅੱਗ ਨਹੀਂ ਹੈ। ਤਿਵੇਂ ਪਰਮਾਤਮਾਂ ਸਾਰੀ ਕਾਇਨਾਤ ਵਿੱਚ ਉੱਚੇ ਅਤੇ ਨੀਵੇਂ, ਗਰੀਬ ਅਤੇ ਅਮੀਰ ਵਿੱਚ ਇੱਕ ਰਸ



ਵਿਆਪਕ ਹੈ। ਸਤਿਗੁਰਾਂ ਦਾ ਸੋਰਠ ਰਾਗ ਅੰਦਰ ਫੁਰਮਾਨ ਹੈ—

**ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥**
**ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥੧॥**
**ਸੰਤਹੁ ਘਟਿ ਘਟਿ ਰਹਿਆ ਸਮਾਹਿਓ ॥**
**ਪੂਰਨ ਪੂਰਿ ਰਹਿਓ ਸਰਬ ਮਹਿ ਜਲਿ ਥਲਿ ਰਮਈਆ ਆਹਿਓ ॥**

*ਮ : ੫, ਪੰਨਾ ੬੧੭*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਅਨੁਸਾਰ ਜਿਹੜਾ ਇਨਸਾਨ ਭੈ-ਰਹਿਤ ਆਪ ਸੁਤੰਤਰ ਜੀਵਨ ਜਿਉਂਦਾ ਹੈ ਅਤੇ ਕਿਸੇ ਨੂੰ ਭੈ ਦੇ ਕੇ ਉਸ ਦਾ ਸੁਤੰਤਰ ਜੀਵਨ ਜਿਉਣ ਦਾ ਹੱਕ ਖੋਹਣ ਤੋਂ ਹਮੇਸ਼ਾ ਗੁਰੇਜ ਕਰਦਾ ਹੈ। ਅਜਿਹਾ ਮਨੁੱਖ ਹੀ ਅਸਲੀ ਗਿਆਨਵਾਨ ਕਹਿਲਾਉਣ ਦਾ ਹੱਕਦਾਰ ਹੈ। ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਫੁਰਮਾਨ ਹੈ—

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥**

*ਮ : ੯, ਪੰਨਾ ੧੪੨੭*

ਸਾਰੀ ਗੁਰਬਾਣੀ ਅੰਦਰ ਬਾਰ-ਬਾਰ **"ਮਿਠਾ ਬੋਲਹਿ ਨਿਵਿ ਚਲਹਿ"** ਦੇ ਉਪਦੇਸ਼ ਦੇ ਧਾਰਨੀ ਬਣਨ ਦੀ ਤਾਕੀਦ ਕੀਤੀ ਹੈ ਅਤੇ ਕੌੜਾ, ਫਿੱਕਾ, ਅਤੇ ਮਿਥਿਆ ਬੋਲਣ ਤੋਂ ਵਰਜਿਆ ਹੈ। ਕਿਉਂ ਕਿ ਸਾਰੀ ਖਲਕਤ ਦੇ ਵਿੱਚ ਖਾਲਕ[1] ਆਪ ਨਿਵਾਸ ਕਰਦਾ ਹੈ। ਜਦੋਂ ਆਪਾਂ ਕੌੜਾ, ਫਿੱਕਾ ਜਾਂ ਮਿੱਥਿਆ ਬੋਲ ਕੇ ਕਿਸੇ ਦੇ ਹਿਰਦੇ ਨੂੰ ਦੁਖੀ ਕਰਾਂਗੇ, ਸਮਝੋ ਆਪਾਂ ਖਾਲਕ ਨੂੰ ਦੁੱਖੀ ਕਰ ਰਹੇ ਹੋਵਾਂਗੇ। ਜਦੋਂ ਆਪਾਂ ਸੁਖ ਦੇਣ ਵਾਲੇ ਖਾਲਕ ਨੂੰ ਹੀ ਦੁਖੀ ਕਰ ਲਿਆ ਫਿਰ ਸਾਨੂੰ ਸੁੱਖ ਕਿਵੇਂ ਮਿਲ ਸਕਦਾ ਹੈ। ਬਾਬਾ ਫਰੀਦ ਜੀ ਦਾ ਫੁਰਮਾਨ ਹੈ—

**ਇਕੁ ਫਿਕਾ ਨ ਗਾਲਾਇ[2] ਸਭਨਾ ਮੈ ਸਚਾ ਧਣੀ[3] ॥**
**ਹਿਆਉ[4] ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥**

*ਫਰੀਦ ਜੀ ਪੰਨਾ ੧੩੮੩*

ਫਿੱਕਾ ਬੋਲਣ ਵਾਲੇ ਦਾ ਲੋਕ ਪ੍ਰਲੋਕ ਵਿੱਚ ਜੋ ਹਸ਼ਰ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਸਾ ਜੀ ਦੀ ਵਾਰ ਵਿੱਚ ਹੇਠ ਲਿਖੇ ਅਨੁਸਾਰ ਅੰਕਿਤ ਕੀਤਾ ਹੈ—

**ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥**

---

*੧. ਪ੍ਰਮਾਤਮਾ ੨. ਬੋਲਣਾ ੩. ਪ੍ਰਭੂ ੪. ਹਿਰਦਾ*

**ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥**

**ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥**

**ਫਿਕਾ ਮੂਰਖੁ ਆਖੀਐ ਪਾਣਾ[1] ਲਹੈ ਸਜਾਇ ॥** *ਮ : ੧, ਪੰਨਾ ੪੭੩*

ਸੰਸਾਰ ਵਿੱਚ ਜਿਹੋ ਜਿਹਾ ਮਾੜਾ ਜਾਂ ਚੰਗਾ ਕਰਮ ਮਨੁੱਖ ਕਰਦਾ ਹੈ, ਉਸ ਕੀਤੇ ਕਰਮ ਦਾ ਫਲ, ਸੁੱਖ ਜਾਂ ਦੁੱਖ ਦੇ ਰੂਪ ਵਿੱਚ ਉਸੇ ਮਨੁੱਖ ਨੂੰ ਹੀ ਭੁਗਤਣਾ ਪੈਂਦਾ ਹੈ।

**ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥**

ਜਪੁਜੀ, ਪੰਨਾ ੪

ਅਤੇ — **ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥** *ਮ : ੫, ਪੰਨਾ ੧੩੪*

ਇਸ ਲਈ ਹਰ ਮਨੁੱਖ ਨੂੰ ਮਾੜਾ ਕਰਮ ਕਰਨ ਤੋਂ ਪਹਿਲਾਂ ਬੁਰੇ ਕਰਮ ਦੇ ਫਲ ਪ੍ਰਤੀ ਸੋਚ ਵੀਚਾਰ ਕਰਕੇ ਸਾਵਧਾਨੀ ਨਾਲ ਕਰਮ ਕਰਨੇ ਚਾਹੀਦੇ ਹਨ ਤਾਂ ਜੋ ਪਛਤਾਉਣਾ ਨਾ ਪਵੇ। ਸਤਿਗੁਰੂ ਜੀ ਦਾ ਫੁਰਮਾਨ ਹੈ—

**ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥**

*ਅਨੰਦ, ਮ : ੩, ਪੰਨਾ ੯੧੮*

ਅਤੇ — **ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥**

*ਆਸਾ ਮ : ੧, ਪੰਨਾ ੪੭੪*

ਗੁਰਬਾਣੀ ਅੰਦਰ ਕਿਸੇ ਦਾ ਬੁਰਾ ਕਰਨਾ ਤਾਂ ਇੱਕ ਪਾਸੇ ਰਿਹਾ, ਸਤਿਗੁਰਾਂ ਨੇ ਕਿਸੇ ਦਾ ਬੁਰਾ ਚਿਤਵਣ ਤੋਂ ਵੀ ਵਰਜਦਿਆਂ ਫੁਰਮਾਨ ਕੀਤਾ ਹੈ, ਕਿ ਜੋ ਮਨੁੱਖ ਆਪਣੇ ਮਨ ਵਿੱਚ ਕਿਸੇ ਦਾ ਬੁਰਾ ਨਹੀਂ ਚਿਤਵਦਾ, ਉਸ ਨੂੰ ਕਿਸੇ ਵੀ ਕਿਸਮ ਦਾ ਦੁੱਖ ਨਹੀਂ ਵਿਆਪਦਾ। ਸਾਰੇ ਦੁੱਖ ਕਲੇਸ਼ ਕਿਸੇ ਦਾ ਬੁਰਾ ਕਰਨ ਅਤੇ ਚਿਤਵਣ ਨਾਲ ਹੀ ਮਨੁੱਖ ਨੂੰ ਵਿਆਪਦੇ ਹਨ। ਸਾਹਿਬਾਂ ਦਾ ਫੁਰਮਾਨ ਹੈ—

**ਪਰ ਕਾ ਬੁਰਾ ਨ ਰਾਖਹੁ ਚੀਤ।**

**ਤੁਮ ਕਉ ਦੁਖੁ ਨਹੀ ਭਾਈ ਮੀਤ ॥** *ਆਸਾ ਮ : ੫, ਪੰਨਾ ੩੮੬*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਅਨੁਸਾਰ ਹਰ ਮਨੁੱਖ ਨੂੰ ਆਪਣੀ ਪਰਾਲਬਧ ਅਤੇ ਕਿਰਤ ਉੱਪਰ ਸੰਤੁਸ਼ਤ ਰਹਿਣਾ ਚਾਹੀਦਾ ਹੈ। ਆਪਣੀ ਕਿਰਤ ਦੀ ਸੀਮਾ ਉਲੰਘ ਕੇ ਕਿਸੇ ਦੇ ਹੱਕ ਉੱਪਰ ਛਾਪਾ ਮਾਰਨ ਵਾਲਿਆਂ ਲਈ ਪਰਾਇਆ ਹੱਕ, ਹਿੰਦੂ ਲਈ ਗਊ ਅਤੇ ਮੁਸਲਮਾਨ ਲਈ ਸੂਰ ਖਾਣ ਬਰਾਬਰ ਹੈ। ਗੁਰੂ-ਪੀਰ ਪ੍ਰਭੂ ਦਰਗਾਹ ਅੰਦਰ ਉਨ੍ਹਾਂ ਦੀ ਹੀ ਸਿਫਾਰਿਸ਼ ਕਰਨਗੇ ਜੋ ਪਰਾਇਆ ਹੱਕ ਖਾਣ ਦੇ ਦੋਸ਼ ਤੋਂ ਮੁਕਤ ਹੋਣਗੇ। ਸਤਿਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ—

---

*੧. ਜੁੱਤੀਆਂ*



**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥**

**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥** *ਮ : ੧, ਪੰਨਾ ੧੪੧*

ਜਿੱਥੇ ਪਰਾਇਆ ਹੱਕ ਖਾਣਾ ਹਿੰਦੂ ਲਈ ਗਊ ਅਤੇ ਮੁਸਲਮਾਨ ਲਈ ਸੂਰ ਦਾ ਮਾਸ ਖਾਣ ਬਰਾਬਰ ਹੈ, ਤਿਵੇਂ ਕੂੜ ਬੋਲਣ ਵਾਲਾ ਵੀ ਉਨ੍ਹਾਂ ਹੀ ਪਾਪ ਦਾ ਭਾਗੀ ਹੈ। ਸਤਿਗੁਰੂ ਨਾਨਕ ਪਾਤਸ਼ਾਹ ਦੀ ਦਾ ਮਾਝ ਰਾਗ ਅੰਦਰ ਫੁਰਮਾਨ ਹੈ—

**ਕੂੜੁ ਬੋਲਿ ਮਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥**

**ਮੁਠਾ ਆਪਿ ਮੁਹਾਏ ਸਾਥੈ ॥ ਨਾਨਕ ਐਸਾ ਆਗੂ ਜਾਪੈ ॥੧॥**

*ਮ : ੧, ਪੰਨਾ ੧੩੯*

ਗੁਰੂ ਹੁਕਮ ਅਨੁਸਾਰ ਕਿਸੇ ਨਾਲ ਠੱਗੀ ਕਰਨ ਵਾਲੇ, ਪਰਾਏ ਤਨ ਅਤੇ ਧਨ ਨੂੰ ਚੁਰਾਣ ਵਾਲੇ, ਚੋਰ ਦੀ ਨਾ ਕੋਈ ਇਸ ਸੰਸਾਰ ਵਿੱਚ ਹਾਮੀ ਭਰਦਾ ਹੈ ਅਤੇ ਨਾ ਹੀ ਪਰਲੋਕ ਵਿੱਚ ਅਜਿਹੇ ਮਨੁੱਖ ਦੀ ਗੁਰੂ ਪੀਰ ਹੀ ਸ਼ਾਹਦੀ ਦਿੰਦੇ ਹਨ। ਲੋਕ ਪ੍ਰਲੋਕ ਵਿੱਚ ਅਜਿਹੇ ਕਰਮ ਕਰਨ ਵਾਲੇ ਨੂੰ ਕੋਈ ਵੀ ਚੰਗਾ ਨਹੀਂ ਕਹਿੰਦਾ, ਇਸ ਲਈ ਕਦੇ ਵੀ ਅਜਿਹਾ ਕਰਮ ਨਹੀਂ ਕਰਨਾ ਚਾਹੀਦਾ ਜਿਸ ਸਦਕਾ ਲੋਕ ਪ੍ਰਲੋਕ ਵਿੱਚ ਲਾਹਣਤਾਂ ਸਹਾਰਨੀਆਂ ਪੈਣ। ਸਤਿਗੁਰੂ ਨਾਨਕ ਦੇਵ ਜੀ ਦਾ ਧਨਾਸਰੀ ਰਾਗ ਅੰਦਰ ਫੁਰਮਾਨ ਹੈ—

**ਚੋਰ ਕੀ ਹਾਮਾ ਭਰੇ ਨ ਕੋਇ ॥ ਚੋਰੁ ਕੀਆ ਚੰਗਾ ਕਿਉ ਹੋਇ ॥**

*ਧਨਾਸਰੀ ਮ: ੧, ਪੰਨਾ ੬੬੨*

ਅਜਿਹੇ ਮੰਦ ਕਰਮੀਆਂ ਨੂੰ ਪ੍ਰਲੋਕ ਵਿੱਚ ਬਹੁਤ ਭਿਆਨਕ ਸਜਾਵਾਂ ਭੁਗਤਣੀਆਂ ਪੈਂਦੀਆਂ ਹਨ—

**ਚੋਰ ਜਾਰ ਜੂਆਰ ਪੀੜੇ ਘਾਣੀਐ ॥ ਨਿੰਦਕ ਲਾਇਤਬਾਰ[1] ਮਿਲੇ ਹੜਵਾਣੀਐ[2] ॥**

*ਮ : ੧, ਪੰਨਾ ੧੨੮੮*

ਗੁਰਬਾਣੀ ਅੰਦਰ ਨਿੰਦਿਆ ਨੂੰ ਮਹਾਨ ਬੱਜਰ ਪਾਪ ਗਰਦਾਨਦਿਆਂ[3] ਸਤਿਗੁਰੂ ਜੀ ਨੇ ਨਿੰਦਿਆ ਦੇ ਪਾਪ ਨੂੰ ਲਾ-ਇਲਾਜ ਦਰਸਾ ਕੇ ਅਜਿਹੇ ਬੱਜਰ ਪਾਪ ਤੋਂ ਬਚਣ ਲਈ ਤਾਕੀਦ ਕੀਤੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਗਉੜੀ ਰਾਗ ਅੰਦਰ ਫੁਰਮਾਨ ਹੈ—

**ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ ॥** *ਮ : ੫, ਪੰਨਾ ੩੧੫*

ਦਾ ਸੰਦੇਸ਼ ਦੇ ਕੇ ਨਿੰਦਿਆ ਦਾ ਤਿਆਗ ਕਰਨ ਲਈ ਹੁਕਮ ਫੁਰਮਾਇਆ ਹੈ।

**ਛੋਡਿਹੁ ਨਿੰਦਾ ਤਾਤਿ[4] ਪਰਾਈ ॥ ਪੜਿ ਪੜਿ ਦਝਹਿ ਸਾਤਿ ਨ ਆਈ ॥**

*ਮਾਰੂ ਮ : ੧, ਪੰਨਾ ੧੦੨੬*

---

*੧. ਚੁਗਲੀ ਕਰਨ ਵਾਲਾ ੨. ਹੱਥ ਕੜੀਆਂ ਲਾਈਆਂ ਜਾਂਦੀਆਂ ਹਨ*

*੩. ਦਰਸਾਉਂਦਿਆ ੪. ਈਰਖਾ ੫. ਕੰਧ*

ਗੁਰਬਾਣੀ ਉਪਦੇਸ਼ ਅਨੁਸਾਰ ਸਾਡੇ ਅਤੇ ਪਰਮਾਤਮਾਂ ਦੇ ਵਿੱਚਕਾਰ ਸਾਨੂੰ ਪਰਮਾਤਮਾਂ ਤੋਂ ਦੂਰ ਰੱਖਣ ਵਾਲੀ ਕੂੜ ਦੀ ਪਾਲ ਹੈ। ਕੂੜ ਦੀ ਪਾਲ ਸਚਿਆਰ ਬਣੇ ਤੋਂ ਬਿਨਾਂ ਨਹੀਂ ਟੁੱਟ ਸਕਦੀ—

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ[1] ॥** *ਜਪਜੀ, ਪੰਨਾ ੧*

ਸਚਿਆਰ ਬਣਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੁਕਮ ਅਨੁਸਾਰ ਹੁਕਮ ਰਜਾਈ ਚਲਣਾ ਪੈਂਦਾ ਹੈ—

**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥** *ਜਪਜੀ, ਪੰਨਾ ੧*

ਹੁਕਮ ਰਜਾਈ ਚੱਲਣ ਲਈ ਪਰਾਏ ਤਨ ਅਤੇ ਪਰਾਏ ਧਨ ਦਾ ਤਿਆਗੀ ਬਣਨਾ ਪੈਂਦਾ ਹੈ। ਜਿਹੜਾ ਪਰਾਏ ਤਨ ਅਤੇ ਪਰਾਏ ਧਨ ਦਾ ਪੂਰਨ ਤਿਆਗੀ ਬਣ ਜਾਂਦਾ ਹੈ। ਅਜਿਹੇ ਉੱਚ ਆਚਰਣੀਏ ਦੇ ਹਿਰਦੇ ਅੰਦਰ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ। ਬਾਬਾ ਨਾਮ ਦੇਵ ਜੀ ਦਾ ਫੁਰਮਾਨ ਹੈ—

**ਪਰ ਧਨ ਪਰ ਦਾਰਾ ਪਰਹਰੀ ॥ ਤਾ ਕੈ ਨਿਕਟਿ ਬਸੈ ਨਰਹਰੀ ॥**

*ਨਾਮ ਦੇਵ ਜੀ, ਪੰਨਾ ੧੧੬੩*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਦੀ ਰੋਸ਼ਨੀ ਵਿੱਚ ਤ੍ਰਿਸ਼ਨਾਂ ਇੱਕ ਐਸੀ ਅਗਨੀ ਹੈ ਜੋ ਮਨ ਅਤੇ ਆਤਮਾਂ ਨੂੰ ਹਮੇਸ਼ਾ ਅਸ਼ਾਂਤ ਰੱਖਦੀ ਹੈ। ਮਨੁੱਖ ਤ੍ਰਿਸ਼ਨਾਂ ਦੀ ਅੱਗ ਨੂੰ ਧਨ-ਪਦਾਰਥ, ਸੰਪਦਾ ਨਾਲ ਸ਼ਾਂਤ ਕਰਨ ਦਾ ਯਤਨ ਕਰਦਾ ਹੈ, ਪਰ ਜਿਉਂ ਜਿਉਂ ਮਨੁੱਖ ਪਾਸ, ਧਨ, ਪਦਾਰਥ, ਸੰਪਦਾ ਆਉਂਦੀ ਹੈ, ਤਿਉਂ-ਤਿਉਂ ਤ੍ਰਿਸ਼ਨਾਂ ਦੀ ਅੱਗ ਹੋਰ ਵੱਧਦੀ ਅਤੇ ਮਨੁੱਖ ਦੇ ਮਨ ਨੂੰ ਹੋਰ ਅਸ਼ਾਂਤ ਕਰਦੀ ਹੈ ਅਤੇ ਹੁੰਦਾ ਕੀ ਹੈ ?

**[2]ਸਹਸ ਖਟੇ ਲਖ ਕਉ ਉਠਿ ਧਾਵੈ ॥**

**ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥** *ਮ : ੫, ਪੰਨਾ ੨੭੮*

**ਅਤੇ — [3]ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥ ਪਰੈ ਪਰੈ ਹੀ ਕਉ ਲੁਝੀ ਹੇ ॥**

*ਮ : ੫, ਪੰਨਾ ੨੧੩*

ਤ੍ਰਿਸ਼ਨਾ ਦੀ ਅਗਨੀ ਨੂੰ ਸ਼ਾਂਤ ਕੇਵਲ ਸੰਤੋਖ ਹੀ ਕਰ ਸਕਦਾ ਹੈ। ਸੰਤੋਖ ਧਨ ਪਦਾਰਥ ਨਾਲ ਪ੍ਰਾਪਤ ਨਹੀਂ ਹੁੰਦਾ। ਸੰਤੋਖ ਕੇਵਲ ਪ੍ਰਮਾਤਮਾਂ ਦਾ ਨਾਮ ਜਪ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਜਿਸ ਨੂੰ ਸੰਤੋਖ ਪ੍ਰਾਪਤ ਹੋ ਜਾਵੇ ਉਸ ਦੀ ਤ੍ਰਿਸ਼ਨਾ ਸਦਾ ਵਾਸਤੇ ਖਤਮ ਹੋ ਜਾਂਦੀ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਧਨਾਸਰੀ ਰਾਗ ਅੰਦਰ ਫੁਰਮਾਨ ਹੈ—

*੧. ਕੰਧ ੨. ਹਜ਼ਾਰਾਂ ਰੁਪਏ ਇਕੱਠੇ ਕਰ ਲੈਂਦਾ ਹੈ। ੩. ਕ੍ਰੋੜਾਂ ਨੂੰ ਪ੍ਰਾਪਤ ਕਰਨ ਲਈ ਦੌੜਦਾ ਹੈ।*



**ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥ ਮਹਾ ਸੰਤੋਖੁ ਹੋਵੈ ਗੁਰ ਬਚਨੀ**

**ਪ੍ਰਭੁ ਸਿਉ ਲਾਗੈ ਪੂਰਨ ਧਿਆਨੁ ॥੧॥** *ਧਨਾਸਰੀ ਮ : ੫, ਪੰਨਾ ੬੮੨*

ਗੁਰਬਾਣੀ ਉਪਦੇਸ਼ ਅਨੁਸਾਰ ਮਨ ਨੂੰ ਦਰ-ਦਰ ਅਤੇ ਦਸੋਦਿਸ਼ਾ ਅੰਦਰ ਭਟਕਾਉਣ ਵਾਲੀ ਵੀ ਤ੍ਰਿਸ਼ਨਾਂ ਹੀ ਹੈ। ਤ੍ਰਿਸ਼ਨਾਂ ਕਰਕੇ ਹੀ ਮਨ ਥਿਰ ਨਹੀਂ ਹੁੰਦਾ। ਤ੍ਰਿਸ਼ਨਾ ਆਪ ਟਿਕਦੀ ਨਹੀਂ, ਮਨ ਨੇ ਤ੍ਰਿਸ਼ਨਾ ਦਾ ਸੰਗ ਕਰ ਲਿਆ ਹੈ। ਜਿਸ ਕਰਕੇ ਮਨ ਨੂੰ ਵੀ ਤ੍ਰਿਸ਼ਨਾ ਟਿੱਕਣ ਨਹੀਂ ਦਿੰਦੀ। ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਬੜਾ ਪਿਆਰਾ ਬਚਨ ਹੈ—

**ਸਾਧੋ ਇਹੁ ਮਨੁ ਗਹਿਓ ਨ ਜਾਈ ॥**

**ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥੧॥**

*ਗਉੜੀ ਮ : ੯, ਪੰਨਾ ੨੧੯*

ਗੁਰਬਾਣੀ ਅਨੁਸਾਰ ਜਿਹੜਾ ਮਨੁੱਖ ਆਪਣੇ ਲਈ, ਆਪਣੇ ਪਰਵਾਰ ਲਈ ਕੇਵਲ ਨਿੱਜ ਖਾਤਰ ਹੀ ਜਿਉਂਦਾ ਹੈ। ਅਜਿਹੇ ਮਨੁੱਖ ਦਾ ਜੀਵਨ ਬੇਕਾਰ ਅਤੇ ਵਿਅਰਥ ਹੈ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ—

**ਮਿਥਿਆ ਤਨ ਨਹੀ ਪਰਉਪਕਾਰਾ ॥** *ਮ : ੫, ਪੰਨਾ ੨੬੯*

ਜਿਹੜੇ ਮਨੁੱਖ ਗੁਰੂ ਹੁਕਮ ਅਨੁਸਾਰ —

**ਅਪਨਾ ਬਿਗਾਰਿ[1] ਬਿਰਾਂਨਾ[2] ਸਾਂਢੈ[3] ।** *ਰਵਿਦਾਸ ਜੀ, ਪੰਨਾ ੮੭੫*

ਦੀ ਬਿਰਤੀ ਬਣਾ ਕੇ ਸੰਸਾਰ ਨੂੰ ਆਪਣਾ ਪਰਵਾਰ ਜਾਣ ਕੇ ਸਾਰਿਆਂ ਪ੍ਰਤੀ ਅਰਦਾਸ ਕਰਦੇ ਹਮੇਸ਼ਾ ਪਰਉਪਕਾਰੀ ਬਿਰਤੀ ਦੁਆਰਾ ਨਿੱਤ ਪਰਉਪਕਾਰ ਹੀ ਕਰਦੇ ਰਹਿੰਦੇ ਹਨ, ਉਹ ਗੁਰੂ ਦੀ ਦ੍ਰਿਸ਼ਟੀ ਵਿੱਚ ਪ੍ਰਵਾਣ ਚੜ੍ਹ ਜਾਂਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਬਿਲਾਵਲ ਰਾਗ ਅੰਦਰ ਫੁਰਮਾਨ ਹੈ।

**ਜੀਅ ਜੰਤ ਸਭਿ ਸੁਖਿ ਬਸੇ ਸਭ ਕੈ ਮਨਿ ਲੋਚ ॥**

**ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥** *ਮ : ੫, ਪੰਨਾ ੮੧੫*

ਗੁਰਬਾਣੀ ਦੀ ਰੋਸ਼ਨੀ ਵਿੱਚ ਜਿਸ ਮਨੁੱਖ ਦਾ ਮਨ ਮੈਲਾ ਹੈ, ਉਸ ਦਾ ਆਚਾਰ ਬਿਉਹਾਰ, ਕਿਰਦਾਰ ਸਭ ਕੁਝ ਹੀ ਮਲੀਨ ਹੋਵੇਗਾ। ਸਰੀਰ ਨੂੰ ਧੋਣ ਨਾਲ ਮਨ ਨਹੀਂ ਧੋਤਾ ਜਾ ਸਕਦਾ। ਸਤਿਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ—

**ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥** *ਮ : ੩, ਪੰਨਾ ੫੫੮*

ਸਤਿਗੁਰੂ ਅਮਰਦਾਸ ਜੀ ਦੇ ਫੁਰਮਾਨ ਅਨੁਸਾਰ, ਜੇ ਕਿਸੇ ਨੂੰ ਆਪਣਾ ਮਨ ਧੋਣ ਦੀ ਚਾਹਨਾ ਹੋਵੇ ਉਹ ਗੁਰੂ ਦੇ ਉਪਦੇਸ਼ ਅਤੇ ਗੁਰੂ ਦੇ ਬਖਸ਼ਿਸ਼ ਕੀਤੇ ਨਾਮ

*੧. ਆਪਣਾ ਵਿਗਾੜ ਕੇ ਵੀ ੨. ਦੂਸਰੇ ਦਾ ਕੰਮ ਸਵਾਰਦੇ ਹਨ*

ਨਾਲ ਜੁੜ ਜਾਵੇ। ਗੁਰੂ ਉਪਦੇਸ਼ ਦੀ ਕਮਾਈ ਅਤੇ ਨਾਮ ਜਪ ਨਾਲ ਉਸ ਦਾ ਮਨ ਪਵਿਤ੍ਰ ਹੋ ਜਾਵੇਗਾ। ਆਪ ਦਾ ਅਨੰਦ ਬਾਣੀ ਅੰਦਰ ਫੁਰਮਾਨ ਹੈ।

**ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥**

**ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥**

*ਅਨੰਦ ਮ : ੩, ਪੰਨਾ ੯੧੯*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸਤਿਗੁਰਾਂ ਨੇ ਉੱਦਮੀ ਮਨੁੱਖ ਨੂੰ ਸ਼ਾਬਾਸ਼ ਦਿੰਦੇ ਫੁਰਮਾਨ ਕੀਤਾ ਹੈ, ਉੱਦਮ ਕਰਨ ਵਾਲਿਆਂ ਜਿਉਂਦਾ ਰਹੁ। ਉਦਮ ਕਰਕੇ ਕਮਾਈ ਕਰੇਗਾ ਤੈਨੂੰ ਸੰਸਾਰ ਦੇ ਸੁੱਖ ਮਿਲਣਗੇ। ਉੱਦਮ ਕਰਕੇ ਪ੍ਰਭੂ ਨੂੰ ਧਿਆਇਗਾ ਤੇਰੇ ਸਾਰੇ ਚਿੰਤਾ ਝੋਰੇ ਖਤਮ ਹੋ ਕੇ ਤੈਨੂੰ ਨਿਸ਼ਚਿੰਤਤਾ ਵਾਲਾ ਜੀਵਨ ਪ੍ਰਮਾਤਮਾ ਬਖਸਿਸ਼ ਕਰ ਦੇਵੇਗਾ। ਸਤਿਗੁਰੂ ਅਰਜਨ ਦੇਵ ਜੀ ਦਾ ਗੂਜਰੀ ਦੀ ਵਾਰ ਅੰਦਰ ਫੁਰਮਾਨ ਜੋ ਮਨੁੱਖ ਨੂੰ ਉੱਦਮੀ ਬਣਨ ਲਈ ਪ੍ਰੇਰਦਾ ਹੈ, ਪੜ੍ਹੀਏ ਸਤਿਗੁਰਾਂ ਦਾ ਫੁਰਮਾਨ—

**ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥**

**ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥** *ਮ : ੫,. ਪੰਨਾ ੫੨੨*

ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਪ੍ਰੇਰਨਾ ਅਨੁਸਾਰ ਮਨੁੱਖ ਨੇ ਕਿਰਤ ਨਿਰਾ ਆਪਣੇ ਜਾਂ ਨਿਜ ਪ੍ਰਵਾਰ ਲਈ ਹੀ ਨਹੀਂ ਕਰਨੀ, ਸਗੋਂ ਕਿਰਤ ਵਿੱਚੋਂ ਗਰੀਬ ਲੋੜਵੰਦਾਂ ਦੀ ਲੋੜ ਵੀ ਜਰੂਰ ਪੂਰੀ ਕਰਨੀ ਹੈ। ਜਿਹੜਾ ਮਨੁੱਖ ਹੱਥੀਂ ਕਿਰਤ ਕਰ, ਰਸਨਾਂ ਨਾਲ ਪਰਮਾਤਮਾ ਦੀ ਕੀਰਤੀ ਕਰਦਾ ਹੈ, ਕਿਰਤ ਨੂੰ ਪ੍ਰਭੂ ਜਾਤ ਨਾਲ ਵੰਡ ਛਕਦਾ ਹੈ, ਉਹ ਮਨੁੱਖ ਅਸਲੀ ਜੀਵਨ ਦੇ ਰਸਤੇ ਦਾ ਧਾਰਨੀ ਬਣ ਕੇ ਆਪਣੀ ਮੰਜਿਲ ਨੂੰ ਪ੍ਰਾਪਤ ਕਰ ਲੈਂਦਾ ਹੈ। ਸਤਿਗੁਰੂ ਨਾਨਕ ਦੇਵ ਜੀ ਦਾ ਸਾਰੰਗ ਦੀ ਵਾਰ ਅੰਦਰ ਫੁਰਮਾਨ ਹੈ—

**ਘਾਲਿ ਖਾਇ ਕਿਛੁ ਹਥਹੁ ਦੇਇ ॥**

**ਨਾਨਕ ਰਾਹੁ ਪਛਾਣਹਿ ਸੇਇ ॥** *ਮ : ੧, ਪੰਨਾ ੧੨੪੫*

ਗੁਰੂ ਕੇ ਸਿੱਖ ਨੇ ਪਰਮਾਤਮਾਂ ਦਾ ਨਾਮ ਕਿਤੇ ਇਕਾਂਤਵਾਸੀ ਹੋ ਕੇ ਨਹੀਂ ਜਪਣਾ। ਹੱਥਾਂ –ਪੈਰਾਂ ਨਾਲ ਆਪਣੀਆਂ ਅਤੇ ਪ੍ਰਵਾਰ ਦੀਆਂ ਲੋੜਾਂ ਲਈ ਕਿਰਤ ਕਰਨੀ ਹੈ। ਰਸਨਾਂ ਅਤੇ ਮਨ ਨਾਲ ਆਪਣੇ ਮਾਲਕ ਪ੍ਰਭੂ ਦਾ ਨਾਮ ਜਪਣਾ ਹੈ। ਜਿਵੇਂ ਬਾਬਾ ਨਾਮ ਦੇਵ ਜੀ ਨੇ ਗੁਰਬਾਣੀ ਅੰਦਰ ਫੁਰਮਾਨ ਕੀਤਾ ਹੈ।

**ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸਮ੍ਹਾਲਿ ॥**

**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥੨੧੩ ॥**

*ਕਬੀਰ ਜੀ, ਪੰਨਾ ੧੩੭੬*



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ ਮਨੁੱਖ ਦੇ ਜੀਵਨ ਵਿੱਚ ਕੱਲ੍ਹ ਕਦੇ ਨਹੀਂ ਆਉਂਦਾ। ਜੇ ਕੱਲ੍ਹ ਆਉਂਦਾ ਹੈ ਤਾਂ **"ਅਜੁ ਕਲਿ ਕਰਦਿਆ ਕਾਲੁ ਬਿਆਪੈ"** ਕੱਲ੍ਹ ਮਨੁੱਖ ਦਾ ਕਾਲ ਬਣ ਕੇ ਆਉਂਦਾ ਹੈ। ਇਸ ਲਈ ਮਨੁੱਖ ਨੇ ਜੋ ਚੰਗਾ ਕਰਮ ਕੱਲ੍ਹ ਕਰਨ ਦੀ ਠਾਣੀ ਹੋਵੇ ਉਸ ਨੂੰ ਅੱਜ ਹੀ ਕਰ ਲੈਣਾ ਚਾਹੀਦਾ ਹੈ। ਜੋ ਭਲਾ ਕਰਮ ਅੱਜ ਕਰਨ ਦੀ ਵੀਚਾਰ ਅਧੀਨ ਹੈ, ਉਸ ਨੂੰ ਹੁਣੇ ਹੀ ਕਰ ਲੈਣ ਵਿੱਚ ਭਲਿਆਈ ਹੈ। ਕਾਲ ਦੇ ਮੂੰਹ ਵਿਖਾਲਣ ਤੇ ਪਛਤਾਵਾ ਹੀ ਪੱਲੇ ਪਵੇਗਾ, ਸਵਰ ਕੁਝ ਵੀ ਨਹੀਂ ਸਕੇਗਾ। ਬਾਬਾ ਕਬੀਰ ਜੀ ਦਾ ਬੜਾ ਸਿੱਖਿਆ ਭਰਪੂਰ ਬਚਨ ਹੈ—

**ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ ॥**

**ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ ॥੧੩੮**

*ਕਬੀਰ ਜੀ, ਪੰਨਾ ੧੩੭੧*

ਹਾਂ ਜੇ ਕੁਝ ਪਾਪ ਕਰਮ ਕਰਨ ਲਈ ਮਨ ਵਿੱਚ ਵੀਚਾਰ ਉਤਪੰਨ ਹੁੰਦੀ ਹੋਵੇ, ਉਸ ਨੂੰ ਜਰੂਰ ਕੱਲ੍ਹ ਤੇ ਪਾ ਕੇ ਦੇਰੀ ਕਰਨੀ ਚਾਹੀਦੀ ਹੈ। ਤਾਂ ਜੋ ਪਾਪ ਕਰਮ ਦਾ ਸਮਾਂ ਟਲ ਜਾਵੇ। ਧਰਮ ਦੇ ਕਾਰਜ ਲਈ ਦੇਰੀ ਨਹੀ ਕਰਨੀ ਚਾਹੀਦੀ। ਸਤਿਗੁਰੂ ਅਰਜਨ ਦੇਵ ਜੀ ਦਾ ਸਹਸਕ੍ਰਿਤੀ ਸਲੋਕਾਂ ਅੰਦਰ ਫੁਰਮਾਨ ਹੈ—

**ਨਹ ਬਿਲੰਬ ਧਰਮੰ ਬਿਲੰਬ ਪਾਪੰ ॥** *ਮ : ੫, ਪੰਨਾ ੧੩੫੪*

ਗੁਰੂ ਗ੍ਰੰਥ ਸਾਹਿਬ ਜੀ ਦੀ ਦ੍ਰਿਸ਼ਟੀ ਅੰਦਰ ਅਸਲੀ ਸ਼ਾਹੂਕਾਰ ਉਹ ਹੈ, ਜਿਸਨੇ ਸਵਾਸ ਸਵਾਸ ਨਾਮ ਜਪ ਕੇ ਪਰਮਾਤਮਾ ਦਾ ਨਾਮ ਧਨ ਇਕੱਤ੍ਰ ਕਰ ਲਿਆ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਧਨਾਸਰੀ ਰਾਗ ਅੰਦਰ ਫੁਰਮਾਨ ਹੈ।

**ਸੇ ਧਨਵੰਤ ਹਰਿ ਨਾਮਿ ਲਿਵ ਲਾਇ ॥** *ਮ : ੩, ਪੰਨਾ ੬੬੩*

**ਅਤੇ — ਸੇ ਧਨਵੰਤ ਜਿਨ ਹਰਿ ਪ੍ਰਭੁ ਰਾਸਿ ॥** *ਮ : ੫, ਪੰਨਾ ੧੧੯੪*

ਗੁਰੂ ਦੀ ਦ੍ਰਿਸ਼ਟੀ ਅੰਦਰ ਉਹ ਮਨੁੱਖ ਕੰਗਾਲ ਹੈ, ਜੋ ਪ੍ਰਭੂ ਨਾਮ ਨੂੰ ਤਿਆਗ ਕੇ ਦਿਨ ਰਾਤ ਮਾਇਆ ਇੱਕਤ੍ਰ ਕਰਨ ਵਿੱਚ ਜੁਟਿਆ ਹੋਇਆ ਹੈ, ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦਾ ਮਲਾਰ ਰਾਗ ਅੰਦਰ ਬੜਾ ਸੁੰਦਰ ਫੁਰਮਾਨ ਹੈ।

**ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ ॥**

*ਮ : ੧, ਪੰਨਾ ੧੨੯੭*

ਸੰਸਾਰ ਅੰਦਰ ਅਸਲੀ ਲਾਹਾ ਕੀ ਹੈ ? ਦੇ ਉੱਤ੍ਰ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ, ਕਿ ਸੰਸਾਰ ਵਿੱਚ ਜਨਮ ਲੈ ਕੇ ਪਰਮਾਤਮਾਂ ਦਾ ਨਾਮ ਜਪਣਾ ਹੀ ਅਸਲੀ ਲਾਹੇਵੰਦਾ ਕਾਰਜ ਹੈ—

**ਹਰਿ ਰਾਮ ਨਾਮੁ ਜਪਿ ਲਾਹਾ ॥** *ਮ : ੫, ਪੰਨਾ ੫੩੦*

ਬਾਬਾ ਕਬੀਰ ਜੀ ਦਾ ਭੈਰਉ ਰਾਗ ਅੰਦਰ ਫੁਰਮਾਨ ਹੈ—

**ਭਜਹੁ ਗੁਬਿੰਦ ਭੂਲਿ ਮਤ ਜਾਹੁ ॥**

**ਮਾਨਸ ਜਨਮ ਕਾ ਏਹੀ ਲਾਹੁ ॥** *ਕਬੀਰ ਜੀ, ਪੰਨਾ ੧੧੫੯*

ਸਾਰੇ ਧਰਮਾਂ ਵਿੱਚੋਂ ਸ੍ਰੇਸ਼ਟ ਧਰਮ ਕਿਹੜਾ ਹੈ ਅਤੇ ਸਾਰੇ ਪਵਿਤ੍ਰ ਕਰਮਾਂ ਵਿੱਚੋਂ ਸਭ ਤੋਂ ਪਵਿਤ੍ਰ ਕਰਮ ਕਿਹੜਾ ਹੈ ? ਦੇ ਉੱਤ੍ਰ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਆਪਣਾ ਨਿਰਣਾ ਦਰਸਾਉਂਦੇ ਫੁਰਮਾਨ ਕਰਦੇ ਹਨ ਕਿ ਸਾਰੇ ਧਰਮਾਂ ਵਿੱਚੋਂ ਸ੍ਰੇਸ਼ਟ ਧਰਮ ਅਤੇ ਸਾਰੇ ਕਰਮਾਂ ਵਿੱਚੋਂ ਨਿਰਮਲ ਕਰਮ ਕੇਵਲ ਅਤੇ ਕੇਵਲ ਪ੍ਰਮਾਤਮਾਂ ਦਾ ਨਾਮ ਜਪਣਾ ਹੀ ਸ੍ਰੇਸ਼ਟ ਧਰਮ ਅਤੇ ਨਿਰਮਲ ਕਰਮ ਹੈ—

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥**

**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥** *ਸੁਖਮਨੀ ਮ : ੫, ਪੰਨਾ ੨੬੬*

**ਅਤੇ** —

**ਸਭ ਤੇ ਊਤਮ ਇਹੁ ਕਰਮੁ ॥**

**ਸਗਲ ਧਰਮ ਮਹਿ ਸ੍ਰੇਸਟ ਧਰਮੁ ॥** *ਮ : ੫, ਪੰਨਾ ੮੯੫*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ ਪ੍ਰਮਾਤਮਾਂ ਦਾ ਨਾਮ ਜਪਣਾ ਅਤੇ ਗੁਰੂ ਦੀ ਸਿੱਖਿਆ ਅਨੁਸਾਰ ਆਪਣਾ ਜੀਵਨ ਬਣਾ ਲੈਣਾ ਹੀ ਅਸਲੀ ਤੀਰਥ ਇਸ਼ਨਾਨ ਹੈ। ਸਤਿਗੁਰੂ ਨਾਨਕ ਦੇਵ ਜੀ ਦਾ ਤੀਰਥ ਇਸ਼ਨਾਨ ਪ੍ਰਤੀ ਉਪਦੇਸ਼ ਪੜ੍ਹੀਏ ਸਪਸ਼ਟਤਾ ਹੋ ਜਾਵੇਗੀ—

**ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥**

**ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ।**

**ਗੁਰੁ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥**

*ਧਨਾਸਰੀ ਮ: ੧, ਪੰਨਾ ੬੮੭*

ਟੇਕ ਆਸਰਾ ਕਿਸ ਦਾ ਲੈਣਾ ਚਾਹੀਦਾ ਹੈ ? ਦੇ ਉੱਤ੍ਰ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ **"ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ"** ਦਰਸਾ ਕੇ ਪ੍ਰਮਾਤਮਾ ਦੀ ਟੇਕ ਅਤੇ ਆਸਰਾ ਲੈਣ ਦੀ ਤਾਕੀਦ ਕੀਤੀ ਹੈ। ਪ੍ਰਮਾਤਮਾਂ ਦੀ ਟੇਕ ਲੈਣ ਅਤੇ ਨਾਮ ਜਪਣ ਨਾਲ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਾਰੇ ਦੁੱਖ ਕਲੇਸ਼ ਖੱਤਮ ਹੋ ਜਾਂਦੇ ਹਨ।



**ਤਿਸੁ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ ॥**

**ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ ॥** *ਮ : ੫, ਪੰਨਾ ੫੧੭*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਅਨੁਸਾਰ ਜਨਮ ਤੋਂ ਨਾ ਕੋਈ ਮਨੁੱਖ ਉੱਚਾ ਹੈ ਅਤੇ ਨਾ ਹੀ ਕੋਈ ਨੀਵਾਂ ਹੈ। ਅਖੌਤੀ ਨੀਵੀਂ ਜਾਤ ਵਿੱਚ ਜਨਮਿਆ ਮਨੁੱਖ, ਸ੍ਰੇਸ਼ਟ, ਉੱਤਮ ਕਰਮ ਕਰਕੇ, ਲੋਕਾਈ ਅਤੇ ਪ੍ਰਭੂ ਦੇ ਦਰ ਵਿੱਚ ਸਨਮਾਨਿਆ ਜਾਂਦਾ ਹੈ। ਤਿਵੇਂ ਅਖੌਤੀ ਉੱਚ ਜਾਤ ਵਿੱਚ ਜਨਮਿਆ ਮਨੁੱਖ ਨੀਚ ਕਰਮ ਕਰਕੇ ਲੋਕਾਈ ਅਤੇ ਪ੍ਰਭੂ ਦੀ ਦਰਗਾਹ ਵਿੱਚ ਤ੍ਰਿਸਕਾਰਿਆ ਜਾਂਦਾ ਹੈ। ਸਤਿਗੁਰੂ ਨਾਨਕ ਦੇਵ ਜੀ ਦਾ ਸੂਹੀ ਰਾਗ ਅੰਦਰ ਫੁਰਮਾਨ ਹੈ—

**ਜੇਹੇ ਕਰਮ ਕਮਾਇ ਤੇਹਾ ਹੋਇਸੀ ।**

**ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ ॥**

*ਸੂਹੀ ਮ : ੧, ਪੰਨਾ ੭੩੦*

ਸ੍ਰੀ ਗੁਰੂ ਰਾਮਦਾਸ ਜੀ ਦਾ ਬਚਨ ਹੈ।

**ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ ॥**

**ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ ॥੧॥**

*ਮ : ੪, ਪੰਨਾ ੭੩੩*

ਜਾਤਪਾਤ ਦੀਆਂ ਵੰਡੀਆਂ ਸ਼ਰਾਰਤੀ ਮਨੁੱਖਾਂ ਦੇ ਦਿਮਾਗ ਦੀ ਕਾਢ ਹੈ। ਜਿਹੜਾ ਅਖੌਤੀ ਜਾਤ ਦਾ ਫਜ਼ੂਲ ਅਭਿਮਾਨ ਕਰਦਾ ਹੈ, ਅਜਿਹਾ ਮਨੁੱਖ ਮੂਰਖਾਂ ਦੀ ਗਿਣਤੀ ਵਿੱਚ ਗਿਣਿਆ ਜਾਂਦਾ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਜਾਤਾਂ-ਪਾਤਾਂ ਨੂੰ ਫਜ਼ੂਲ ਦਰਸਾਉਂਦਿਆਂ ਫੁਰਮਾਨ ਕੀਤਾ ਹੈ—

**[1] ਫਕੜ ਜਾਤੀ ਫਕੜੁ ਨਾਉ ॥**

**ਸਭਨਾ ਜੀਆ ਇਕਾ ਛਾਉ[2] ॥** *ਮ : ੧, ਪੰਨਾ ੮੩*

ਸ੍ਰੀ ਗੁਰੂ ਅਮਰਦਾਸ ਜੀ ਨੇ ਭੈਰਉ ਰਾਗ ਅੰਦਰ ਜਾਤ ਅਭਿਮਾਨੀਆਂ ਨੂੰ ਝਾੜ ਪਾਉਂਦੇ ਹੋਏ ਬੜੇ ਜੋਰਦਾਰ ਸ਼ਬਦਾਂ ਦੁਆਰਾ ਜਾਤ-ਪਾਤ ਦੀਆਂ ਵੰਡੀਆਂ ਦਾ ਖੰਡਨ ਕਰਕੇ ਜਾਤਾਂ-ਪਾਤਾਂ ਦੇ ਝਗੜੇ ਤੋਂ ਉੱਪਰ ਉੱਠਣ ਦੀ ਪ੍ਰੇਰਨਾ ਦਿੱਤੀ ਹੈ। ਆਪ ਜੀ ਦਾ ਫੁਰਮਾਨ ਹੈ—

**ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥**

**ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥** *ਭੈਰਉ ਮ : ੩, ਪੰਨਾ ੧੧੨੮*

---

*੧. ਫਜ਼ੂਲ ੨. ਆਸਰਾ*

ਇਸਤ੍ਰੀ ਜਾਤੀ ਨਾਲ ਵਿਤਕਰਾ ਅਤੇ ਮਾੜਾ ਸਲੂਕ ਕਰਨ ਵਾਲਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਤਾੜਨਾ ਕਰਕੇ ਫੁਰਮਾਨ ਕੀਤਾ ਹੈ ਕਿ ਜਿਸ ਇਸਤ੍ਰੀ ਦੇ ਉਦਰ ਵਿੱਚੋਂ ਰਾਜੇ-ਮਹਾਰਾਜੇ ਅਤੇ ਭਗਤ ਸੂਰਮੇਂ ਪੈਦਾ ਹੁੰਦੇ ਹਨ, ਉਸ ਨੂੰ ਮਾੜਾ ਕਹਿ ਕੇ ਉਸ ਨਾਲ ਵਿਤਕਰਾ ਕਿਉਂ ਕਰਦੇ ਹੋ ? ਭਾਵ ਨਹੀਂ ਕਰਨਾ ਚਾਹੀਦਾ। ਇਸਤ੍ਰੀ ਜਾਤ ਨੂੰ ਵੀ ਮਰਦ ਸਮਾਨ ਮਾਣ ਸਤਿਕਾਰ ਦੇ ਕੇ ਹਮੇਸ਼ਾ ਇਸਤ੍ਰੀ ਜਾਤ ਦਾ ਸਨਮਾਨ ਕਰਨਾ ਚਾਹੀਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਸਾ ਦੀ ਵਾਰ ਅੰਦਰ ਫੁਰਮਾਨ ਹੈ—

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥** *ਮ : ੧, ਪੰਨਾ ੪੭੨*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਹਰ ਮਨੁੱਖ ਨੂੰ ਅਵਗੁਣਾਂ ਦਾ ਤਿਆਗ ਕਰਕੇ, ਹਰ ਪ੍ਰਾਣੀ ਨਾਲ ਗੁਣਾਂ ਦੀ ਸਾਂਝ ਕਰਕੇ ਗੁਣਾਂ ਨੂੰ ਸੰਗ੍ਰਹਿਣ ਕਰਨ ਲਈ ਯਤਨਸ਼ੀਲ ਹੋਣ ਲਈ ਪ੍ਰੇਰਨਾ ਦਿੱਤੀ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਸੂਹੀ ਰਾਗ ਅੰਦਰ ਬੜਾ ਪਿਆਰਾ ਫੁਰਮਾਨ ਹੈ—

**ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥** *ਮ : ੩, ਪੰਨਾ ੭੬੬*

ਜਿਹੜਾ ਪ੍ਰਾਣੀ ਕਿਸੇ ਦੇ ਅਵਗੁਣਾਂ ਨੂੰ ਅੱਖੋ ਪਰੋਖੇ ਕਰਕੇ ਉਸ ਨਾਲ ਗੁਣਾਂ ਦੀ ਸਾਂਝ ਕਰਕੇ ਆਪਣੇ ਅੰਦਰ ਗੁਣਾਂ ਦਾ ਸੰਗ੍ਰਹਿਣ ਕਰ ਲੈਂਦਾ ਹੈ। ਸਤਿਗੁਰੂ ਉਸ ਤੋਂ ਬਲਿਹਾਰ ਜਾਂਦੇ ਹਨ। ਸ੍ਰੀ ਗੁਰੂ ਅਮਰਦਾਸ ਜੀ ਦਾ ਹੀ ਫੁਰਮਾਨ ਹੈ—

**ਜੋ ਗੁਣ ਸੰਗ੍ਰਹੈ ਤਿਨ ਬਲਿਹਾਰੈ ਜਾਉ ॥** *ਮ : ੩, ਪੰਨਾ ੩*

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਤਿਗੁਰੂ ਜੀ ਨੇ ਸੰਸਾਰ ਤਿਆਗ ਕੇ ਜੰਗਲਾਂ ਵਿੱਚ ਇਕਾਂਤ ਹੋ ਕੇ ਭਜਨ ਕਰਨ ਨੂੰ ਤਰਜੀਹ ਨਹੀਂ ਦਿੱਤੀ, ਸਗੋਂ ਸੰਸਾਰ ਵਿੱਚ ਰਹਿ ਕੇ ਕਿਰਤ-ਵਿਰਤ ਕਰਦਿਆਂ, ਗ੍ਰਹਿਸਤ ਦੀਆਂ ਜਿੰਮੇਵਾਰਿਆਂ ਨਿਭਾਉਂਦਿਆ,

**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥**

*ਮ : ੫, ਪੰਨਾ ੫੨੨*

ਦੇ ਮਾਰਗ ਨੂੰ ਅਪਨਾਉਣ ਲਈ ਪ੍ਰੇਰਨਾ ਦਿੱਤੀ ਹੈ। ਗ੍ਰਹਿਸਤ ਵਿੱਚ ਨਿਰਲੇਪ ਕਿਵੇਂ ਰਹਿਣਾ ਹੈ ? ਜਿਵੇਂ ਕੰਵਲ ਫੁੱਲ ਆਪਣੇ ਜੀਵਨ ਦੀਆਂ ਸਾਰੀਆਂ ਲੋੜਾਂ ਪਾਣੀ ਵਿੱਚੋਂ ਪੂਰੀਆਂ ਕਰਦਾ ਹੈ, ਪਰ ਪਾਣੀ ਦਾ ਅਸਰ ਨਹੀਂ ਕਬੂਲਦਾ ਤਿਵੇਂ ਗੁਰਸਿੱਖ ਨੇ ਸੰਸਾਰ ਵਿੱਚ ਰਹਿੰਦੇ ਮਾਇਆ ਦੇ ਪ੍ਰਭਾਵ ਤੋਂ ਅਲੇਪ ਰਹਿਣਾ ਹੈ—

**ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥**

*ਮ : ੪, ਪੰਨਾ ੧੦੭੦*

ਗੁਰਬਾਣੀ ਅੰਦਰ ਪ੍ਰਾਣੀ ਦੇ ਮਰ ਜਾਣ ਤੋਂ ਉਪ੍ਰੰਤ ਮਿਲਣ ਵਾਲੀ ਮੁਕਤੀ ਨੂੰ ਕੋਈ ਮਹਾਨਤਾ ਨਹੀਂ ਦਿੱਤੀ। ਜਿਹੜਾ ਮਨੁੱਖ ਆਪਣੇ ਜੀਵਨ ਕਾਲ ਵਿੱਚ ਮਾਇਆ



ਦੇ ਪੰਜਾਂ ਦੂੱਤਾਂ, ਸੰਸਾਰਿਕ ਵਾਸ਼ਨਾਵਾਂ ਅਤੇ ਸੰਸਾਰਿਕ ਪਦਾਰਥਾਂ ਦੀ ਪਕੜ ਤੋਂ ਮੁਕਤ ਨਹੀਂ ਹੋ ਸਕਿਆ, ਉਸ ਦੀ ਆਤਮਾਂ ਮਰਣ ਤੋਂ ਪਿੱਛੋਂ ਵਾਸ਼ਨਾਵਾਂ ਅਤੇ ਸੰਸਾਰਿਕ ਪਕੜਾਂ ਤੋਂ ਕਿਵੇਂ ਮੁਕਤ ਹੋ ਸਕਦੀ ਹੈ ? ਕਦਾਚਿਤ ਨਹੀਂ ਹੋ ਸਕਦੀ। ਇਸੇ ਕਰਕੇ ਹੀ ਭਗਤ ਬੇਣੀ ਜੀ ਨੇ ਰਾਮਕਲੀ ਰਾਗ ਅੰਦਰ ਫੁਰਮਾਨ ਕੀਤਾ ਹੈ।

**ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ॥**

*ਬੇਣੀ ਜੀ, ਪੰਨਾ ੯੭੪*

ਗੁਰਮੱਤ ਵਿੱਚ ਜੀਵਨ ਮੁਕਤੀ ਨੂੰ ਮਹਾਨਤਾ ਪ੍ਰਦਾਨ ਕੀਤੀ ਹੈ। ਜੀਵਨ ਮੁਕਤ ਪੁਰਸ਼ ਦੇ ਲੱਛਣ ਦਰਸਾਉਂਦੇ ਸ੍ਰੀ ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਅੰਦਰ ਫੁਰਮਾਨ ਕਰਦੇ ਹਨ, ਕਿ ਜਿਹੜਾ ਗੁਰੂ ਪਿਆਰਾ ਗੁਰੂ ਹੁਕਮ ਨੂੰ ਮਿੱਠਾ ਕਰਕੇ ਮੰਨੇ। ਖੁਸ਼ੀ ਗਮੀਂ ਵਿੱਚ ਇੱਕ ਸਮਾਨ ਬਿਰਤੀ ਰੱਖੇ। ਜਿਸ ਦੀ ਦ੍ਰਿਸ਼ਟੀ ਵਿੱਚ ਸੋਨਾ ਮਿੱਟੀ, ਮਾਨ ਅਪਮਾਨ, ਅੰਮ੍ਰਿਤ ਜ਼ਹਿਰ, ਰਾਜਾ ਅਤੇ ਕੰਗਾਲ ਇੱਕ ਸਮਾਨ ਹੋਣ, ਅਜਿਹਾ ਆਤਮਿਕ ਟਿਕਾਉ ਵਾਲਾ ਗੁਰੂ ਪਿਆਰਾ ਜੀਵਨ ਮੁਕਤ ਅਖਵਾ ਸਕਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਮੁਕਤ ਪ੍ਰਾਣੀ ਦੇ ਲੱਛਣ ਪ੍ਰਗਟਾਉਣ ਵਾਲਾ ਫੁਰਮਾਨ ਪੜ੍ਹੀਏ ਸਪੱਸ਼ਟਤਾ ਹੋ ਜਾਵੇਗੀ—

**ਪ੍ਰਭ ਕੀ ਆਗਿਆ ਆਤਮ ਹਿਤਾਵੈ ॥**
**ਜੀਵਨ ਮੁਕਤਿ ਸੋਊ ਕਹਾਵੈ ॥ ਤੈਸਾ ਹਰਖੁ ਤੈਸਾ ਉਸੁ ਸੋਗੁ ॥**
**ਸਦਾ ਅਨੰਦੁ ਤਹ ਨਹੀ ਬਿਓਗੁ ॥**
**ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥**
**ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕੁ ਤੈਸਾ ਰਾਜਾਨੁ ॥**
**ਜੋ ਵਰਤਾਏ ਸਾਈ ਜੁਗਤਿ ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭**

*ਸੁਖਮਨੀ ਮ : ੫,. ਪੰਨਾ ੨੭੫*

ਸੰਸਾਰ ਦੇ ਲੋਕ ਮਨ ਦੀ ਸ਼ਾਂਤੀ ਅਤੇ ਸ਼ਾਂਤੀ ਦੇ ਸੋਮੇ ਪ੍ਰਮਾਤਮਾਂ ਨੂੰ ਬਾਹਰ ਜੰਗਲਾਂ ਦੀ ਇਕਾਂਤ ਅਤੇ ਪਹਾੜਾਂ ਦੀਆਂ ਕੁੰਦਰਾਂ ਵਿੱਚੋਂ ਭਾਲਦੇ ਹਨ, ਪਰ ਗੁਰਮੱਤ, ਪ੍ਰਮਾਤਮਾਂ ਨੂੰ , ਜੋ ਸਾਰੇ ਬ੍ਰਹਿਮੰਡ ਦਾ ਮਾਲਕ ਅਤੇ ਸ਼ਾਂਤੀ ਦਾ ਸੋਮਾ ਹੈ, ਉਸ ਨੂੰ ਮਨੁੱਖ ਦੇ ਸਰੀਰ ਅੰਦਰ ਦਰਸਾ ਕੇ ਆਪਣੇ ਹੀ ਅੰਦਰੋਂ ਉਸ ਨੂੰ ਖੋਜਣ ਦੀ ਪ੍ਰੇਰਨਾ ਦਿੰਦੀ ਹੈ। ਜੋ ਬਾਹਰ ਦ੍ਰਿਸ਼ਟਮਾਨ ਵਿੱਚੋਂ ਟੋਲਦਾ ਹੈ, ਉਹ ਭਰਮ ਵਿੱਚ ਪੈ ਕੇ ਦ੍ਰਿਸ਼ਟਮਾਨ ਨਾਲ ਹੀ ਲਿਪਾਇਮਾਨ ਹੋ ਬੈਠਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਮਾਝ ਰਾਗ ਅੰਦਰ ਫੁਰਮਾਨ ਕਰਦੇ ਹਨ—

**ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥**

**ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥** *ਮ : ੫, ਪੰਨਾ ੧੦੨*

**ਅਤੇ — ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥** *ਪੀਪਾ ਜੀ, ਪੰਨਾ ੬੯੫*

ਬ੍ਰਹਮੰਡ ਦੇ ਮਾਲਕ ਨੂੰ ਆਪਨੇ ਅੰਦਰੋਂ ਖੋਜਣਾ ਕਿਵੇਂ ਹੈ ? ਦੇ ਉੱਤ੍ਰ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਮਲਾਰ ਰਾਗ ਅੰਦਰ ਫੁਰਮਾਨ ਕਰਕੇ ਪ੍ਰਮਾਤਮਾਂ ਨੂੰ ਆਪਨੇ ਅੰਦਰੋਂ ਖੋਜਣ ਦੀ ਵਿਧੀ ਦਰਸਾਉਂਦੇ ਹਨ—

**ਰਾਮ ਰਾਮ ਬੋਲਿ ਬੋਲਿ ਖੋਜਤੇ ਬਡਭਾਗੀ ॥**

*ਮਲਾਰ ਮ : ੪, ਪੰਨਾ ੧੨੬੫*

ਗੁਰੂ ਗ੍ਰੰਥ ਸਾਹਿਬ ਅੰਦਰ ਗੁਰਮੁਖ ਕੌਣ ਹੈ ? ਦੇ ਉੱਤ੍ਰ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਸੋਰਠ ਦੀ ਵਾਰ ਅੰਦਰ ਫੁਰਮਾਨ ਕਰਦੇ ਹਨ, ਕਿ ਜਿਸ ਤਰ੍ਹਾਂ ਹਾਥੀ ਮੁਹਾਵਤ ਦੇ ਇਸ਼ਾਰੇ ਅਧੀਨ ਚੱਲਦਾ ਹੈ। ਜਿਵੇਂ ਅਹਿਰਣ ਵਦਾਣਾਂ[1] ਦੀਆਂ ਸੱਟਾਂ ਖਾ ਕੇ ਵੀ ਅਡੋਲ ਰਹਿੰਦੀ ਹੈ, ਤਿਵੇਂ ਜਿਹੜਾ ਗੁਰੂ ਪਿਆਰਾ ਤਨ-ਮਨ ਕਰਕੇ ਗੁਰੂ ਹੁਕਮ ਅਧੀਨ ਜੀਵਨ ਬਤੀਤ ਕਰਦਾ ਦੁੱਖ-ਸੁੱਖ ਏਕ ਸਮਾਨ ਦੀ ਅਵਸਥਾ ਵਿੱਚ ਵਿਚਰਦਾ ਹਮੇਸ਼ਾ ਗੁਰੂ ਸਨਮੁਖ ਰਹਿੰਦਾ ਗੁਰੂ ਦਰਸਾਈ ਕਾਰ ਕਰਦਾ ਹੈ। ਉਹ ਗੁਰਮੁਖ ਮੁਰਾਤਬੇ ਨੂੰ ਪ੍ਰਾਪਤ ਕਰ, ਸਾਰੀ ਸ੍ਰਿਸ਼ਟੀ ਦਾ ਮਾਨੋਂ ਰਾਜਾ ਬਣ ਨਿਬੜਦਾ ਹੈ। ਸਾਹਿਬਾਂ ਦਾ ਫੁਰਮਾਨ ਹੈ—

**ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥**

**ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥**

**ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥**

*ਮ : ੩, ਪੰਨਾ ੬੪੭*

ਮਨਮੁਖ ਕੌਣ ਹੈ ? ਦੇ ਉੱਤ੍ਰ ਵਿੱਚ ਸ੍ਰੀ ਗੁਰੂ ਅੰਗਦ ਦੇਵ ਜੀ ਫੁਰਮਾਨ ਕਰਦੇ ਹਨ ਕਿ ਜਿਹੜਾ ਲੋੜ ਵੇਲੇ ਤਾਂ ਗੁਰੂ ਦੇ ਸਨਮੁਖ ਹੋਵੇ। ਜਦੋਂ ਲੋੜ ਪੂਰੀ ਹੋ ਜਾਵੇ ਉਸੇ ਵੇਲੇ ਗੁਰੂ ਵੱਲ ਪਿੱਠ ਕਰ ਲਵੇ। ਦੇਣ ਵਾਲੇ ਗੁਰੂ ਦਾਤੇ ਨਾਲੋਂ ਦਾਤਾਂ ਨਾਲ ਵਧੇਰੇ ਪਿਆਰ ਕਰੇ ਅਜਿਹੇ ਮਨੁੱਖ ਨੂੰ ਗੁਰਬਾਣੀ ਵਿੱਚ ਮਨਮੁਖ ਕਿਹਾ ਹੈ—

**ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥** *ਮ : ੨, ਪੰਨਾ ੧੩੮*

ਜਿਹੜਾ ਗੁਰੂ ਦੇ ਹੁਕਮ ਦੀ ਪ੍ਰਵਾਹ ਨਾ ਕਰੇ, ਗੁਰੂ ਹੁਕਮ ਨਾਲੋਂ ਮਨ ਦੇ ਹੁਕਮ ਨੂੰ ਪਹਿਲ ਦੇਵੇ ਅਤੇ ਆਪਨੇ ਮਨ ਅਨੁਸਾਰੀ ਹੋ ਕੇ ਜੀਵਨ ਬਤੀਤ ਕਰੇ, ਅਜਿਹੇ

---

੧. *ਹਥੌੜਾ*



ਮਨੁੱਖ ਨੂੰ ਗੁਰਬਾਣੀ ਵਿੱਚ ਮਨਮੁਖ ਕਿਹਾ ਹੈ। ਸਤਿਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ—

**ਸੇ ਮਨਮੁਖ ਜੋ ਸਬਦੁ ਨ ਪਛਾਣਹਿ ॥ ਗੁਰ ਕੇ ਭੈ ਕੀ ਸਾਰ ਨ ਜਾਣਹਿ ॥**

*ਮ : ੩, ਪੰਨਾ ੧੦੫੪*

ਮਨੁੱਖ ਦੇ ਸਰੀਰ ਦੀ ਮੁਹਲਤ ਦਰਸਾਉਂਦਿਆਂ ਸਤਿਗੁਰਾਂ ਫੁਰਮਾਨ ਕੀਤਾ ਹੈ, ਕਿ ਮਨੁੱਖ ਦੇ ਸਰੀਰ ਦੀ ਮੁਹਲਤ ਕੇਵਲ ਇੱਕ ਦਮ ਦੀ ਹੈ। ਦਮ ਆ ਗਿਆ ਤਾਂ ਆਦਮੀ ਜੇ ਦਮ ਨਾ ਆਇਆ ਤਾਂ ਮਿੱਟੀ ਦੀ ਢੇਰੀ। ਇਸ ਲਈ ਜਿਹੜਾ ਦਮ ਆ ਰਿਹਾ ਹੈ, ਉਸ ਨਾਲ ਅਮੋਲਕ ਪ੍ਰਾਣਾਂ ਦੀ ਦਾਤ ਦੇਣ ਵਾਲੇ ਦਾਤੇ ਨੂੰ ਯਾਦ ਕਰਨਾ ਚਾਹੀਦਾ ਹੈ। ਸਤਿਗੁਰੂ ਨਾਨਕ ਦੇਵ ਜੀ ਦਾ ਧਨਾਸਰੀ ਰਾਗ ਅੰਦਰ ਅਸਲੀਅਤ ਦਰਸਾਉਣ ਵਾਲਾ ਬਚਨ ਹੈ—

**ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ ॥**

**ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ ॥** *ਮ : ੧, ਪੰਨਾ ੬੬੦*

ਜੇ ਸਰੀਰ ਦੀ ਮੁਨਿਆਦ ਹੀ ਇੱਕ ਦਮ ਦੀ ਹੈ, ਫਿਰ ਜਿਸ ਕੰਮ ਨੂੰ ਕਰਨ ਵਾਸਤੇ ਪਰਮਾਤਮਾਂ ਨੇ ਇਹ ਸਰੀਰ ਦਿੱਤਾ ਹੈ, ਅਤੇ ਜਿਹੜਾ ਕੰਮ ਲੋਕ-ਪ੍ਰਲੋਕ ਵਿੱਚ ਸਾਥ ਨਿਭਣ ਵਾਲਾ ਹੈ ਉਸ ਨੂੰ ਕਰਨ ਲਈ ਦੇਰ ਨਹੀਂ ਕਰਨੀ ਚਾਹੀਦੀ, ਪਤਾ ਨਹੀਂ ਅਗਲਾ ਸਵਾਸ ਆਉਣਾ ਹੈ ਜਾਂ ਨਹੀਂ। ਸਤਿਗੁਰੂ ਰਾਮਦਾਸ ਜੀ ਦਾ ਬਿਹਾਗੜਾ ਰਾਗ ਅੰਦਰ ਬਹੁਤ ਹੀ ਭਾਵ ਪੂਰਤ ਫੁਰਮਾਨ ਹੈ—

**ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ**

**ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥**

*ਬਿਹਾਗੜਾ ਮ : ੫, ਪੰਨਾ ੫੪੦*

ਮਨੁੱਖ ਆਤਮਾਂ ਬਾਰ ਬਾਰ ਇਸ ਸੰਸਾਰ ਵਿੱਚ ਜਨਮ ਕਿਉਂ ਲੈਂਦੀ ਹੈ ? ਦਾ ਕਾਰਣ ਦਰਸਾਉਂਦੇ ਸਾਹਿਬ ਗੁਰੂ ਨਾਨਕ ਦੇਵ ਜੀ ਸੋਰਠ ਰਾਗ ਅੰਦਰ ਫੁਰਮਾਨ ਕਰਦੇ ਹਨ ਕਿ ਆਵਾਗਉਣ ਦਾ ਮੂਲ ਕਾਰਣ ਮਨੁੱਖ ਦੀਆਂ ਇੱਛਾਵਾਂ ਅਤੇ ਵਾਸ਼ਨਾਵਾਂ ਹਨ। ਇੱਛਾ ਅਧੀਨ ਮਨੁੱਖ ਕੁਝ ਪਾਪ ਕਰਮ ਅਤੇ ਕੁਝ ਪੁੰਨ ਕਰਮ ਕਰਦਾ ਹੈ। ਪਾਪ ਅਤੇ ਪੁੰਨ ਦੇ ਫਲ ਨੂੰ ਭੁਗਤਣ ਅਤੇ ਇੱਛਾਵਾਂ ਨੂੰ ਪੂਰੀਆਂ ਕਰਨ ਲਈ ਮਨੁੱਖ ਨੂੰ ਬਾਰ-ਬਾਰ ਸੰਸਾਰ ਵਿੱਚ ਅਨੇਕਾਂ ਜੂਨਾਂ ਵਿੱਚ ਭ੍ਰਮਣ ਕਰਨਾ ਪੈਂਦਾ ਹੈ। ਸਾਹਿਬਾਂ ਦਾ ਫੁਰਮਾਨ ਹੈ—

**ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥**

**ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥**

*ਮ : ੧, ਪੰਨਾ ੬੩੪*

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫੁਰਮਾਨ ਦੀ ਪ੍ਰੋੜ੍ਹਤਾ ਹਿੱਤ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗਉੜੀ ਰਾਗ ਅੰਦਰ ਬਚਨ ਦਰਜ ਕੀਤਾ ਹੈ—

**ਜਿਤੁ ਲਾਗੋ ਮਨੁ ਬਾਸਨਾ ਅੰਤਿ ਸਾਈ ਪ੍ਰਗਟਾਨੀ ॥** *ਮ : ੫, ਪੰਨਾ ੨੪੨*

ਭਗਤ ਤਿਰਲੋਚਨ ਜੀ ਦਾ ਗੂਜਰੀ ਰਾਗ ਅੰਦਰ ਫੁਰਮਾਨ ਹੈ—

**ਅੰਤਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਸਰਪ ਜੋਨਿ [੧] ਵਲਿ ਵਲਿ ਅਉਤਰੈ ॥੧॥**
**ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥**
**ਅੰਤਿ ਕਾਲਿ ਜੋ ਲੜਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਸੂਕਰ[੨] ਜੋਨਿ ਵਲਿ ਅਉਤਰੈ ॥੩॥**
**ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥**
**ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਬਦਤਿ[੩] ਤਿਲੋਚਨ ਤੇ ਨਰ ਮੁਕਤਾ ਪੀਤੰਬਰੁ[੪] ਵਾ ਕੇ ਰਿਦੈ ਬਸੈ ॥**

ਤਿਲੋਚਨ ਜੀ, ਪੰਨਾ ੫੨੬

ਜੀਵਨ ਅਤੇ ਮੌਤ ਦੀ ਅਸਲੀਅਤ ਦਰਸਾਉਂਦੇ ਸ੍ਰੀ ਗੁਰੂ ਅਰਜਨ ਦੇਵ ਜੀ ਸਹਿਸਕ੍ਰਿਤੀ ਸਲੋਕਾਂ ਅੰਦਰ ਫੁਰਮਾਨ ਕਰਦੇ ਹਨ, ਕਿ ਪਰਮਾਤਮਾਂ ਨੂੰ ਭੁੱਲ ਜਾਣਾ ਮੌਤ ਹੈ ਅਤੇ ਪਰਮਾਤਮਾਂ ਦੀ ਯਾਦ ਦੁਆਰਾ ਉਸ ਨਾਲ ਜੁੜੇ ਰਹਿਣਾ ਅਸਲੀ ਜੀਵਨ ਹੈ—

**ਮਰਣੰ ਬਿਸਰਣੰ ਗੋਬਿੰਦਹ ॥ ਜੀਵਣੰ ਹਰਿ ਨਾਮ ਧਾਵਣਹ ॥**

*ਮ : ੫, ਪੰਨਾ ੧੩੬੧*

ਗੁਰਬਾਣੀ ਦੇ ਉਪਦੇਸ਼ ਅਨੁਸਾਰ ਜੋ ਜੋ ਮਾੜੇ ਜਾਂ ਚੰਗੇ ਕਰਮ ਮਨੁੱਖ ਇਸ ਸਰੀਰ ਨਾਲ ਕਰਦਾ ਹੈ, ਉਨ੍ਹਾਂ ਸਾਰੇ ਚੰਗੇ ਜਾਂ ਮਾੜੇ ਕਰਮਾਂ ਦਾ ਦਸਤਾਵੇਜ ਸੰਸਕਾਰਾਂ ਦੇ ਰੂਪ ਵਿੱਚ ਮਨੁੱਖ ਆਪਣੀ ਆਤਮਾਂ ਦੇ ਨਾਲ ਲੈ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦਾ ਜਪੁਜੀ ਸਾਹਿਬ ਅੰਦਰ ਫੁਰਮਾਨ ਹੈ।

**ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥**

*ਜਪੁਜੀ, ਪੰਨਾ-੪*

ਜੀਵ ਦੇ ਕੀਤੇ ਸਾਰੇ ਮਾੜੇ ਚੰਗੇ ਕਰਮਾਂ ਦੀ ਪੁਣ-ਛਾਣ ਅਤੇ ਹਿਸਾਬ ਕਿਤਾਬ ਪ੍ਰਭੂ ਦਰਗਾਹ ਅੰਦਰ ਧਰਮਰਾਜਾ ਬਿਨਾ ਰਿਆਇਤ ਦੇ ਸੱਚ ਧਰਮ ਅਸੂਲ ਅਧੀਨ

*੧. ਮੁੜ-ਮੁੜ ਕੇ (ਬਾਰ-ਬਾਰ) ੨. ਸੂਰ ੩. ਕਹਿੰਦਾ ਹੈ ੪. ਪਰਮਾਤਮਾਂ*



ਵਾਚ ਕੇ ਨਿਰਣਾ ਦਿੰਦਾ ਹੈ—

**ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥** *ਜਪੁਜੀ , ਪੰਨਾ*

ਸਾਹਿਬ ਗੁਰੂ ਅਮਰਦਾਸ ਜੀ ਦਾ ਰਾਮਕਲੀ ਵਾਰ ਅੰਦਰ ਫੁਰਮਾਨ ਹੈ—

**ਸਭਨਾ ਕਾ ਦਰਿ ਲੇਖਾ ਹੋਇ ॥ ਕਰਣੀ ਬਾਝਹੁ ਤਰੈ ਨ ਕੋਇ ॥**

*ਮ : ੩, ਪੰਨਾ ੯੫੨*

ਗੁਰਬਾਣੀ ਅੰਦਰ ਬਾਬਾ ਕਬੀਰ ਜੀ ਨੇ ਜਿਉਂਦੇ ਜੀ ਮਾਤਾ ਪਿਤਾ ਦੀ ਸੇਵਾ ਕਰਨ ਦੀ ਪ੍ਰੇਰਨਾ ਦਿੱਤੀ ਹੈ। ਪਰ ਜਿਹੜੇ ਬੱਚੇ ਬਜੁਰਗਾਂ ਦੀ ਜਿਉਂਦੇ-ਜੀ ਸੇਵਾ ਨਹੀਂ ਕਰਦੇ ਪਰ ਮਨ ਪਿੱਛੋਂ ਲੋਕ-ਵਿਖਾਵਾ ਕਰਨ ਲਈ ਬੜੇ-ਬੜੇ ਇਕੱਠ ਕਰਕੇ, ਪੰਡਤਾਂ ਅਤੇ ਲੋਕਾਂ ਨੂੰ ਸਵਾਦੀਕ ਭੋਜਨ ਛਕਾਉਂਦੇ ਹਨ। ਅਜਿਹੇ ਲੋਕ-ਵਿਖਾਵੇ ਦੇ ਕਰਮ ਕਰਨ ਨਾਲ ਤਾਂ ਉਨ੍ਹਾਂ ਦੇ ਮਰੇ ਹੋਏ ਬਜੁਰਗ ਹੀ ਤ੍ਰਿਪਤ ਹੁੰਦੇ ਹਨ ਅਤੇ ਨਾ ਹੀ ਮਨੁੱਖ ਦੀ ਆਤਮਾਂ ਪਿਤਰ-ਰਿਣ ਤੋਂ ਮੁਕਤ ਹੁੰਦੀ ਹੈ। ਆਪ ਜੀ ਦਾ ਗਉੜੀ ਰਾਗ ਅੰਦਰ ਫੁਰਮਾਨ ਹੈ।

**ਜੀਵਤ ਪਿਤਰ ਨ ਮਾਨੈ ਕੋਊ ਮੂਏ ਸਿਰਾਧ ਕਰਾਹੀ**
**ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥੧॥**

*ਕਬੀਰ ਜੀ, ਪੰਨਾ ੩੩੨*

ਮਾਇਆ ਕੀ ਹੈ ? ਦੇ ਵਿਸਥਾਰ ਹਿੱਤ ਸਤਿਗੁਰੂ ਅਮਰਦਾਸ ਜੀ ਨਿਰਣਾ ਦਿੰਦੇ ਹਨ, ਕਿ ਨਿਰਾ ਸੋਨਾ, ਚਾਦੀਂ, ਰੁਪਏ ਪਦਾਰਥ ਹੀ ਮਾਇਆ ਨਹੀਂ ਉਹ ਸਾਰਾ ਪਸਾਰਾ ਅਤੇ ਖਿਲਾਰਾ ਮਾਇਆ ਦਾ ਰੂਪ ਹੈ, ਜਿਸ ਨੂੰ ਵੇਖਦਿਆਂ, ਜਿਸ ਨੂੰ ਵਰਤਦਿਆਂ ਪਰਮਾਤਮਾਂ ਦੀ ਹੋਂਦ ਭੁੱਲ ਜਾਵੇ, ਅਤੇ ਮਨੁੱਖ ਪਸਾਰੇ ਅਤੇ ਖਿਲਾਰੇ ਵਿੱਚ ਖੱਚਤ ਹੋ ਜਾਵੇ—

**ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥**

*ਮ : ੩ ਪੰਨਾ ੯੨੧*

ਸਤਿਗੁਰੂ ਜੀ ਨੇ ਮਾਇਆ ਅਤੇ ਮਨ ਪ੍ਰਤੀ ਇੱਕ ਹੋਰ ਸਿਧਾਂਤ ਬਖਸ਼ਿਸ਼ ਕੀਤਾ ਹੈ ਕਿ ਮਨ ਅਤੇ ਮਾਇਆ ਪਰਮਾਤਮਾਂ ਨੇ ਆਪ ਪੈਦਾ ਕੀਤੇ ਹਨ। ਪਰਮਾਤਮਾ ਦੀ ਬਣਾਈ ਕਿਸੇ ਵੀ ਵਸਤੂ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਇਸ ਲਈ ਨਾ ਤਾਂ ਮਨ ਨੇ ਮਰਨਾ ਅਤੇ ਨਾ ਹੀ ਮਾਇਆ ਨੇ ਮਰਨਾ ਹੈ। ਗੁਰੂ ਅਗਵਾਈ ਵਿੱਚ ਮਨ ਨੂੰ ਗੁਰੂ ਵੀਚਾਰਾਂ ਅਨੁਸਾਰ ਸਵਾਰ ਕੇ ਅਤੇ ਮਾਇਆ ਦੀ ਮਾੜੀ ਵਰਤੋਂ ਦੇ ਵੇਗ ਨੂੰ ਉਲਟਾ ਕੇ ਇਨ੍ਹਾਂ ਪਾਸੋਂ ਪ੍ਰਭੂ ਪ੍ਰਾਪਤੀ ਦਾ ਕਾਰਜ ਕਰਵਾਉਣਾ ਹੈ। ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਭਾਤੀ ਰਾਗ ਅੰਦਰ ਬਚਨ ਦਰਜੀ ਹੈ—

**ਨਾ ਮਨੁ ਮਰੈ ਨ ਮਾਇਆ ਮਰੈ ॥**
**ਜਿਨਿ ਕਿਛੁ ਕੀਆ ਸੋਈ ਜਾਣੈ ਸਬਦੁ ਵੀਚਾਰਿ ਭਉ ਸਾਗਰ ਤਰੈ ॥੧॥**

*ਪ੍ਰਭਾਤੀ ਮ : ੧, ਪੰਨਾ ੧੩੪੨*

ਜਦੋਂ ਮਨ ਸਵਾਰਿਆ ਜਾਂਦਾ ਹੈ ਫਿਰ ਤਾਂ ਕਾਰਜ ਹੀ ਸਉਰ ਜਾਂਦਾ ਹੈ ਬਾਬਾ ਫਰੀਦ ਜੀ ਦਾ ਫੁਰਮਾਨ ਹੈ—

**ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥**
**ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥੯੫॥**

*ਫਰੀਦ ਜੀ, ਪੰਨਾ ੧੩੮੨*

ਉਂਝ ਤਾਂ ਹਰ ਖੇਤਰ ਵਿੱਚ ਨਿਪੁੰਨਤਾ ਪ੍ਰਾਪਤ ਕਰਨ ਲਈ ਗੁਰੂ ਦੀ ਅਗਵਾਈ ਅਤੇ ਮਿਹਰ ਦੀ ਅੱਤ ਲੋੜ ਹੈ, ਪਰ ਅਧਿਆਤਮਿਕ ਪੈਂਡੇ ਵਿੱਚ ਤਾਂ ਗੁਰੂ ਦੀ ਅਗਵਾਈ ਅਤੇ ਮਿਹਰ ਤੋਂ ਬਿਨਾਂ ਤੁਰਿਆ ਹੀ ਨਹੀਂ ਜਾ ਸਕਦਾ। ਗੁਰੂ ਹੀ ਜਨਮਾਂ ਜਨਮਾਂ ਤੋਂ ਆਪਣੇ ਮੂਲ ਪ੍ਰਮਾਤਮਾਂ ਨਾਲੋਂ ਵਿਛੁੜੀ ਹੋਈ ਆਤਮਾਂ ਨੂੰ ਪਰਮਾਤਮਾ ਨਾਲ ਅਭੇਦ ਕਰਵਾ ਸਕਦਾ ਹੈ—

**ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥** *ਮ : ੫, ਪੰਨਾ ੯੫੭*

ਇਸੇ ਕਰਕੇ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੜੇ ਜ਼ੋਰਦਾਰ ਸ਼ਬਦਾਂ ਵਿੱਚ ਸਾਵਧਾਨ ਕੀਤਾ ਹੈ ਕਿ ਮਤਾਂ ਕੋਈ ਭਰਮ ਭੁਲੇਖੇ ਅਧੀਨ ਇਹ ਆਸ ਬਣਾ ਲਵੇਂ, ਕਿ ਮੈਂ ਗੁਰੂ ਵਾਲਾ ਬਣੇ ਤੋਂ ਬਿਨਾਂ ਸੰਸਾਰ ਭਵਜਲ ਤੋਂ ਪਾਰ ਉੱਤਰ ਜਾਵਾਂਗਾ। ਯਾਦ ਰੱਖੋ! ਨਾ ਕਿਸੇ ਦਾ ਪਿੱਛੇ ਹੀ ਨਿਸਤਾਰਾ ਹੋਇਆ ਅਤੇ ਨਾ ਹੀ ਅਗਾਂਹ ਹੋਵੇਗਾ। ਹਰ ਪ੍ਰਾਣੀ ਨੂੰ ਇਸ ਭਵਜਲ ਸੰਸਾਰ ਤੋਂ ਆਪਣੇ ਨਿਸਤਾਰੇ ਲਈ ਗੁਰੂ ਵਾਲੇ ਬਣਨਾ ਹੀ ਪਵੇਗਾ—

**ਮਤ ਕੋ ਭਰਮਿ ਭੁਲੈ ਸੰਸਾਰਿ ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥**

*ਮ : ੫, ਪੰਨਾ ੮੬੪*

ਗੁਰੂ ਵਾਲਾ ਬਣਨ ਵਾਲੇ ਪ੍ਰਾਣੀ ਨੂੰ ਸਤਿਗੁਰੂ ਕੀ ਬਖਸ਼ਿਸ਼ ਕਰਦੇ ਹਨ ? ਦੇ ਉੱਤ੍ਰ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ, ਕਿ ਸਤਿਗੁਰੂ ਗੁਰਮੰਤ੍ਰ ਦੇ ਰੂਪ ਵਿੱਚ ਅੰਮ੍ਰਿਤ ਨਾਮ ਜਗਿਆਸੂ ਨੂੰ ਬਖਸ਼ਿਸ਼ ਕਰਦਾ ਹੈ, ਜਿਹੜਾ ਅੰਮ੍ਰਿਤ ਨਾਮ, ਸੋਨਾ, ਚਾਂਦੀ, ਹੀਰੇ ਜਵਾਹਰਾਤ ਅਤੇ ਸੰਸਾਰ ਦੀ ਸੰਪਦਾ ਬਦਲੇ ਵਿੱਚ ਵੀ ਮਨੁੱਖ ਪ੍ਰਾਪਤ ਨਹੀਂ ਕਰ ਸਕਦਾ। ਸਾਹਿਬਾਂ ਦਾ ਫੁਰਮਾਨ ਹੈ।

**ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ ਦੀਨੋ ਮੰਤਾਨੀ ॥**

*ਧਨਾਸਰੀ ਮ : ੫, ਪੰਨਾ ੬੭੨*

ਗੁਰੂ ਦੀ ਦ੍ਰਿਸ਼ਟੀ ਵਿੱਚ ਪਵਿਤ੍ਰ ਕੌਣ ਹੈ ? ਦੇ ਉੱਤ੍ਰ ਵਿੱਚ ਸਤਿਗੁਰੂ ਅਮਰਦਾਸ ਜੀ ਨੇ ਅਨੰਦ ਸਾਹਿਬ ਦੀ ਬਾਣੀ ਅੰਦਰ ਫੁਰਮਾਇਆ ਹੈ, ਕਿ ਜਿਹੜੇ ਗੁਰੂ ਪਿਆਰੇ ਬਾਹਰਲੀ ਰਹਿਣੀ ਬਹਿਣੀ ਵੀ ਪਵਿਤ੍ਰ ਰੱਖਦੇ ਹਨ ਅਤੇ ਜਿਨ੍ਹਾਂ ਨੇ ਪ੍ਰਭੂ ਨਾਮ ਜਪ ਕੇ ਆਪਣਾ ਮਨ ਵੀ ਪਵਿੱਤ੍ਰ ਕਰ ਲਿਆ ਹੈ। ਜਿਹੜੇ ਗੁਰੂ ਪਿਆਰੇ ਹਮੇਸ਼ਾ ਗੁਰੂ ਦਰਸਾਈ ਕਾਰ ਹੀ ਕਰਦੇ ਹਨ। ਝੂਠ ਦਾ ਸੰਕਲਪ ਮਾਤ੍ਰ ਵੀ ਜਿਨ੍ਹਾਂ ਦੇ ਹਿਰਦੇ ਵਿੱਚ ਫੇਰਾ ਨਹੀਂ ਮਾਰਦਾ। ਜਿਨ੍ਹਾਂ ਦੀਆਂ ਸਾਰੀਆਂ ਵਾਸ਼ਨਾਵਾਂ ਖਤਮ ਹੋ ਗਈਆਂ ਹਨ। ਅਜਿਹੇ ਗੁਰਮੁਖ ਗੁਰੂ ਦੀ ਦ੍ਰਿਸ਼ਟੀ ਵਿੱਚ ਪਵਿਤ੍ਰ ਅਤੇ ਪ੍ਰਵਾਣ ਹਨ। ਆਪ ਸਾਹਿਬਾਂ ਦਾ ਫੁਰਮਾਨ ਹੈ।



**ਜੀਅਹੁ ਨਿਰਮਲ ਬਾਹਰਹੁ ਨਿਰਮਲ ॥**
**ਬਾਹਰਹੁ ਤ ਨਿਰਮਲ ਜੀਅਹੁ ਨਿਰਮਲ**
**ਸਤਿਗੁਰ ਤੇ ਕਰਣੀ ਕਮਾਣੀ ।।**
**ਕੂੜ ਦੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥**
**ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ ॥**
**ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ ॥੨੦॥**

*ਅਨੰਦ ਮ : ੩, ਪੰਨਾ ੯੧੯*

ਗੁਰੂ ਦਰ ਅੰਦਰ ਕਰਣੀ ਵਿਹੂਣਾ ਭੇਖ ਪ੍ਰਵਾਨ ਨਹੀਂ। ਸਗੋਂ ਅਜਿਹੇ ਕਰਣੀ ਵਿਹੂਣੇ ਭੇਖ ਨੂੰ ਗੁਰਬਾਣੀ ਅੰਦਰ ਨਿੰਦਤ ਕੀਤਾ ਹੈ। ਬਾਬਾ ਕਬੀਰ ਜੀ ਦਾ ਬੜਾ ਹੀ ਭਾਵ ਪੂਰਤ ਫੁਰਮਾਨ ਆਸਾ ਰਾਗ ਅੰਦਰ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਹੈ।

**ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ[1] ॥**
**ਗਲੀ ਜਿਨਾ ਜਪਮਾਲੀਆ[2] ਲੋਟੇ ਹਥਿ ਨਿਬਗ[3] ॥**
**ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥੧॥**
**ਐਸੇ ਸੰਤ ਨ ਮੋ ਕਉ ਭਾਵਹਿ ॥[4] ਡਾਲਾ ਸਿਉ ਪੇਡਾ ਗਟਕਾਵਹਿ ॥੧॥ ਰਹਾਉ ॥**
**ਬਾਸਨ[5] ਮਾਂਜਿ ਚਰਾਵਹਿ ਊਪਰਿ ਕਾਠੀ[6] ਧੋਇ ਜਲਾਵਹਿ ॥**
**ਬਸੁਧਾ[7] ਖੋਦਿ ਕਰਹਿ ਦੁਇ ਚੂਲੇ[8] ਸਾਰੇ ਮਾਣਸ[9] ਖਾਵਹਿ ॥੨॥**
**ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ[10] ਕਹਾਵਹਿ ॥**
**ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ[11] ਡੁਬਾਵਹਿ ॥੩॥**

*ਆਸਾ ਮ : ੩, ਪੰਨਾ ੪੭੬*

ਗੁਰੂ ਸਿਖਿਆ ਅਨੁਸਾਰ ਭੁੱਖੇ ਨੂੰ ਪ੍ਰਸਾਦਾ ਦੇਣਾ, ਨੰਗੇ ਨੂੰ ਕੱਪੜੇ ਲੈ ਦੇਣੇ, ਲੋੜਵੰਦ ਦੀ ਗਰਜ ਪੂਰੀ ਕਰਨੀ, ਇਹ ਸਾਰੇ ਪੁੰਨ ਦਾਨ ਦੇ ਕਾਰਜ ਬੜੇ ਚੰਗੇ ਹਨ, ਪਰ ਸਾਰਿਆਂ ਦਾਨਾਂ ਨਾਲੋਂ, ਪ੍ਰਮਾਤਮਾ ਦੇ ਨਾਮ ਨੂੰ ਜਪਣਾ, ਗੁਰੂ ਦੀ ਸਿੱਖਿਆ ਨੂੰ ਸੁਣਨਾ, ਉਪ੍ਰੰਤ ਨਾਮ ਜਪਣ ਅਤੇ ਗੁਰੂ ਸਿਖਿਆ ਉੱਪਰ ਸਭ ਨੂੰ ਚੱਲਣ ਲਈ ਪ੍ਰੇਰਨਾ ਕਰਨ ਦਾ ਦਾਨ ਸਾਰਿਆਂ ਦਾਨਾਂ ਨਾਲੋਂ ਮਹਾਨ ਦਾਨ ਹੈ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਬਾਰਾਮਾਹ ਬਾਣੀ ਅੰਦਰ ਫੁਰਮਾਨ ਹੈ।

---

*੧. ਤਿੰਨ ਤੰਦਾਂ ਵਾਲੇ ਜਨੇਊ ੨. ਮਾਲਾ ੩. ਚਿੱਟੇ ਲਿਛਕਦੇ ੪. ਡਾਲੀਆਂ ਸਮੇਤ ਸਾਰਾ ਹੀ ਤਨਾ ਖਾ ਜਾਣ ਵਾਲੇ ੫. ਬਰਤਨ ਮਾਂਜ ਕੇ ੬. ਲੱਕੜਾਂ ਵੀ ਪਾਣੀ ਨਾਲ ਧੋ ਕੇ ਬਾਲਦੇ ਹਨ ੭. ਧਰਤੀ ੮. ਦੋ ਚੁੱਲ੍ਹੇ ੯. ਸਬੂਤੇ ਬੰਦੇ ਨੂੰ ਹੀ ਖਾ ਜਾਂਦੇ ਹਨ। ੧੦. ਮਾਇਆ ਦੀ ਛੋਹ ਤੋਂ ਰਹਿਤ (ਪਵਿਤ੍ਰ) ੧੧. ਸਾਰੇ ਪ੍ਰਵਾਰ ਨੂੰ ਡੋਬ ਲੈਂਦੇ ਹਨ।*

**ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥** *ਮ : ੫, ਪੰਨਾ ੧੩੫*

ਸਤਿਗੁਰੂ ਜੀ ਦੀ ਦ੍ਰਿਸ਼ਟੀ ਵਿੱਚ ਉਹੋ ਇਲਮ ਉਹੀ ਵਿੱਦਿਆ ਪੜ੍ਹੀ ਪ੍ਰਵਾਨ ਹੈ, ਜਿਸ ਵਿੱਦਿਆ ਨੂੰ ਪੜ੍ਹ ਕੇ, ਜਿਸ ਇਲਮ ਨੂੰ ਪ੍ਰਾਪਤ ਕਰਕੇ, ਕਿਸੇ ਦਾ ਭਲਾ ਕੀਤਾ ਜਾ ਸਕੇ, ਅਤੇ ਮਨੁੱਖ ਸ਼ੁੱਭ ਗੁਣਾਂ ਦਾ ਧਾਰਨੀ ਬਣ ਸਕੇ। ਸਾਹਿਬ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ—

**ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥** *ਮ : ੧, ਪੰਨਾ ੩੫੬*

ਅਜਿਹੀ ਵਿਦਿਆ ਜਿਸ ਨੂੰ ਪੜ੍ਹ ਕੇ, ਹਰਨਾਂ, ਬਾਜਾਂ ਅਤੇ ਗੁਲਾਮਾਂ ਵਾਲੀ ਬਿਰਤੀ ਬਣ ਜਾਵੇ ਅਤੇ ਮਨੁੱਖ ਦੀ ਆਪਣੇ ਹੀ ਜਾਤ ਭਾਈਆਂ ਨੂੰ ਫਸਾਉਣ ਵਾਲੀ ਸੋਚਣੀ ਬਣ ਜਾਵੇ, ਅਜਿਹੀ ਵਿਦਿਆ ਗੁਰੂ ਘਰ ਵਿੱਚ ਪ੍ਰਵਾਣ ਨਹੀਂ। ਸਤਿਗੁਰੂ ਨਾਨਕ ਦੇਵ ਜੀ ਦਾ ਹੀ ਮਲਾਰ ਦੀ ਵਾਰ ਅੰਦਰ ਫੁਰਮਾਨ ਹੈ।

**ਹਰਣਾਂ ਬਾਜਾਂ ਤੈ ਸਿਕਦਾਰਾਂ ਏਨਾ ਪੜਿਆ ਨਾਉ ॥**
**ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ ॥** *ਮ ; ੧, ਪੰਨਾ ੧੨੮੮*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਮਨੁੱਖ ਨੂੰ , ਖਾਣ-ਪੀਣ, ਕੱਪੜੇ ਪਹਿਨਣ, ਸਵਾਰੀ ਕਰਨ ਅਤੇ ਆਰਾਮ ਕਰਨ ਲਈ ਸੇਧ ਪ੍ਰਦਾਨ ਕਰਦਿਆਂ, ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਫੁਰਮਾਨ ਕੀਤਾ ਹੈ, ਕਿ ਹਰ ਮਨੁੱਖ ਨੂੰ ਜੀਭ ਦੇ ਚਸਕਿਆਂ ਦੀ ਪੂਰਤੀ ਲਈ ਹੋਰ ਹੋਰ ਖਾਣ ਦੀ ਲਾਲਸਾ ਦਾ ਤਿਆਗ ਕਰਕੇ ਸੰਜਮੀ, ਸਾਦਾ ਖੁਰਾਕ ਖਾਣੀ ਚਾਹੀਦੀ ਹੈ। ਜੇ ਜੀਭ ਦੇ ਚਸਕਿਆਂ ਅਧੀਨ ਹੋਰ ਖਾ ਕੇ ਭੁੱਖ ਦੀ ਸੀਮਾ ਦਾ ਉਲੰਘਣ ਕਰਾਂਗੇ, ਤਦੋਂ ਸੁੱਖ ਦੀ ਥਾਂ ਦੁੱਖ, ਖੁਆਰੀ ਅਤੇ ਵਿਕਾਰ ਹੀ ਪੱਲੇ ਪੈਣਗੇ। ਲੋੜ ਅਨੁਸਾਰ ਹਰ ਵਸਤੂ ਦੀ ਵਰਤੋਂ ਸੁਖਦਾਈ ਅਤੇ ਲੁੜੀਂਦੀ ਹੈ। ਪਰ ਜਦੋਂ ਕਿਸੇ ਵੀ ਵਸਤੂ ਦੀ ਵਰਤੋਂ ਆਪਣੀ ਸੀਮਾ ਤੋਂ ਵੱਧ ਕੇ ਰਸ ਦਾ ਰੂਪ ਧਾਰਨ ਕਰ ਜਾਂਦੀ ਹੈ, ਤਦੋਂ ਉਹੋ ਵਸਤੂ ਖੁਆਰੀ ਅਤੇ ਦੁੱਖਾਂ ਦੀ ਜਨਮਦਾਤੀ ਬਣ ਜਾਂਦੀ ਹੈ। ਆਪ ਸਾਹਿਬਾਂ ਦਾ ਸ੍ਰੀ ਰਾਗ ਅੰਦਰ ਫੁਰਮਾਨ ਹੈ—

**ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥**
**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ਰਹਾਉ ॥**
**ਬਾਬਾ ਹੋਰ ਪੈਨਣੁ ਖੁਸੀ ਖੁਆਰੁ ॥**
**ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥**
**ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥**
**ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥**
**ਬਾਬਾ ਹੋਰੁ ਸਉਣਾ ਖੁਸੀ ਖੁਆਰ ॥**
**ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥***ਸ੍ਰੀ ਰਾਗ ਮ ੧ ਪੰਨਾ ੧੬*



ਨਾਮ ਦਾ ਰਸ ਮਨੁੱਖ ਨੂੰ ਕਿਉਂ ਨਹੀਂ ਪ੍ਰਾਪਤ ਹੁੰਦਾ ? ਦੇ ਸਵਾਲ ਦਾ ਉੱਤ੍ਰ ਦਿੰਦਿਆਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਸਿਰੀ ਰਾਗ ਅੰਦਰ ਫੁਰਮਾਨ ਕੀਤਾ ਹੈ, ਕਿ ਮਨੁੱਖ ਦਾ ਹਿਰਦਾ ਪਹਿਲਾਂ ਹੀ ਇੰਨੇ ਰਸਾਂ ਨਾਲ ਨੱਕੋ ਨੱਕ ਭਰਿਆ ਹੋਇਆ ਹੈ, ਕਿ ਮਨੁੱਖ ਦੇ ਹਿਰਦੇ ਵਿੱਚ ਨਾਮ ਦਾ ਰਸ ਟਿਕਣ ਵਾਸਤੇ ਭੋਰਾ ਜਿੰਨੀ ਵੀ ਜਗ੍ਹਾ ਨਹੀਂ ਹੈ, ਨਾਮ ਦਾ ਰਸ ਕਿਵੇਂ ਅਤੇ ਕਿੱਥੇ ਟਿਕੇ ? ਸਤਿਗੁਰੂ ਜੀ ਦਾ ਫੁਰਮਾਨ ਪੜ੍ਹੀਏ, ਅਸਲੀਅਤ ਦਾ ਪਤਾ ਚੱਲ ਜਾਵੇਗਾ—

**ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥**
**ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥**
**ਏਤੇ ਰਸੁ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥** *ਮ : ੧, ਪੰਨਾ ੧੫*

ਨਾਮ ਦਾ ਰਸ ਕਿਵੇਂ ਪ੍ਰਾਪਤ ਹੋਵੇ ? ਪ੍ਰਥਾਇ ਅਗਵਾਈ ਕਰਦੇ ਬਾਬਾ ਕਬੀਰ ਜੀ ਫੁਰਮਾਉਂਦੇ ਹਨ, ਕਿ ਜੇ ਮਨੁੱਖ ਨੇ ਨਾਮ ਦਾ ਰਸ ਪ੍ਰਾਪਤ ਕਰਨਾ ਹੈ ਤਾਂ ਪਹਿਲਾਂ ਸਰੀਰ ਦੇ ਵਿਸ਼ੇ-ਵਿਕਾਰੀ ਰਸਾਂ ਦਾ ਤਿਆਗੀ ਬਣੇ। ਸੰਸਾਰੀ ਰਸਾਂ ਕਸਾਂ ਦੇ ਤਿਆਗੀ ਮਨੁੱਖ ਨੂੰ ਨਾਮ ਦਾ ਰਸ ਪ੍ਰਾਪਤ ਹੋ ਜਾਵੇਗਾ। ਜਦੋਂ ਜਗਿਆਸੂ ਨਾਮ ਰਸੀਆ ਬਣ ਗਿਆ, ਫਿਰ ਉਸ ਨੂੰ ਸੰਸਾਰ ਦੇ ਛਿੰਨ ਭੰਗਰੀ ਵਿਸ਼ੇ-ਵਿਕਾਰੀ ਰਸ ਪ੍ਰਭਾਵਤ ਨਹੀਂ ਕਰ ਸਕਦੇ। ਬਾਬਾ ਕਬੀਰ ਜੀ ਦਾ ਬੜਾ ਹੀ ਭਾਵਪੂਰਤ ਬਚਨ ਹੈ—

**ਇਹ ਰਸ ਛਾਡੇ ਉਹ ਰਸੁ ਆਵਾ ॥**
**ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥** *ਕਬੀਰ ਜੀ, ਪੰਨਾ ੩੪੨*

ਪਰਮਾਤਮਾਂ ਦੇ ਘਰ ਵਿੱਚ ਕਿਸ ਨੂੰ ਪਰਵਾਨਗੀ ਮਿਲਦੀ ਹੈ ? ਦੇ ਉੱਤ੍ਰ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ, ਕਿ ਜਿਹੜਾ ਜਗਿਆਸੂ ਅਵਗੁਣਾਂ ਦਾ ਤਿਆਗ ਕਰ , ਸਤ, ਸੰਤੋਖ, ਦਇਆ, ਧਰਮ, ਧੀਰਜ ਆਦਿ ਸ਼ੁਭ ਗੁਣਾਂ ਦਾ ਧਾਰਨੀ ਬਣ ਜਾਂਦਾ ਹੈ, ਉਹ ਪਰਮਾਤਮਾਂ ਦੀ ਦ੍ਰਿਸ਼ਟੀ ਵਿੱਚ ਪਰਵਾਨ ਹੋ ਕੇ ਆਪਣੇ ਜੀਵਨ ਨੂੰ ਸਫਲਾ ਕਰ ਲੈਂਦਾ ਹੈ। ਆਪ ਦਾ ਬਿਲਾਵਲ ਰਾਗ ਅੰਦਰ ਬਚਨ ਹੈ—

**ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥**
**ਸਫਲ ਸੁਹਾਗਣਿ ਨਾਨਕਾ ਆਪੁਨੇ ਪ੍ਰਭ ਭਾਵਉ ॥**

*ਬਿਲਾਵਲ ਮ : ੫, ਪੰਨਾ ੮੧੨*

ਸਿੱਖ ਕੌਣ ਹੈ ਦੇ ਉੱਤ੍ਰ ਵਿੱਚ ਸਤਿਗੁਰੂ ਜੀ ਨੇ ਫੁਰਮਾਨ ਕੀਤਾ ਹੈ ਕਿ ਸਿੱਖ ਉਹ ਹੈ, ਜੋ **"ਸਿਖੀ ਸਿਖਿਆ ਗੁਰ ਵੀਚਾਰਿ"** ਦਾ ਧਾਰਨੀ ਹੈ। ਨਿਰਾ ਸਿੱਖੀ ਦਾ ਲਿਬਾਸ ਧਾਰਨ ਨਾਲ ਕੋਈ ਸਿੱਖ ਨਹੀਂ ਬਣ ਸਕਦਾ। ਧਾਰਮਿਕ ਲਿਬਾਸ ਤਾਂ ਇੱਕ ਵਰਦੀ ਹੈ, ਜੋ ਆਪਣੀ ਥਾਵੇਂ ਜਰੂਰੀ ਅਤੇ ਮਹਾਨ ਹੈ। ਗੁਰੂ ਦਰ ਵਿੱਚ ਤਾਂ ਗੁਰੂ ਦਰਸਾਏ ਅਸੂਲਾਂ ਦੇ ਧਾਰਨੀ ਅਤੇ ਕਰਣੀ ਪ੍ਰਧਾਨਾਂ ਨੂੰ ਹੀ ਮਹਾਨਤਾ ਅਤੇ ਪਰਧਾਨਤਾ

ਮਿਲਦੀ ਹੈ। ਕਰਣੀ ਪ੍ਰਧਾਨ ਬਣਨ ਵਾਸਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਨੂੰ ਪੂਰੇ ਦਿਨ ਰਾਤ ਦਾ ਟਾਈਮ-ਟੇਬਲ ਬਣਾ ਕੇ ਦਿੱਤਾ ਹੈ। ਜਿਹੜਾ ਸਿੱਖ ਹੇਠ ਲਿਖੇ ਅਸੂਲਾਂ ਦਾ ਧਾਰਨੀ ਬਣਦਾ ਹੈ। ਸਤਿਗੁਰੂ ਅਜਿਹੇ ਕਰਣੀ ਪ੍ਰਧਾਨ ਗੁਰ ਸਿੱਖ ਦੀ ਚਰਨ ਧੂੜ ਦੀ ਜਾਚਨਾ ਕਰਕੇ ਸਤਿਕਾਰਦੇ ਹਨ। ਸਤਿਗੁਰੂ ਰਾਮਦਾਸ ਜੀ ਦਾ ਗਉੜੀ ਰਾਗ ਅੰਦਰ ਫੁਰਮਾਨ ਹੈ—

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ[1] ਉਠਿ ਹਰਿ ਨਾਮੁ ਧਿਆਵੈ ॥**
**ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ[2] ਨਾਵੈ ॥**
**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ[3] ਪਾਪ ਦੋਖ ਲਹਿ ਜਾਵੈ ॥**
**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥**
**ਜੋ ਸਾਸਿ ਗਿਰਾਸਿ[4] ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥**
**ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥**
**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ**
**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥** *ਮ : ੪ ਪੰਨਾ : ੩੦੫)*

ਸਤਿਗੁਰੂ ਦੀ ਦ੍ਰਿਸ਼ਟੀ ਅੰਦਰ ਸੰਤ ਅਤੇ ਸਾਧ ਵੀ ਉਹ ਹੀ ਹਨ ਜੋ ਸਵਾਸ ਸਵਾਸ ਪ੍ਰਮਾਤਮਾਂ ਦਾ ਨਾਮ ਜਪਦੇ ਹਨ। ਅਜਿਹੇ ਸੰਤ ਜਨ ਸਤਿਗੁਰੂ ਦੀ ਦ੍ਰਿਸ਼ਟੀ ਅੰਦਰ ਧੰਨਤਾ ਦੇ ਜੋਗ ਹਨ—

**ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤ ॥**
**ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥** *ਮ : ੫, ਪੰਨਾ ੩੧੯*

**ਅਤੇ — ਆਠ ਪਹਰ ਨਿਕਟਿ ਕਰਿ ਜਾਨੈ ॥**
**ਪ੍ਰਭ ਕਾ ਕੀਆ ਮੀਠਾ ਮਾਨੈ ॥**
**ਏਕੁ ਨਾਮੁ ਸੰਤਨ ਆਧਾਰੁ ॥**
**ਹੋਇ ਰਹੇ ਸਭ ਕੀ [5]ਪਗ ਛਾਰੁ ॥੧॥** *ਮ : ੫, ਪੰਨਾ ੩੯੨*

ਜਨ ਦੀ ਪ੍ਰੀਭਾਸ਼ਾ ਹਿੱਤ ਗੁਰਬਾਣੀ ਅੰਦਰ ਸਤਿਗੁਰੂ ਅਰਜਨ ਦੇਵ ਜੀ ਨੇ ਅੰਕਿਤ ਕੀਤਾ ਹੈ ਕਿ ਜਨ ਉਹ ਹੈ, ਜੋ ਸਾਰੀਆਂ ਆਸਾਂ ਛੱਡ ਕੇ ਕੇਵਲ ਇੱਕ ਅਕਾਲ ਪੁਰਖ ਦੀ ਆਸ ਰੱਖਦਾ ਹੈ। ਜੋ ਪਰਮਾਤਮਾਂ ਨੂੰ ਸਰਬਸ਼ਕਤੀ ਮਾਨ ਅਤੇ ਸਭ ਤੋਂ ਵੱਡਾ ਮੰਨ ਕੇ ਕ੍ਰਿਤ ਦੀ ਅਧੀਨਤਾ ਨਹੀਂ ਕਬੂਲਦਾ। ਜਨ ਹਮੇਸ਼ਾਂ ਨਾਮ ਦਾ ਆਤਮਿਕ ਅਹਾਰੀ ਭੋਜਨ ਛੱਕਦਾ ਹੈ। ਜਨ ਹਮੇਸ਼ਾਂ ਆਪਾ ਭਾਵ ਤਿਆਗ ਕੇ ਪਰਮਾਤਮਾਂ ਦੀ ਸ਼ਰਨ ਵਿੱਚ ਹੀ ਰਹਿੰਦਾ ਹੈ। ਜਨ ਦੇ ਗੁਣ ਦਰਸਾਉਂਦਾ ਗੁਰੂ ਵਾਕ ਪੜ੍ਹੀਏ ਸੰਤੁਸ਼ਟਤਾ ਹੋ ਜਾਵੇਗੀ—

*੧. ਅੰਮ੍ਰਿਤ ਵੇਲੇ ੨. ਸਤਸੰਗਤ ਵਿੱਚ ਜਾਵੇ ੩. ਪਾਪ ੪. ਸਵਾਸ ਲੈਂਦਿਆਂ ਅਤੇ ਭੋਜਨ ਛਕਦਿਆਂ ੫. ਪੈਰਾਂ ਦੀ ਧੂੜ*



**ਏਕ ਟੇਕ ਗੋਵਿੰਦ ਕੀ ਤਿਆਗੀ ਅਨ ਆਸ ॥**
**ਸਭ ਊਪਰਿ ਸਮਰਥ ਪ੍ਰਭ ਪੂਰਨ ਗੁਣਤਾਸ ॥੧॥**
**ਜਨ ਕਾ ਨਾਮੁ ਅਧਾਰੁ ਹੈ ਪ੍ਰਭ ਸਰਣੀ ਪਾਹਿ ॥** ਮ ੫, ਪੰਨਾ ੯੧੨

ਬ੍ਰਾਹਮਣ ਕੌਣ ਹੈ ? ਦੇ ਉੱਤ੍ਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਸਲੋਕ ਵਾਰਾਂ ਤੋਂ ਵਧੀਕ ਅੰਦਰ ਫੁਰਮਾਨ ਕਰਦੇ ਹਨ, ਕਿ ਜਿਹੜਾ ਗੁਰਮੁਖ ਪਿਆਰਾ ਸਾਰੀ ਖਲਕਤ ਵਿੱਚ ਪ੍ਰਮਾਤਮਾਂ ਦੀ ਜੋਤ ਵੇਖੇ ਅਤੇ ਕਿਸੇ ਨਾਲ ਵੀ ਵਿਤਕਰਾ ਨਾ ਕਰੇ। ਆਪਨੇ ਇੰਦ੍ਰਿਆਂ ਨੂੰ ਸੰਜਮ (ਕਾਬੂ) ਵਿੱਚ ਰੱਖੇ। ਸਬਰ-ਸੰਤੋਖ ਅਤੇ ਮਿੱਠ ਬੋਲੜੇ ਸੁਭਾਅ ਦਾ ਧਾਰਨੀ ਹੋਵੇ। ਮਾਇਆ ਦੀ ਪਕੜ ਨਾ ਕਰੇ ਅਜਿਹੇ ਗੁਣਾਂ ਦੇ ਧਾਰਨੀ ਨੂੰ ਬ੍ਰਾਹਮਣ ਕਿਹਾ ਜਾਂਦਾ ਹੈ। ਅਜਿਹਾ ਗੁਣ ਭਰਪੂਰੀ ਬ੍ਰਾਹਮਣ ਪੂਜਣ ਯੋਗ ਹੈ—

**ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥ ਜਪੁ ਤਪੁ ਸੰਜਮੁ ਕਮਾਵੈ ਕਰਮੁ ॥**
**ਸੀਲ ਸੰਤੋਖ ਕਾ ਰਖੈ ਧਰਮੁ ॥ ਬੰਧਨ ਤੋੜੈ ਹੋਵੈ ਮੁਕਤੁ ॥**
**ਸੋਈ ਬ੍ਰਹਮਣੁ ਪੂਜਣ ਜੁਗਤੁ ॥** ਮ : ੧, ਪੰਨਾ ੧੪੧੨

ਜਿੱਥੇ ਸਤਿਗੁਰੂ ਜੀ ਨੇ ਸੱਚੇ ਬ੍ਰਾਹਮਣ ਦੇ ਗੁਰਬਾਣੀ ਅੰਦਰ ਗੁਣ ਦਰਸਾਏ ਹਨ, ਉੱਥੇ ਸੱਚਾ ਮੁਸਲਮਾਨ ਬਣਨ ਲਈ ਵੀ ਅਗਵਾਈ ਦਿੱਤੀ ਹੈ, ਕਿ ਸੱਚਾ ਮੁਸਲਮਾਨ ਉਹ ਹੈ ਜੋ ਆਪਨੇ ਨਬੀਆਂ-ਵਲੀਆਂ ਦੇ ਦਰਸਾਏ ਧਰਮ-ਮਾਰਗ ਦੇ ਹੁਕਮਾਂ ਨੂੰ ਮਿੱਠਾ ਕਰਕੇ ਮੰਨੇ। ਜਿਵੇਂ ਰੇਗਮਾਰ ਨਾਲ ਲੋਹੇ ਦਾ ਜੰਗਾਲ ਉਤਾਰ ਕੇ ਲੋਹੇ ਨੂੰ ਸਾਫ ਕਰੀਦਾ ਹੈ, ਤਿਵੇਂ ਅੱਲ੍ਹਾ ਦਾ ਨਾਮ ਜਪ ਕੇ ਆਪਨੇ ਮਨ ਨੂੰ ਸਾਫ-ਪਵਿਤ੍ਰ ਕਰੇ। ਆਪਨੀ ਕਿਰਤ-ਕਮਾਈ ਵਿੱਚੋਂ ਲੋੜਵੰਦਾਂ ਨੂੰ ਲੁਟਾਵੇ ਭਾਵ ਲੋੜਵੰਦਾਂ ਦੀ ਲੋੜ ਪੂਰੀ ਕਰੇ, ਜੰਮਣ-ਮਰਣ ਪਰਮਾਤਮਾਂ ਦੇ ਹੱਥ ਜਾਣ ਕੇ ਮਰਣ ਅਤੇ ਜੀਵਣ ਦੇ ਤੌਖਲੇ ਤੋਂ ਉੱਪਰ ਉੱਠ ਜਾਵੇ। ਅੱਲ੍ਹਾ ਦਾ ਅਨਿਨ ਸੇਵਕ ਬਣ ਕੇ ਪ੍ਰਮਾਤਮਾਂ ਦੀ ਰਜ਼ਾ ਨੂੰ ਖਿੜੇ ਮੱਥੇ ਪ੍ਰਵਾਨ ਕਰੇ। ਕਰਤਾ ਪਰਮਾਤਮਾਂ ਨੂੰ ਮੰਨੇ ਅਤੇ ਆਪਨੀ ਹਉਮੈ ਦਾ ਅਭਾਵ ਕਰ ਦੇਵੇ। ਅਜਿਹੇ ਗੁਣਾਂ ਦਾ ਧਾਰਨੀ ਅਤੇ ਸਾਰੇ ਜੀਵਾਂ ਉੱਪਰ ਦਇਆ ਕਰਨ ਵਾਲਾ ਹੀ ਮੁਸਲਮਾਨ ਕਹਾਉਣ ਦਾ ਹੱਕਦਾਰ ਹੈ। ਆਪ ਹਜ਼ੂਰ ਦਾ ਮਾਝ ਦੀ ਵਾਰ ਅੰਦਰ ਫੁਰਮਾਨ ਹੈ—

**ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥**
**ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥**
**ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥**
**ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥**
**ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥੧॥**
*ਮ : ੧, ਪੰਨਾ ੧੪੧*

ਸਤਿਗੁਰੂ ਦੀ ਦ੍ਰਿਸ਼ਟੀ ਵਿੱਚ ਉਹ ਸੱਜਣ ਨਹੀਂ ਜੋ ਆਪਨੀ ਗਰਜ਼ ਦੀ ਪੂਰਤੀ ਅਤੇ ਖਾਣ-ਪੀਣ ਤੱਕ ਹੀ ਮਿੱਤ੍ਰਤਾ ਨਿਭਾਵੇ। ਸਗੋਂ ਸਤਿਗੁਰੂ ਜੀ ਦੀ ਦ੍ਰਿਸ਼ਟੀਵਾਲਾ ਸੱਜਣ

ਤਾਂ ਇਸ ਸੰਸਾਰ ਵਿੱਚ ਵੀ ਹਰ ਔਖ ਵੇਲੇ ਸਹਾਇਕ ਹੁੰਦਾ ਹੈ ਅਤੇ ਪ੍ਰਲੋਕ ਵਿੱਚ ਵੀ ਜੀਵ-ਆਤਮਾਂ ਪਾਸੋਂ ਹਿਸਾਬ ਕਿਤਾਬ ਲੈਣ ਸਮੇਂ ਆਤਮਾਂ ਦੇ ਨਾਲ ਖੜ ਕੇ ਮੱਦਦਗੀਰ ਹੁੰਦਾ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਸੂਹੀ ਰਾਗ ਅੰਦਰ ਫੁਰਮਾਨ ਹੈ—

**ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍ ॥**
**ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥** *ਸੂਹੀ ਮ : ੧, ਪੰਨਾ ੭੨੯*

ਸਜਣ ਉਹ ਨਹੀਂ ਹੈ, ਜੋ ਸੁੱਖ ਵੇਲੇ ਤਾਂ ਨੇੜੇ ਹੋ ਕੇ ਬੈਠੇ ਅਤੇ ਦੁੱਖ ਵੇਲੇ, ਪਿੱਠ ਫੇਰਨ ਉਪ੍ਰੰਤ ਆਪਣੇ ਹੀ ਸੱਜਣ ਨੂੰ ਗੰਦੇ ਬੋਲ ਬੋਲਣ ਲੱਗ ਜਾਵੇ, ਪਰ ਸੰਸਾਰ ਵਿੱਚ ਆਮ ਮਤਲਬੀ ਸਜਣਾਂ ਦਾ ਵਰਤਾਰਾ ਇਸੇ ਤਰ੍ਹਾਂ ਹੀ ਵਰਤ ਰਿਹਾ ਹੈ। ਸਤਿਗੁਰਾਂ ਦਾ ਫੁਰਮਾਨ ਹੈ।

**ਸੁਖਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ।**
**ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ ॥੧**ਮ:੯, ਪੰਨਾ੬੩੪
**ਅਤੇ**— ਜਿਚਰੁ ਪੈਨਨਿ ਖਾਵਨ੍ਹੇ ਤਿਚਰੁ ਰਖਨਿ ਗੰਢੁ ॥
ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ ॥
*ਮ : ੫, ਪੰਨਾ ੯੫੯*

ਕਿਹੜਾ ਸੱਜਣ ਹੈ ? ਜੋ ਇਸ ਲੋਕ ਵਿੱਚ ਵੀ ਅਤੇ ਪ੍ਰਲੋਕ ਵਿੱਚ ਵੀ ਹਰ ਔਖ-ਸੌਖ ਵਿੱਚ ਸਾਥ ਨਿਭਾਉਂਦਾ ਹੈ, ਉਹ ਸੱਜਣ ਹੈ। ਸਤਿਗੁਰੂ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ।

**ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾ ਦੈ ਸਾਹੁ ॥**
**ਜਿਸੁ ਪਾਸਿ ਬੈਹਿਠਿਆ ਸੋਹੀਐ ਸਭਨਾਂ ਦਾ ਵੇਸਾਹੁ[੧] ॥***(ਸਲੋਕ ਮ : ੫ (੧੪੨੬)*

ਪੂਰੇ ਸਤਿਗੁਰੂ ਦੀ ਪ੍ਰੀਭਾਸ਼ਾ ਵਰਨਣ ਕਰਦਿਆਂ ਗੁਰਬਾਣੀ ਅੰਦਰ ਸ੍ਰੀ ਗੁਰੂ ਰਾਮਦਾਸ ਜੀ ਨੇ ਫੁਰਮਾਨ ਕੀਤਾ ਹੈ, ਕਿ ਜਿਸ ਦੇ ਮਿਲਣ ਨਾਲ ਮਨ ਨੂੰ ਅਨੰਦ ਪ੍ਰਾਪਤ ਹੋ ਜਾਵੇ, ਮਨ ਵਿੱਚੋਂ ਦੁਬਿਧਾ-ਦ੍ਵੈਤ ਦਾ ਨਾਸ਼ ਹੋ ਜਾਵੇ ਅਤੇ ਮਨੁੱਖ ਪਰਮਗਤੀ ਨੂੰ ਪ੍ਰਾਪਤ ਕਰ ਲਵੇ, ਅਜਿਹੇ ਗੁਣਾਂ ਦੇ ਧਾਰਨੀ ਦਾ ਨਾਉਂ ਸਤਿਗੁਰੂ ਕਿਹਾ ਜਾਂਦਾ ਹੈ। ਆਪ ਦਾ ਫੁਰਮਾਨ ਹੈ—

**ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥**
**ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥੧॥**
*ਮ : ੪, ਪੰਨਾ ੧੬੮*

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਚਨਾਂ ਅਨੁਸਾਰ ਜਿਸ ਨੇ ਸਦੀਵੀਂ ਹੋਂਦ ਵਾਲੇ ਪਰਮਾਤਮਾਂ ਨੂੰ ਜਾਣ ਲਿਆ ਹੈ, ਉਸ ਦਾ ਨਾਉਂ ਸਤਿਗੁਰੂ ਹੈ। ਅਜਿਹੇ ਸਤਿਗੁਰੂ ਦੀ ਸਿੱਖਿਆ ਪ੍ਰਾਪਤ ਕਰਕੇ ਸਿੱਖ ਦਾ ਵੀ ਨਿਸਤਾਰਾ ਹੋ ਜਾਂਦਾ ਹੈ। ਆਪ ਜੀ ਦਾ ਸੁਖਮਨੀ ਸਾਹਿਬ ਅੰਦਰ ਫੁਰਮਾਨ ਹੈ—

---

੧. *ਵਿਸ਼ਵਾਸ ਪਾਤਰ, ਆਸਰਾ*



**ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥**
**ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥੧॥**
*ਸੁਖਮਨੀ ਮ : ੫, ਪੰਨਾ ੨੮੬*

ਸਾਡੇ ਜੀਵਾਂ ਦਾ ਆਪਣੇ ਮੂਲ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਣ ਇੱਕੋ ਹੈ, ਉਹ ਹੈ ਮਨੁੱਖ ਦੇ ਕੀਤੇ ਕਰਮ। ਸਤਿਗੁਰੂ ਅਰਜਨ ਦੇਵ ਜੀ ਦਾ ਬਾਰਾਮਾਹ ਅੰਦਰ ਫੁਰਮਾਨ ਹੈ—

**ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥**
*ਮ : ੫, ਪੰਨਾ ੧੩੩*

**ਅਤੇ — ਆਪ ਕਮਾਣੈ ਵਿਛੁੜੀ ਦੋਸੁ ਨ ਕਾਹੂ ਦੇਣ ॥** *ਮ : ੫, ਪੰਨਾ ੧੩੬*

ਹੁਣ ਮਨੁੱਖਾ ਜਨਮ ਦੇ ਵਰਤਮਾਨ ਸਮੇਂ ਅੰਦਰ ਕੋਈ ਮਨੁੱਖ ਗੁਰੂ ਚਾਲੀ ਅਧੀਨ ਚੱਲ ਕੇ ਚੰਗੇ ਕਰਮ ਕਰਕੇ ਪਰਮਾਤਮਾਂ ਦੇ ਨੇੜੇ ਹੋ ਸਕਦਾ ਹੈ, ਪਰ ਕੋਈ ਮਨੁੱਖ ਮਨ ਦੇ ਹੁਕਮ ਅਧੀਨ ਮਾੜੇ ਕਰਮ ਕਰਕੇ ਪਰਮਾਤਮਾ ਤੋਂ ਹੋਰ ਦੂਰ ਭੀ ਹੋ ਸਕਦਾ ਹੈ। ਸਾਹਿਬ ਗੁਰੂ ਨਾਨਕ ਦੇਵ ਜੀ ਦਾ ਜਪੁਜੀ ਸਾਹਿਬ ਅੰਦਰ ਫੁਰਮਾਨ ਹੈ—

**ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥** *ਜਪੁਜੀ, ਪੰਨਾ ੮*

ਪਾਪ ਕਰਮ ਤਾਂ ਸਾਰੇ ਹੀ ਮਾੜੇ ਹਨ, ਪਰ ਕਿਸੇ ਦੇ ਕੀਤੇ ਹੋਏ ਪਰਉਪਕਾਰ ਨੂੰ ਭੁਲਾ ਦੇਣ ਦੇ ਪਾਪ ਨੂੰ ਅਕ੍ਰਿਤਘਣਤਾ ਦਾ ਪਾਪ ਗਿਣਿਆ ਹੈ, ਜੋ ਸਾਰੇ ਪਾਪ ਕਰਮਾਂ ਦਾ ਸ਼੍ਰੋਮਣੀ ਪਾਪ ਹੈ। ਪ੍ਰਮਾਤਮਾਂ ਨੇ ਸਾਡੇ ਉੱਪਰ ਬਹੁਤ ਵੱਡੇ ਪਰਉਪਕਾਰ ਕੀਤੇ ਹਨ, ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ। ਜਿਹੜਾ ਮਨੁੱਖ ਪਰਮਾਤਮਾ ਦੇ ਪਰਉਪਕਾਰਾਂ ਨੂੰ ਭੁੱਲ ਕੇ ਉਸ ਨੂੰ ਕਦੇ ਯਾਦ ਨਹੀਂ ਕਰਦਾ, ਬਾਬਾ ਫਰੀਦ ਜੀ ਦੀ ਦ੍ਰਿਸ਼ਟੀ ਵਿੱਚ ਉਹ ਅਕ੍ਰਿਤਘਣ ਹੈ ਅਤੇ ਉਹ ਧਰਤੀ ਉੱਪਰ ਨਿਰਾ ਬੋਝ ਹੈ—

**ਵਿਸਰਿਆ ਜਿਨੁ ਨਾਮੁ ਤੇ ਭੁਇ ਭਾਰੁ ਥੀਏ ॥** *ਫਰੀਦ ਜੀ, ਪੰਨਾ ੪੮੮*

ਸਤਿਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ ਅਕ੍ਰਿਤਘਣ ਜਿੱਥੇ ਅਧਰਮੀਆਂ ਦੀ ਮੌਤੇ ਮਰਦਾ ਹੈ, ਉੱਥੇ ਉਸ ਦੀ ਆਤਮਾਂ ਨੂੰ ਬਹੁਤ ਹੀ ਡਰਾਉਣੇ ਘੋਰ ਨਰਕਾਂ ਵਿੱਚ ਅਕ੍ਰਿਤਘਣਤਾ ਦੇ ਪਾਪ ਦੀ ਸਜਾ ਭੁਗਤਾਉਣ ਵਾਸਤੇ ਪਾਇਆ ਜਾਂਦਾ ਹੈ। ਗਉੜੀ ਰਾਗ ਅੰਦਰ ਆਪ ਜੀ ਦਾ ਫੁਰਮਾਨ ਹੈ—

**ਨਰਕ ਘੋਰ ਬਹੁ ਦੁਖ ਘਣੇ ਅਕ੍ਰਿਤਘਣਾ ਕਾ ਥਾਨੁ ॥**
**ਤਿਨਿ ਪ੍ਰਭਿ ਮਾਰੇ ਨਾਨਕਾ ਹੋਇ ਹੋਇ ਮੁਏ ਹਰਾਮੁ ॥** *ਮ : ੫, ਪੰਨਾ ੩੧੫*

ਗੁਰਬਾਣੀ ਦੀ ਰੋਸ਼ਨੀ ਵਿੱਚ, ਜੀਵ ਆਤਮਾਂ ਅਤੇ ਪਰਮਾਤਮਾਂ ਦੇ ਵਿੱਚਕਾਰ ਭਰਮ ਦਾ ਪੜਦਾ ਪਾ ਕੇ ਜੀਵਆਤਮਾਂ ਨੂੰ ਪ੍ਰਭੂ ਤੋਂ ਵਿਛੋੜਨ ਵਾਲੇ ਅਤੇ ਸਾਰੀਆਂ ਪ੍ਰੇਸ਼ਾਨੀਆਂ ਦੇ ਮੂਲ, ਇਹ ਪੰਜ ਕਾਮ, ਕ੍ਰੋਧ ਲੋਭ ਮੋਹ ਹੰਕਾਰ ਹੀ ਹਨ। ਸਾਹਿਬ ਗੁਰੂ

ਅਰਜਨ ਦੇਵ ਜੀ ਦਾ ਆਸਾ ਰਾਗ ਅੰਦਰ ਫੁਰਮਾਨ ਹੈ—

**ਪੰਚ ਦੂਤ ਮਿਲਿ ਪਿਰਹੁ ਵਿਛੋੜੀ ॥**

**ਭ੍ਰਮਿ ਭ੍ਰਮਿ ਰੋਵੈ ਹਾਥ ਪਛੋੜੀ ॥੩॥** *ਮ : ੫, ਪੰਨਾ ੩੭੫*

ਇਨ੍ਹਾਂ ਮਾਇਆ ਦੇ ਦੂਤਾਂ ਤੋਂ ਛੁਟਕਾਰਾ ਪਾਉਣ ਦਾ ਰਸਤਾ ਦਰਸਾਉਂਦੇ। ਸ੍ਰੀ ਗੁਰੂ ਅਰਜਨ ਦੇਵ ਜੀ ਫੁਨਹੇ ਬਾਣੀ ਅੰਦਰ ਫੁਰਮਾਨ ਕਰਦੇ ਹਨ, ਕਿ ਜਿਸ ਵੀ ਜੀਵ-ਆਤਮਾਂ ਨੇ ਮਾਇਆ ਦੇ ਪੰਜਾਂ ਦੂਤਾਂ ਤੋਂ ਨਿਜਾਤ ਪ੍ਰਾਪਤ ਕਰਨੀ ਹੋਵੇ, ਪਹਿਲਾਂ ਉਹ ਗੁਰੂ ਸ਼ਰਣ ਨੂੰ ਪ੍ਰਾਪਤ ਕਰੇ। ਫਿਰ ਪੂਰੇ ਗੁਰੂ ਦੇ ਨਾਮ ਦੀ ਕਮਾਈ ਕਰੇ ਅਤੇ ਨਾਲ-ਨਾਲ ਗੁਰੂ ਚਰਨਾਂ ਵਿੱਚ ਅਰਦਾਸ ਅਤੇ ਸਤਸੰਗਤ ਦੀ ਓਟ ਆਸਰਾ ਲਵੇ, ਫਿਰ ਸਹਿਜੇ ਹੀ ਇਨ੍ਹਾਂ ਮਾਇਆ ਦੇ ਪੰਜਾਂ ਦੂਤਾਂ ਤੋਂ ਛੁਟਕਾਰਾ ਪ੍ਰਾਪਤ ਹੋ ਸਕਦਾ ਹੈ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ—

ਤੀਖਣ ਬਾਣ ਚਲਾਇ ਨਾਮੁ ਪ੍ਰਭ ਧ੍ਯ੍ਯਾਈਐ ॥

ਹਰਿਹਾਂ ਮਹਾਂ ਬਿਖਾਦੀ ਘਾਤ ਪੂਰਨ ਗੁਰੁ ਪਾਈਐ ॥੧੯॥

**ਫੁਨਹੇ ਮ : ੫, ਪੰਨਾ ੧੩੬੩**

ਗੁਰਬਾਣੀ ਅੰਦਰ ਸਾਰੇ ਨਸ਼ਿਆ ਦੀ ਬੜੇ ਜੋਰਦਾਰ ਸ਼ਬਦਾਂ ਵਿੱਚ ਮਨਾਹੀ ਕੀਤੀ ਹੈ। ਬਾਬਾ ਕਬੀਰ ਜੀ ਦਾ ਫੁਰਮਾਨ ਹੈ, ਕਿ ਭੰਗ, ਮੱਛੀ, ਸ਼ਰਾਬ ਆਦਿ ਨਸ਼ੇ ਨਿਰਾ ਸਰੀਰ ਦੀ ਹੀ ਬਰਬਾਦੀ ਨਹੀਂ ਕਰਦੇ, ਸਗੋਂ ਮਨੁੱਖ ਦੇ ਸਾਰੇ ਧਾਰਮਿਕ ਕਰਮਾਂ ਦੇ ਵੀ ਨਾਸ਼ਕ ਬਣ ਕੇ ਨਸ਼ਈ ਦਾ ਲੋਕ ਪ੍ਰਲੋਕ ਬਰਬਾਦ ਕਰ ਦਿੰਦੇ ਹਨ। ਆਪ ਦਾ ਬੜਾ ਭਾਵ ਪੂਰਤ ਬਚਨ ਸਲੋਕਾਂ ਅੰਦਰ ਦਰਜ ਹੈ—

**ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥**

**ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥**

*ਕਬੀਰ ਜੀ, ਪੰਨਾ ੧੩੭੭*

ਸਤਿਗੁਰੂ ਅਮਰਦਾਸ ਜੀ ਨੇ ਬਿਹਾਗੜੇ ਦੀ ਵਾਰ ਅੰਦਰ ਨਸ਼ਿਆਂ ਨੂੰ ਵਰਤਣ ਤੋਂ ਮਨਾਹੀ ਕਰਦਿਆ ਫੁਰਮਾਨ ਕੀਤਾ ਹੈ, ਕਿ ਸ਼ਰਾਬ ਆਦਿ ਨਸ਼ੇ ਜਿਨ੍ਹਾਂ ਦੇ ਵਰਤਣ ਨਾਲ, ਮਨੁੱਖ ਦੀ ਮੱਤ ਮਾਰੀ ਜਾਂਦੀ ਹੈ। ਆਪਣੇ ਅਤੇ ਪਰਾਏ ਦੀ ਸੂਝ ਖੱਤਮ ਹੋ ਜਾਂਦੀ ਹੈ। ਮਨੁੱਖ ਵਿਕਾਰਾਂ ਵਿੱਚ ਗੁੱਸ ਕੇ ਇਸ ਲੋਕ ਵਿੱਚ ਵੀ ਦਰ ਦਰ ਧੱਕੇ ਖਾਂਦਾ ਹੈ ਅਤੇ ਨਸ਼ਈ ਮਨੁੱਖ ਨੂੰ ਪ੍ਰਲੋਕ ਅੰਦਰ ਵੀ ਬਿਖਮ ਸਜਾਵਾਂ ਭੁਗਤਣੀਆਂ ਪੈਂਦੀਆਂ ਹਨ। ਅਜਿਹੇ ਲੋਕ ਪ੍ਰਲੋਕ ਦਾ ਵਿਗਾੜ ਕਰਨ ਵਾਲੇ ਨਸ਼ਿਆਂ ਦਾ ਸੇਵਨ ਭੁੱਲ ਕੇ ਵੀ ਨਹੀਂ ਕਰਨਾ ਚਾਹੀਦਾ। ਆਪ ਦਾ ਫੁਰਮਾਨ ਹੈ—

**ਜਿਤੁ ਪੀਤੈ ਮਤਿ ਦੂਰਿ ਹੋਇ ਬਰਲ ਪਵੈ ਵਿਚਿ ਆਇ ॥**

**ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥**

**ਜਿਤੁ ਪੀਤੈ ਖਸਮ ਵਿਸਰੈ ਦਰਗਹ ਮਿਲੈ ਸਜਾਇ ॥**



**ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥**

*ਮ : ੩, ਪੰਨਾ ੫੫੪*

ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਅਨੁਸਾਰ ਸੰਸਾਰ ਵਿੱਚ ਕੋਈ ਮਾਇਆ ਦਾ ਤਿਆਗ ਕਰਦਾ ਹੈ। ਕੋਈ ਘਰ-ਬਾਰ ਅਤੇ ਟੱਬਰ ਦਾ ਤਿਆਗ ਕਰਦਾ ਹੈ। ਕੋਈ ਬੋਲਣ ਦਾ ਤਿਆਗ ਕਰਕੇ ਮੋਨੀ ਹੋਣ ਦਾ ਹੰਕਾਰ ਕਰਦਾ ਹੈ। ਕੋਈ ਕੱਪੜਿਆਂ ਦਾ ਤਿਆਗੀ ਬਣ ਕੇ ਨਗਨ ਰਹਿ ਕੇ ਆਪਣੇ ਆਪ ਨੂੰ ਸੰਸਾਰ ਵਿੱਚ ਤਿਆਗੀ ਪ੍ਰਸਿੱਧ ਕਰਨ ਲਈ ਯਤਨ ਕਰਦਾ ਹੈ। ਸਤਿਗੁਰੂ ਦੀ ਦ੍ਰਿਸ਼ਟੀ ਵਿੱਚ ਇਨ੍ਹਾਂ ਸਥੂਲ ਚੀਜਾਂ ਦਾ ਤਿਆਗ ਕੋਈ ਮਹਾਨ ਨਹੀਂ। ਸਤਿਗੁਰੂ ਦੀ ਦ੍ਰਿਸ਼ਟੀ ਵਿੱਚ ਤਿਆਗਣ ਵਾਲੀਆਂ ਚੀਜਾਂ ਹਨ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਜੋ ਇਨ੍ਹਾਂ ਦਾ ਤਿਆਗੀ ਬਣ ਜਾਂਦਾ ਹੈ, ਗੁਰੂ ਦੀ ਦ੍ਰਿਸ਼ਟੀ ਅੰਦਰ ਅਜਿਹਾ ਤਿਆਗੀ ਬਹੁਤ ਚੰਗਾ ਅਤੇ ਮਹਾਨ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਮਾਰੂ ਰਾਗ ਵਿੱਚ ਫੁਰਮਾਨ ਹੈ—

**ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ।**

*ਮਾਰੂ ਮ : ੫, ਪੰਨਾ ੧੦੧੮*

ਸਥੂਲ ਮਾਇਆ ਅਤੇ ਸਥੂਲ ਸੰਸਾਰ ਦੇ ਤਿਆਗਣ ਪ੍ਰਤੀ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ, ਕਿ ਕੋਈ ਮਨੁੱਖ ਸੰਸਾਰ ਦੇ ਸੁੱਖ ਆਰਾਮ, ਪ੍ਰਵਾਰ, ਮਾਇਆ ਦਾ ਤਿਆਗ ਕਰਕੇ ਆਪਣਾ ਦੇਸ਼ ਛੱਡ ਕੇ ਪ੍ਰਦੇਸ਼ ਵਿੱਚ ਵੀ ਚਲਾ ਜਾਵੇ ਉਹ ਕੋਈ ਮਹਾਨ ਨਹੀਂ ਕਿਉਂਕਿ ਉਹ ਕਾਮ ਕ੍ਰੋਧ, ਲੋਭ, ਮੋਹ, ਹੰਕਾਰ ਜੋ ਤਿਆਗਣ ਵਾਲੇ ਹਨ ਉਨ੍ਹਾਂ ਦਾ ਤਿਆਗ ਨਹੀਂ ਕਰ ਸਕਿਆ। ਇਨ੍ਹਾਂ ਪੰਜਾਂ ਨੂੰ ਮਨੁੱਖ ਜੰਗਲਾਂ ਵਿੱਚ ਵੀ ਅਤੇ ਵਿਦੇਸ਼ਾਂ ਵਿੱਚ ਵੀ ਨਾਲ ਹੀ ਲਈ ਫਿਰਦਾ ਹੈ। ਆਪ ਜੀ ਦਾ ਬੜਾ ਪਿਆਰਾ ਫੁਰਮਾਨ ਪ੍ਰਭਾਤੀ ਰਾਗ ਅੰਦਰ ਦਰਜ ਹੈ—

**ਦੇਸੁ ਛੋਡਿ ਪਰਦੇਸਹਿ ਧਾਇਆ ॥ ਪੰਚ ਚੰਡਾਲ ਨਾਲੇ ਲੈ ਆਇਆ ॥**

*ਮ : ੫ (ਪੰਨਾ ੧੩੪੮)*

ਬਾਬਾ ਕਬੀਰ ਜੀ ਦੇ ਫੁਰਮਾਨ ਅਨੁਸਾਰ ਵੀ ਮਾਇਆ ਦਾ ਤਿਆਗ ਕੋਈ ਬਹੁਤੀ ਮਹਾਨਤਾ ਨਹੀਂ ਰੱਖਦਾ, ਕਿਉਂ ਕਿ ਸਥੂਲ ਚੀਜ਼ ਨੂੰ ਮਨੁੱਖ ਹੱਠ ਕਰਕੇ ਤਿਆਗ ਸਕਦਾ ਹੈ। ਤਿਆਗਣ ਵਾਲਾ ਹੈ ਹੰਕਾਰ, ਜੋ ਤਿਆਗਿਆ ਨਹੀਂ ਜਾਂਦਾ। ਆਪ ਜੀ ਦਾ ਬੜਾ ਭਾਵ ਪੂਰਤ ਸਿੱਖਿਆ ਵਾਲਾ ਬਚਨ ਹੈ—

**ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ।**

**ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥੧੫੬॥**

*ਸਲੋਕ ਕਬੀਰ ਜੀ ਪੰਨਾ ੧੩੭੨*

ਜਿਹੜਾ ਮਨੁੱਖ ਹੰਕਾਰ ਦਾ ਤਿਆਗੀ ਬਣ ਜਾਂਦਾ ਹੈ। ਉਸ ਦੇ ਅੰਦਰੋਂ ਪਰਮਾਤਮਾਂ ਅਤੇ ਜੀਵ ਆਤਮਾਂ ਵਿੱਚ ਵਿੱਥ ਪਾਉਣ ਵਾਲੀ ਦੀਵਾਰ ਖੱਤਮ ਹੋ ਜਾਂਦੀ ਹੈ।

ਹਉਮੈ-ਖੱਤਮ ਹੁੰਦੇ ਸਾਰ ਜੀਵ ਆਤਮਾਂ ਪਰਮਾਤਮਾਂ ਵਿੱਚ ਸਮਾ ਜਾਂਦੀ ਹੈ। ਸਾਹਿਬ ਗੁਰੂ ਨਾਨਕ ਦੇਵ ਜੀ ਦਾ ਸੂਹੀ ਰਾਗ ਅੰਦਰ ਫੁਰਮਾਨ ਹੈ।

**ਹਉਮੈ ਜਾਈ ਤਾ ਕੰਤ ਸਮਾਈ।** *ਮ : ੧, ਪੰਨਾ ੭੫੦*

**ਅਤੇ — ਹਉਮੈ ਜਾਇ ਪਰਮ ਪਦੁ ਪਾਈਐ॥** *ਮ : ੧, ਪੰਨਾ ੨੨੬*

ਗੁਰਬਾਣੀ ਅੰਦਰ ਸਤਿਗੁਰੂ ਜੀ ਨੇ ਜੀਵਨ ਜਿਊਣ ਦੇ ਦੋ ਰਸਤੇ ਦਰਸਾਏ, ਇੱਕ ਰਸਤਾ ਹੈ, ਗੁਰੂ ਚਾਲੀ ਦਾ ਦੂਸਰਾ ਰਸਤਾ ਹੈ, ਮਨ ਚਾਲੀ ਦਾ, ਜਿਹੜਾ ਮਨੁੱਖ ਗੁਰੂ ਚਾਲੀ ਦਾ ਧਾਰਨੀ ਬਣ ਜਾਂਦਾ ਹੈ, ਗੁਰੂਚਾਲੀ ਉੱਪਰ ਚੱਲਣ ਸਦਕਾ ਸਤਿਗੁਰੂ ਉਸ ਉੱਪਰ ਪ੍ਰਸੰਨ ਹੋ ਕੇ ਉਸ ਨੂੰ ਆਪਣਾ ਸਿੱਖ, ਆਪਣਾ ਸਕਾ ਭਰਾ, ਆਪਣਾ ਨਜ਼ਦੀਕੀ ਰਿਸ਼ਤੇਦਾਰ ਬਣਾ ਕੇ ਉਸ ਨੂੰ ਲੋਕ ਪ੍ਰਲੋਕ ਦੇ ਸੁੱਖ ਬਖਸ਼ਿਸ਼ ਕਰ ਦਿੰਦੇ ਹਨ। ਸਤਿਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ।

**ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥**

*ਮ : ੩, ਪੰਨਾ ੬੦੧*

ਜਿਹੜਾ ਮਨੁੱਖ ਆਪਣੇ ਮਨ ਦੀ ਨਿਰਧਾਰਿਤ ਕੀਤੀ ਚਾਲੀ ਅਨੁਸਾਰ ਆਪਣਾ ਜੀਵਨ ਚਲਾਉਂਦਾ ਹੈ, ਉਸ ਮਨੁੱਖ ਦਾ ਗੁਰੂ ਨਾਲੋਂ ਵਿਛੋੜਾ ਪੈ ਜਾਂਦਾ ਹੈ, ਅਤੇ ਉਹ ਹਮੇਸ਼ਾ ਦੁਖਾਂ ਦੀਆਂ ਚੋਟਾਂ ਹੀ ਖਾਂਦਾ ਹੈ। ਸਾਹਿਬਾਂ ਦਾ ਫੁਰਮਾਨ ਹੈ।

**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥** *ਮ : ੩, ਪੰਨਾ ੬੦੨*

ਸਾਡੇ ਸੁੱਖ ਅਤੇ ਸਾਡੇ ਭਲੇ ਵਾਸਤੇ ਹੀ ਸਤਿਗੁਰੂ ਜੀ ਨੇ ਗੁਰਬਾਣੀ ਅੰਦਰ ਬਾਰ-ਬਾਰ ਤਾਕੀਦ ਕੀਤੀ ਹੈ, ਕਿ ਹੇ ਗੁਰਸਿੱਖੋ ! ਤੁਸੀਂ ਗੁਰੂ ਚਾਲੀ ਉੱਪਰ ਹੀ ਚੱਲੋ, ਭੁੱਲ ਕੇ ਵੀ ਮਨ-ਚਾਲੀ ਦੇ ਧਾਰਨੀ ਨ ਬਣੋ। ਜੋ ਚਾਲੀ ਗੁਰੂ ਨੇ ਤੁਹਾਨੂੰ ਪ੍ਰਦਾਨ ਕੀਤੀ ਹੈ, ਉਸ ਅਨੁਸਾਰ ਚੱਲਣ ਵਿੱਚ ਹੀ ਤੁਹਾਡਾ ਭਲਾ ਹੈ। ਸਤਿਗੁਰੂ ਰਾਮਦਾਸ ਜੀ ਦਾ ਧਨਾਸਰੀ ਰਾਗ ਅੰਦਰ ਫੁਰਮਾਨ ਹੈ।

**ਗੁਰਸਿਖ ਮੀਤ ਚਲਹੁ ਗੁਰ ਚਾਲੀ॥**
**ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥੧॥ ਰਹਾਉ॥**

*ਮ : ੪, ਪੰਨਾ ੬੬੭*

ਗੁਰਬਾਣੀ ਅਨੁਸਾਰ ਸੰਸਾਰ ਅੰਦਰ ਜਿੰਨਾਂ ਵੀ ਦੁੱਖ ਕਲੇਸ਼ ਹੈ, ਉਹ ਸਾਰਾ ਪਰਮਾਤਮਾਂ ਦੇ ਵਰਤ ਰਹੇ ਹੁਕਮ ਨੂੰ ਨਾ ਜਾਨਣ ਸਦਕਾ ਹੀ ਹੈ। ਜਿਸ ਵੇਲੇ ਗੁਰੂ ਮਿਹਰ ਨਾਲ ਇਹ ਸੋਝੀ ਹੋ ਜਾਂਦੀ ਹੈ ਕਿ **"ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ"** ਫਿਰ ਸਾਰੇ ਦੁੱਖ ਖਤਮ ਹੋ ਜਾਂਦੇ ਹਨ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਆਸਾ ਰਾਗ ਅੰਦਰ ਫੁਰਮਾਨ ਹੈ—



**ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ॥**
**ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ॥**

*ਆਸਾ ਮ : ੫ ਪੰਨਾ ੪੦੦*

ਇਸ ਹੁਕਮ ਦੀ ਸੋਝੀ ਪ੍ਰਾਪਤ ਕਰਨ ਵਾਸਤੇ ਜੇ ਜਗਿਆਸੂ ਗੁਰੂ ਦੇ ਹੁਕਮ ਦੀ ਕਮਾਈ ਕਰ ਲਵੇ ਤਾਂ ਸਾਰਾ ਝਮੇਲਾ ਹੀ ਖਤਮ ਹੋ ਜਾਂਦਾ ਹੈ। ਗੁਰੂ ਦੇ ਜਗਿਆਸੂ ਪ੍ਰਤੀ ਕੋਈ ਬਹੁਤੇ ਹੁਕਮ ਨਹੀਂ ਹਨ। ਸਤਿਗੁਰੂ ਦਾ ਕੇਵਲ ਅਤੇ ਕੇਵਲ ਇੱਕ ਹੁਕਮ ਹੀ ਹੈ, ਉਹ ਹੁਕਮ ਹੈ ਪ੍ਰਮਾਤਮਾਂ ਦੇ ਨਾਮ ਜਪਣ ਦਾ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿਰੀ ਰਾਗ ਅੰਦਰ ਫੁਰਮਾਨ ਹੈ—

**ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥**

*ਮ : ੧, ਪੰਨਾ ੭੨*

ਜਿਹੜਾ ਜਗਿਆਸੂ ਸਤਿਗੁਰੂ ਦੇ ਇਸ ਹੁਕਮ ਦੀ ਕਮਾਈ ਕਰ ਲੈਂਦਾ ਹੈ, ਉਹ ਸਤਿਗੁਰੂ ਦੀ ਦ੍ਰਿਸ਼ਟੀ ਵਿੱਚ ਪ੍ਰਵਾਣ ਚੜ੍ਹ ਕੇ ਪਰਮਾਤਮਾਂ ਦੇ ਦਰ ਵਿੱਚ ਪ੍ਰਵਾਣ ਹੋ ਜਾਂਦਾ ਹੈ। ਸਾਹਿਬ ਗੁਰੂ ਅਮਰਦਾਸ ਜੀ ਦਾ ਬਸੰਤ ਰਾਗ ਅੰਦਰ ਫੁਰਮਾਨ ਹੈ—

**ਹੁਕਮੁ ਮੰਨੇ ਸੋ ਜਨੁ ਪਰਵਾਣੁ॥**
**ਗੁਰ ਕੈ ਸਬਦਿ ਨਾਮਿ ਨੀਸਾਣੁ॥** *ਬਸੰਤ ਮ : ੩, ਪੰਨਾ ੧੧੭੫*

ਸਤਿਗੁਰੂ ਨਾਨਕ ਦੇਵ ਜੀ ਦਾ ਆਸਾ ਰਾਗ ਅੰਦਰ ਬਚਨ ਹੈ।

**ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥**

*ਆਸਾ ਮ : ੧, ਪੰਨਾ ੪੧੨*

ਗੁਰਬਾਣੀ ਅਨੁਸਾਰ ਹੁਕਮ ਮੰਨਣਾ ਸਭ ਤੋਂ ਕਠਿਨ ਹੈ, ਇਸੇ ਕਰਕੇ ਹੀ ਸ੍ਰੀ ਗੁਰੂ ਅਮਰਦਾਸ ਜੀ ਨੇ ਆਸਾ ਰਾਗ ਅੰਦਰ ਫੁਰਮਾਨ ਕੀਤਾ ਹੈ।

**ਹੁਕਮੁ ਤੇਰਾ ਖਰਾ ਭਾਰਾ ਗੁਰਮੁਖਿ ਕਿਸੈ ਬੁਝਾਏ॥**

*ਆਸਾ ਮ : ੩, ਪੰਨਾ ੪੪੨*

ਹੁਕਮ ਆਪਣੀ ਹਉਮੈ ਨੂੰ ਮਾਰ ਕੇ, ਆਪਣੀ ਹਸਤੀ ਨੂੰ ਮਿਟਾ ਕੇ ਮੰਨਿਆ ਜਾ ਸਕਦਾ ਹੈ। ਜੋ ਆਪਣੀ ਹੋਂਦ ਹਸਤੀ ਨੂੰ ਮਿਟਾ ਕੇ ਗੁਰੂ ਹੁਕਮ ਦੀ ਕਮਾਈ ਕਰ ਲੈਂਦਾ ਹੈ, ਸਤਿਗੁਰੂ ਉਸ ਨੂੰ ਸਦੀਵੀਂ ਬੰਧਨ ਮੁਕਤ, ਅਨੰਦਤ ਜੀਵਨ ਦੀ ਦਾਤ ਪ੍ਰਦਾਨ ਕਰ ਦਿੰਦੇ ਹਨ। ਬਾਬਾ ਕਬੀਰ ਜੀ ਅਤੇ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ।

**ਜੀਵਤ ਮਰਹੁ ਮਰਹੁ ਫੁਨਿ ਜੀਵਹੁ ਪੁਨਰਪਿ ਜਨਮੁ ਨ ਹੋਈ॥**

*ਮਾਰੂ ਕਬੀਰ ਜੀ, ਪੰਨਾ ੧੧੦੩*

ਅਤੇ — **ਜੀਵਤੁ ਮਰੈ ਮਰੈ ਫੁਨਿ ਜੀਵੈ ਤਾਂ ਮੋਖੰਤਰੁ ਪਾਏ ॥**

*ਬਿਹਾਗੜਾ ਮ : ੩, ਪੰਨਾ ੫੫੦*

[੧] **ਜੀਵਤ ਜੋ ਮਰੈ ਹਾਂ ॥ ਦੁਤਰੁ ਸੋ ਤਰੈ ਹਾਂ ॥**

*ਆਸਾਵਰੀ ਮ : ੫, ਪੰਨਾ ੪੧੦*

ਗੁਰਬਾਣੀ ਦੀ ਰੋਸ਼ਨੀ ਅੰਦਰ ਜਿੰਨਾਂ ਚਿਰ ਮਨੁੱਖ ਹੁਕਮ ਰਜਾਈ ਨਹੀਂ ਚੱਲਦਾ ਉਨ੍ਹਾਂ ਚਿਰ ਮਨੁੱਖ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਨਹੀਂ ਹੋ ਸਕਦੀ, ਜਿਨ੍ਹਾਂ ਚਿਰ ਮਨੁੱਖ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਨਹੀਂ ਹੁੰਦੀ ਉਨਾਂ ਚਿਰ ਜੀਵ ਆਤਮਾ ਦੀ ਪ੍ਰਭੂ ਵਿੱਚ ਸਮਾਈ ਅਸੰਭਵ ਹੈ।

ਇਸ ਲਈ ਜਗਿਆਸੂ ਨੇ ਗੁਰਪ੍ਰਸਾਦਿ ਦੀ ਪ੍ਰਾਪਤੀ ਵਾਸਤੇ ਸ਼ੁਭ ਕਰਮ ਵੀ ਕਰਨੇ ਹਨ। ਗੁਰੂ ਦੀ ਚਾਲੀ ਉੱਪਰ ਵੀ ਚੱਲਣਾ ਹੈ। ਸਾਰੇ ਸ਼ੁੱਭ ਕਰਮ ਕਰਕੇ, ਗੁਰੂ ਚਾਲੀ ਦੇ ਧਾਰਨੀ ਬਣ ਕੇ, ਮਨ ਵਿੱਚ ਹੰਕਾਰ ਨਹੀਂ ਕਰਨਾ, ਸਗੋਂ ਗੁਰੂ ਚਰਨਾਂ ਵਿੱਚ ਨਿਮ੍ਰਤਾ ਅਧੀਨ ਪੁਕਾਰਨਾ ਹੈ ਦਾਤਾ !

**ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥**

**ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥**

**ਕਹੁ ਨਾਨਕ ਹਮ ਨੀਚ ਕਰੰਮਾ ॥**

**ਸਰਣਿ ਪਰੇ ਕੀ ਰਾਖਹੁ ਸਰਮਾ ॥** *ਆਸਾ ਮ : ੫, (ਪੰਨਾ ੧੨)*

ਗੁਰਬਾਣੀ ਸਿੱਖਿਆ ਅਨੁਸਾਰ ਸ਼ੁਭ ਕਰਮਾਂ ਦਾ ਹੰਕਾਰ, ਨਾਮ ਜਪਣ ਦਾ, ਗੁਰੂ ਚਾਲੀ ਅਨੁਸਾਰ ਚੱਲਣ ਦਾ ਹੰਕਾਰ ਵੀ ਗੁਰੁ ਪ੍ਰਸਾਦਿ ਤੋਂ ਜਗਿਆਸੂ ਨੂੰ ਇਸ ਤਰ੍ਹਾਂ ਵੰਚਤ ਕਰ ਦਿੰਦਾ ਹੈ, ਜਿਵੇਂ ਬਾਰਸ਼ ਪੈਂਦੀ ਤੇ ਉੱਚੇ ਟਿੱਬੇ ਪਾਣੀ ਤੋਂ ਸੱਖਣੇ (ਖਾਲੀ) ਰਹਿ ਜਾਂਦੇ ਹਨ, ਪਾਣੀ ਹਮੇਸ਼ਾ ਨੀਮਾਣਾ ਵਿੱਚ ਆ ਕੇ ਟਿਕਦਾ ਹੈ। ਬਾਬਾ ਫਰੀਦ ਜੀ ਦਾ ਸਲੋਕਾਂ ਅੰਦਰ ਬੜਾ ਪਿਆਰਾ ਫੁਰਮਾਨ ਹੈ।

**ਫਰੀਦਾ ਗਰਬੁ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ ॥**

**ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥***ਸਲੋਕ ਫਰੀਦ ਜੀ, ਪੰਨਾ ੧੩੮੩*

ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਫੁਰਮਾਨ ਅਨੁਸਾਰ ਹੰਕਾਰ ਮਨੁੱਖ ਦੇ ਧਾਰਮਿਕ ਕਰਮ ਨੂੰ ਵੀ [੨]ਕੁੰਚਰ ਇਸ਼ਨਾਨ ਬਣਾ ਦਿੰਦਾ ਹੈ। ਸਤਿਗੁਰੂ ਜੀ ਦਾ

---

*੧. ਜੋ ਆਪਣੀ ਹਉਮੈ ਨੂੰ ਮਾਰ ਕੇ ਜੀਵਤ ਭਾਅ ਤੋਂ ਅਭਾਵ ਹੋ ਜਾਂਦਾ ਹੈ, ਉਹ ਸੁਖੈਨ ਹੀ ਸੰਸਾਰ ਭਵਜਲ ਚੋਂ ਪਾਰ ਉੱਤਰ ਜਾਂਦਾ ਹੈ।*

*੨. ਜਿਵੇਂ ਹਾਥੀ ਨੂੰ ਇਸ਼ਨਾਨ ਕਰਵਾ ਕੇ ਸਾਫ ਸੁਥਰਾ ਕਰ ਦੇਵੀਏ ਉਹ ਮੁੜ ਦੁਬਾਰਾ ਗਾਰੇ ਦਾ ਸੁੰਡ ਭਰ ਕੇ ਉੱਪਰ ਸੁੱਟ ਲੈਂਦਾ ਹੈ। ਉਸ ਦਾ ਇਸ਼ਨਾਨ ਕਰਵਾਉਣਾ ਨਾ ਕਰਵਾਉਣ ਦੇ ਬਰਾਬਰ ਹੋ ਜਾਂਦਾ ਹੈ।*



ਫੁਰਮਾਨ ਪੜ੍ਹੀਏ ਹੰਕਾਰ ਪ੍ਰਤੀ ਸੋਝੀ ਪੈ ਜਾਵੇਗੀ। ਆਪ ਜੀ ਦਾ ਫੁਰਮਾਨ ਹੈ—

**ਤੀਰਥ ਬਰਤ ਅਰ ਦਾਨ ਕਰਿ ਮਨ ਮੈ ਧਰੈ ਗੁਮਾਨੁ ॥**

**ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬ ॥**

*ਸਲੋਕ ਮ : ੯, ਪੰਨਾ ੧੪੨੮*

ਮਨੁੱਖ ਦਾ ਜੀਵਨ ਬਹੁਤ ਛੋਟਾ ਹੈ। ਪਰਮਾਤਮਾ ਨੇ ਇਸ ਦੇ ਜਿੰਮੇ ਕਾਰਜ ਬਹੁਤ ਵੱਡਾ ਲਾਇਆ ਹੈ। ਪਰ ਮਨੁੱਖ ਗਫਲਤ ਦੀ ਨੀਂਦ ਵਿੱਚ ਘੂਕ ਸੁੱਤਾ ਪਿਆ ਹੈ। ਗਫਲਤ ਦੀ ਨੀਂਦ ਨੇ ਮਨੁੱਖ ਨੂੰ ਆਪਣਾ ਅੰਤ ਭੁਲਾ ਦਿੱਤਾ ਹੈ। ਸਤਿਗੁਰੂ ਬਾਰ-ਬਾਰ ਗੁਰਬਾਣੀ ਅੰਦਰ ਅਸਲੀਅਤ ਦਰਸਾ ਕੇ **"ਜਾਕਉ ਆਏ ਸੋਈ ਬਿਹਾਝਹੁ"** ਦੀ ਕਾਰ ਕਰਨ ਲਈ ਸੁਚੇਤ ਕਰਦੇ ਫੁਰਮਾਨ ਕਰਦੇ ਹਨ।

**ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥**

**ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥੧ ॥ ਰਹਾਉ ॥**

**ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ ॥**

**ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ ॥੧ ॥**

**ਜੀਵਤ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ ॥**

**ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ ॥**

*ਤਿਲੰਗ ਮ : ੯, ਪੰਨਾ ੭੨੭*

ਸਤਿਗੁਰੂ ਦੀ ਦ੍ਰਿਸ਼ਟੀ ਵਿੱਚ ਮਨੁੱਖ ਮਾਇਆ ਪ੍ਰਾਪਤੀ ਦੇ ਸਾਰੇ ਕੰਮ ਬੜੇ ਉੱਦਮ ਨਾਲ ਕਰਦਾ ਹੈ, ਪਰ ਲੋਕ-ਪ੍ਰਲੋਕ ਵਿੱਚ ਕੰਮ ਆਉਣ ਵਾਲਾ ਕਾਰਜ ਨਹੀਂ ਕਰਦਾ। ਜੇ ਕਿਤੇ ਮਨੁੱਖ ਉਸ ਕੰਮ ਨੂੰ ਕਰ ਲਵੇ ਫਿਰ ਇਸ ਦਾ ਲੋਕ ਸੁਖੀ ਪ੍ਰਲੋਕ ਸੁਹੇਲਾ ਹੋ ਸਕਦਾ ਹੈ। ਅਜਿਹਾ ਲੋਕ-ਪ੍ਰਲੋਕ ਵਿੱਚ ਕੰਮ ਆਉਣ ਵਾਲਾ ਕਾਰਜ ਕੋਈ ਵਿਰਲਾ ਭਾਗਾਂ ਵਾਲਾ ਹੀ ਕਰਦਾ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਅਸਲੀਅਤ ਦਰਸਾਉਂਦਾ ਫੁਰਮਾਨ ਪੜ੍ਹੀਏ। ਆਪ ਫੁਰਮਾਨ ਕਰਦੇ ਹਨ—

**ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ ॥**

**ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ ॥੨ ॥**

*ਮ : ੫, ਪੰਨਾ ੯੬੨*

ਸਗੋਂ ਸਾਰਾ ਦਿਨ ਮਨੁੱਖ ਬੁਰੇ ਅਤੇ ਔਖੇ ਤੋਂ ਔਖੇ ਮਾਇਆ ਪ੍ਰਾਪਤੀ ਦੇ ਕੰਮ ਬੜੀ ਤਨ-ਦੇਹੀ ਦੇ ਨਾਲ ਕਰਦਾ ਹੈ। ਇਨ੍ਹਾਂ ਮਾਇਕੀ ਕਾਰਜਾਂ ਨੂੰ ਕਰਨ ਵਾਸਤੇ ਭੋਰਾ ਜਿੰਨਾਂ ਵੀ ਆਲਸ ਨਹੀਂ ਕਰਦਾ, ਪਰ ਨਾਮ ਜਪਣ ਦਾ ਅਸਲੀ ਕਾਰਜ ਕਰਨ ਲਈ ਇਨਾਂ ਆਲਸ ਕਰਦਾ ਹੈ, ਜਿਵੇਂ ਇਸ ਦੇ ਸਿਰ ਉੱਪਰ ਪਹਾੜ ਡਿਗ ਪਿਆ

ਹੋਵੇ ਅਤੇ ਉਸ ਭਾਰ ਹੇਠ ਦਬਿਆ ਗਿਆ ਹੋਵੇ। ਸਤਿਗੁਰੂ ਅਰਜਨ ਦੇਵ ਜੀ ਦਾ ਭੈਰਉ ਰਾਗ ਅੰਦਰ ਸੱਚਾਈ ਸਾਕਾਰ ਕਰਦਾ ਬਚਨ ਹੈ।

**ਚਿਤਵਤ ਪਾਪ ਨ ਆਲਕੁ ਆਵੈ ॥**

**ਬੇਸੁਆ ਭਜਤ ਕਿਛੁ ਨਹ ਸਰਮਾਵੈ ॥**

**ਸਾਰੋ ਦਿਨਸੁ ਮਜੂਰੀ ਕਰੈ ॥**

**ਹਰਿ ਸਿਮਰਨ ਕੀ ਵੇਲਾ ਬਜਰ ਸਿਰਿ ਪਰੈ ॥੧॥** *ਮ : ੫, ਪੰਨਾ ੧੧੪੩*

ਸੰਸਾਰ ਦੇ ਧਨ-ਪਦਾਰਥ ਇਕੱਤ੍ਰ ਕਰਨ ਦੇ ਕੰਮ ਸਾਰੇ ਇੱਥੇ ਹੀ ਧਰੇ ਧਰਾਏ ਰਹਿ ਜਾਣੇ ਹਨ। ਕੰਮ ਕੇਵਲ ਅਤੇ ਕੇਵਲ ਪਰਮਾਤਮਾਂ ਦਾ ਨਾਮ ਅਤੇ ਸਤਸੰਗਤ ਦੀਆਂ ਘੜੀਆਂ ਹੀ ਆਉਣੀਆਂ ਹਨ। ਸਾਹਿਬਾਂ ਦਾ ਫ਼ੁਰਮਾਨ ਹੈ—

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**

**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥** *ਮ : ੫, ਪੰਨਾ ੧੨*

ਰਾਮ ਦੇ ਪੁਜਾਰੀ ਅੱਲ੍ਹਾ ਦਾ ਨਾਮ ਸੁਣਕੇ ਚਿੜਦੇ ਹਨ, ਅੱਲ੍ਹਾ ਦਾ ਨਾਮ ਜਪਣ ਵਾਲੇ ਰਾਮ ਦਾ ਨਾਮ ਸੁਣਨ ਲਈ ਤਿਆਰ ਨਹੀਂ। ਪਰਮਾਤਮਾਂ ਦੇ ਅੱਖਰੀ ਨਾਵਾਂ ਉੱਪਰ ਹੀ ਆਪਸੀ ਇੱਟ-ਘੜੇ ਦਾ ਵੈਰ ਬਣਾ ਕੇ ਆਪੋ ਵਿੱਚੀ ਲੜਾਈ ਝਗੜੇ ਕਰ ਰਹੇ ਹਨ। ਪਰ ਸਤਿਗੁਰੂ ਉਨ੍ਹਾਂ ਸਾਰੇ ਨਾਵਾਂ ਤੋਂ ਜੋ ਪ੍ਰਭੂ-ਵਾਚਕ ਹਨ ਬਲਿਹਾਰ ਅਤੇ ਕੁਰਬਾਣ ਜਾਂਦੇ ਹਨ। ਸਤਿਗੁਰੂ ਨਾਨਕ ਦੇਵ ਜੀ ਦਾ ਬਸੰਤ ਰਾਗ ਅੰਦਰ ਫ਼ੁਰਮਾਨ ਹੈ।

[੧] **ਸਿਰੁ ਨਾਨਕ ਲੋਕਾ ਪਾਵ ਹੈ ॥**

**ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ।** *ਮ : ੧, ਪੰਨਾ ੧੧੬੮*

ਗੁਰਬਾਣੀ ਤਾਂ ਇੱਥੋ ਤੱਕ ਵਿਸ਼ਾਲਤਾ ਬਨਾਉਣ ਲਈ ਪ੍ਰੇਰਦੀ ਹੈ ਕਿ ਸੰਸਾਰ ਵਿੱਚ ਭਾਵੇਂ ਕੋਈ ਉਸ ਪਰਮਾਤਮਾ ਨੂੰ ਰਾਮ ਰਾਮ ਆਖੇ ਭਾਵੇਂ ਖ਼ੁਦਾ ਖ਼ੁਦਾ ਆਖ ਲਵੇ ਭਾਵੇਂ ਉਸ ਨੂੰ ਗੁਸਾਈਂ ਜਾਂ ਅਲ੍ਹਾ ਆਖ ਕੇ ਯਾਦ ਕਰੇ। ਪਰਮਾਤਮਾਂ ਕਿਸੇ ਖਾਸ ਅੱਖਰਾਂ ਦੇ ਬੰਧੇਜ-ਬੰਧਨ ਵਿੱਚ ਨਹੀਂ ਬਝਿਆ ਹੋਇਆ। ਪਰਮਾਤਮਾਂ ਤਾਂ ਸਾਰੇ ਸੰਸਾਰ ਨੂੰ ਪੈਦਾ ਕਰਨ ਵਾਲਾ, ਬਖਸ਼ਿਸ਼ਾਂ ਅਤੇ ਰਹਿਮਤਾਂ ਕਰਨ ਵਾਲਾ ਹੈ। ਕੋਈ ਮਨੁੱਖ ਭਾਵੇਂ ਹੱਜ ਕਰੇ, ਭਾਵੇਂ ਤੀਰਥ ਇਸ਼ਨਾਨ ਕਰੇ, ਭਾਵੇਂ ਕੋਈ ਪੱਛੋਂ ਵੱਲ ਸਿਜਦਾ ਕਰੇ ਜਾਂ ਮੂਰਤੀਆਂ ਦੀ ਪੂਜਾ ਕਰੇ। ਕੋਈ ਚਿੱਟੇ ਕੱਪੜੇ ਪਹਿਨੇ ਭਾਵੇਂ ਨੀਲੇ ਬਸਤਰ ਪਹਿਨ ਲਵੇ। ਕੋਈ ਬੇਦਾਂ ਦਾ ਉਚਾਰਨ ਕਰੇ ਭਾਵੇਂ ਕੋਈ ਕੁਰਾਨ ਪੜ੍ਹੇ।

*੧. ਹੇ ਪਰਮਾਤਮਾ ਸੰਸਾਰ ਵਿੱਚ ਜਿਤਨੇ ਵੀ ਤੇਰੇ ਨਾਮ ਹਨ ਮੈਂ ਉਨ੍ਹਾਂ ਤੋਂ ਕੁਰਬਾਨ ਜਾਂਦਾ ਹੈ। ਜਿਹੜੇ ਗੁਰੂ ਪਿਆਰੇ ਪਿਆਰ ਨਾਲ ਤੇਰਾ ਕੋਈ ਵੀ ਨਾਮ ਜਪਦੇ ਹਨ, ਮੈਂ ਉਨ੍ਹਾਂ ਦੇ ਚਰਨਾਂ ਉੱਪਰ ਨਮਸਕਾਰ ਕਰਦਾ ਹਾਂ।*



ਪਰਮਾਤਮਾਂ ਇਨ੍ਹਾਂ ਬੰਧਨਾਂ-ਬੰਧੇਜਾਂ ਤੋਂ ਉੱਪਰ ਹੈ। ਭਾਵੇਂ ਕੋਈ ਆਪਣੇ ਆਪ ਨੂੰ ਹਿੰਦੂ ਸਦਵਾ ਲਵੇ ਭਾਵੇਂ ਮੁਸਲਮਾਨ। ਕੋਈ ਸੁਰਗ ਚਾਹੁੰਦਾ ਹੈ ਕੋਈ ਉਸੇ ਦਾ ਨਾਮ ਬਹਿਸ਼ਤ ਰੱਖ ਲੈਂਦਾ ਹੈ। ਪਰ ਪਰਮਾਤਮਾ ਦੀ ਮਿਹਰ ਅਤੇ ਕਿਰਪਾ ਦਾ ਪਾਤਰ ਉਹ ਹੀ ਬਣ ਸਕਦਾ ਹੈ ਜੋ ਪਰਮਾਤਮਾਂ ਦੇ ਹੁਕਮ ਨੂੰ ਸਿਰ ਮੱਥੇ ਮੰਨ ਕੇ ਉਸ ਦੀ ਕਮਾਈ ਕਰਦਾ ਹੈ। ਮਜਹਬਾਂ ਦੇ ਨਾਉਂ ਉੱਪਰ ਵਿਤਕਰਾ ਅਤੇ ਆਪਸੀ ਨਫਰਤ ਪਰਮਾਤਮਾ ਨੂੰ ਚੰਗੀ ਨਹੀਂ ਲੱਗਦੀ। ਸਤਿਗੁਰੂ ਅਰਜਨ ਦੇਵ ਜੀ ਦਾ ਰਾਮਕਲੀ ਰਾਗ ਅੰਦਰ ਫ਼ੁਰਮਾਨ ਹੈ—

**ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥**

**ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥**

**ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥੧॥ ਰਹਾਉ ॥**

**ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥**

**ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥੨॥**

**ਕੋਈ ਪੜੈ ਬੇਦ ਕੋਈ ਕਤੇਬ ॥**

**ਕੋਈ ਓਢੈ ਨੀਲ ਕੋਈ ਸੁਪੇਦ ॥੩॥**

**ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥ ॥੪॥**

**ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੪॥**

*ਮ : ੫, ਪੰਨਾ ੮੮੫*

ਗੁਰਬਾਣੀ ਅੰਦਰ ਬਿਨਾਂ ਵਿਤਕਰੇ, ਰਾਮ, ਅਲ੍ਹਾ, ਹਰੀ, ਗੁਸਾਈਂ ਰਹੀਮ ਆਦਿ ਸਾਰੇ ਪ੍ਰਭੂ ਵਾਚਕ ਸ਼ਬਦਾਂ ਦੀ ਵਰਤੋਂ ਸਤਿਗੁਰਾਂ ਕੀਤੀ ਹੈ।

ਸਿੱਧਾਂ ਵੱਲੋਂ ਗੁਰੂ ਨਾਨਕ ਦੇਵ ਜੀ ਨੂੰ ਪੁੱਛ ਕਰਨ ਉੱਪਰ ਕਿ ਤੁਹਾਡਾ ਪੰਥ ਕਿਹੜਾ ਹੈ ? ਦੇ ਉਤ੍ਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਅੰਦਰ ਫ਼ੁਰਮਾਨ ਕੀਤਾ ਹੈ, ਕਿ ਮੇਰਾ ਪੰਥ **"ਸਗਲ ਜਮਾਤੀ"** ਹੈ। ਮੈਂ ਸਾਰੇ ਭਲੇ ਬੰਦਿਆ ਦਾ ਸਤਿਕਾਰ ਕਰਕੇ ਉਨ੍ਹਾਂ ਦੇ ਨਾਲ ਚਲਦਾ ਹਾਂ ਅਤੇ ਸਾਰਿਆਂ ਨੂੰ ਸੱਚ ਮਾਰਗ ਦੇ ਪਾਂਧੀ ਬਣਾ ਕੇ ਉਨ੍ਹਾਂ ਨੂੰ ਆਪਣੇ ਨਾਲ ਚਲਾਉਂਦਾ ਹਾਂ। ਇਹ ਹੈ ਮੇਰਾ ਪੰਥ

**ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥** *ਜਪੁਜੀ, ਪੰਨਾ ੬*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, **"ਸਗਲ ਜਮਾਤੀ"** ਪੰਥ ਦੀ ਪ੍ਰਤੱਖ ਮਿਸਾਲ ਹਨ। ਸਤਿਗੁਰਾਂ ਦੇ ਨਾਲ ਅਖੌਤੀ ਨੀਵੀਂ ਜਾਤ ਦੇ ਕਬੀਰ ਜੀ, ਰਵਿਦਾਸ ਜੀ, ਸਧਨਾ, ਸੈਣ, ਨਾਮ ਦੇਵ, ਧੰਨਾ ਜੱਟ ਆਦਿ ਚੱਲ ਰਹੇ ਹਨ, ਭਗਤ ਤ੍ਰਿਲੋਚਨ, ਰਾਮਾ ਨੰਦ,

ਪਰਮਾਨੰਦ, ਜੈ ਦੇਵ, ਸੂਰਦਾਸ ਚੱਲ ਰਹੇ ਹਨ। ਸਗਲ ਜਮਾਤੀ ਪੰਥ ਦੇ ਸਾਥੀ ਬਣ ਕੇ ਮੁਸਲਮਾਨ ਸੂਫੀ ਫਕੀਰ ਬਾਬਾ ਸੇਖ ਫਰੀਦ ਚੱਲ ਰਹੇ ਹਨ, ਮਰਦਾਨਾ, ਸਤਾ-ਬਲਵੰਡ ਅਤੇ ਸਾਰੇ ਭੱਟ ਚੱਲ ਰਹੇ ਹਨ। ਕਿਤੇ ਕੋਈ ਵਖਰੇਵਾਂ ਨਹੀਂ। ਇਨ੍ਹਾਂ ਸਾਰਿਆਂ ਭਗਤਾਂ, ਭੱਟਾਂ ਅਤੇ ਸਿੱਖਾਂ ਦੇ ਨਾਲ ਸਤਿਗੁਰੂ ਖੁਦ ਚੱਲ ਰਹੇ ਹਨ। ਆਪਸੀ ਵੀਚਾਰਾਂ ਦਾ ਖਿਆਲਾਂ ਦਾ ਕੋਈ ਵਖਰੇਵਾਂ ਨਹੀਂ, ਕਿਉਂਕਿ ਇਹ ਸਾਰੇ ਬੇਗਮ ਪੁਰੇ ਦੇ ਵਾਸੀ ਹਨ। ਬੇਗਮ ਪੁਰੇ ਵਿੱਚ ਨਾ ਕੋਈ ਉੱਚਾ ਹੈ, ਨਾ ਨੀਵਾਂ, ਉੱਥੇ ਪਹਿਲੇ, ਦੂਜੇ, ਤੀਜੇ ਦਰਜੇ ਦੀ ਵੀ ਕੋਈ ਵੰਡ ਨਹੀਂ, ਉੱਥੇ ਸਭ ਬਰਾਬਰ ਹਨ। ਉੱਥੇ ਪੁੱਜ ਕੇ ਸਾਰਿਆਂ ਦੇ ਵੀਚਾਰ ਵੀ ਇੱਕ ਹੋ ਜਾਂਦੇ ਹਨ। ਨਫਰਤ, ਝਗੜੇ ਝੇੜੇ, ਵੰਡੀਆਂ ਇਹ ਸਭ ਹੇਠਲੇ ਤਲ ਉੱਪਰ ਹੀ ਹਨ। ਬਾਬਾ ਰਵਿਦਾਸ ਜੀ ਦਾ ਫੁਰਮਾਨ ਹੈ—

**ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥**

*ਰਵਿਦਾਸ ਜੀ, ਪੰਨਾ ੩੪੫*

ਸਾਰੀ ਗੁਰਬਾਣੀ ਅੰਦਰ ਸਤਿਗੁਰੂ ਜੀ ਨੇ ਮਨੁੱਖ ਨੂੰ ਕੁਦਰਤ ਅਨੁਸਾਰ ਚੱਲਣ ਦੀ ਅਗਵਾਈ ਦਿੱਤੀ ਹੈ। ਜੋ ਕੁਦਰਤ ਅਨੁਸਾਰੀ ਹੋ ਕੇ ਚੱਲੇਗਾ ਉਸ ਨੂੰ ਸੁਖੀ ਸੁਹੇਲਾ ਜੀਵਨ ਪ੍ਰਾਪਤ ਹੋਵੇਗਾ ਜੋ ਕੁਦਰਤ ਤੋਂ ਆਕੀ ਹੋ ਕੇ ਵਿਚਰੇਗਾ ਉਹ ਆਪ ਭੀ ਦੁੱਖੀ ਅਤੇ ਹੋਰਨਾਂ ਲਈ ਵੀ ਦੁੱਖ ਦਾ ਕਾਰਨ ਬਣੇਗਾ ਕਿਉਂ ਕਿ ਕਾਦਰ ਕੁਦਰਤ ਵਿੱਚ ਵੱਸਿਆ ਹੋਇਆ ਹੈ। ਜੋ ਕਾਦਰ ਨਾਲ ਹੀ ਖਿਲਵਾੜ ਕਰੇਗਾ, ਕਾਦਰ ਉਸ ਨੂੰ ਕਦੇ ਵੀ ਮਾਫ ਨਹੀਂ ਕਰੇਗਾ। ਕਾਦਰ ਨਾਲ ਖਿਲਵਾੜ ਨਹੀਂ ਕਰਨਾ ਸਗੋਂ ਕਾਦਰ ਜੋ ਕੁਦਰਤ ਵਿੱਚ ਰਮਿਆ ਹੋਇਆ ਹੈ, ਉਸ ਤੋਂ ਹਮੇਸ਼ਾ ਕੁਰਬਾਨ ਜਾਣਾ ਹੈ—

**ਬਲਿਹਾਰੀ ਕੁਦਰਤਿ ਵਸਿਆ ॥**

**ਤੇਰਾ ਅੰਤੁ ਨ ਜਾਈ ਲਖਿਆ ॥** *ਮ : ੧, ਪੰਨਾ ੪੬੯*

ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਪ੍ਰਭੂ ਉਨ੍ਹਾਂ ਨੂੰ ਕੁਦਰਤ ਵਿੱਚੋਂ ਹੀ ਜਲਵੇ ਮਾਰਦਾ ਦਿਖਾਈ ਦਿੰਦਾ ਹੈ। ਕੁਦਰਤ ਵਿੱਚੋਂ ਹੀ ਪ੍ਰਭੂ ਦੀ ਆਹਟ ਉਨ੍ਹਾਂ ਨੂੰ ਸੁਣਾਈ ਦਿੰਦੀ ਹੈ। ਸਤਿਗੁਰਾਂ ਸਾਨੂੰ ਵੀ ਕੁਦਰਤ ਨਾਲ ਇੱਕ ਸੁਰਤਾ ਬਣਾਈ ਰੱਖਣ ਲਈ ਪ੍ਰੇਰਨਾ ਦਿੱਤੀ ਹੈ। ਆਪ ਸਾਹਿਬਾਂ ਦਾ ਫੁਰਮਾਨ ਹੈ—

**ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥**

**ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥**

*ਮ : ੧, ਪੰਨਾ ੪੬੪*



ਕੁਦਰਤ ਦੇ ਤਿੰਨ ਮੁੱਖ ਅੰਗ ਹਨ, ਪਉਣ, ਪਾਣੀ ਅਤੇ ਧਰਤੀ। ਸਤਿਗੁਰੂ ਜੀ ਨੇ ਪਵਣ ਨੂੰ ਗੁਰੂ ਦਾ ਦਰਜਾ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਰੁਤਬਾ ਦੇ ਕੇ ਇਨ੍ਹਾਂ ਨੂੰ ਅਪਵਿਤ੍ਰ ਕਰਨ ਤੋਂ ਵਰਜਦਿਆਂ ਫੁਰਮਾਨ ਕੀਤਾ ਹੈ ਕਿ ਜੇ ਤੁਸੀਂ ਆਪਣੇ ਜੀਵਨ ਦਾਤੇ ਕੁਦਰਤ ਦੇ ਸੋਮੇ ਪਉਣ, ਪਾਣੀ, ਅਤੇ ਧਰਤੀ ਨਾਲ ਕੁਦਰਤ ਅਨੁਸਾਰ ਇੱਕ ਸੁਰ ਰਹੋਗੇ ਤਾਂ ਦਿਨ ਅਤੇ ਰਾਤ ਤੁਹਾਨੂੰ ਆਪਣੀ ਗੋਦ ਅੰਦਰ ਬੜੇ ਸੁੱਖ ਪੂਰਬਕ ਦਾਈ ਅਤੇ ਦਾਇਆ ਸਮਾਨ ਸੁਖ ਅਨੰਦ ਨਾਲ ਖਿਡਾਉਣਗੇ। ਜੇ ਤੁਸੀਂ ਆਪਣੇ ਜੀਵਨ ਦਾਤਿਆਂ ਨਾਲ ਹੀ ਆਪ ਹੁਦਰੀ ਕਰਨੀ ਅਰੰਭ ਕਰ ਦਿੱਤੀ ਤਾਂ ਫਿਰ ਕਸੂਰ ਤੁਹਾਡਾ ਹੀ ਹੋਵੇਗਾ, ਆਪ ਵੀ ਦੁੱਖੀ ਹੋਵੋਗੇ ਅਤੇ ਹੋਰ ਅਨੇਕਾਂ ਨੂੰ ਆਪਣੇ ਦੁੱਖ ਦੇ ਭਾਈਵਾਲ ਬਣਾਉਗੇ। ਸਤਿਗੁਰੂ ਨਾਨਕ ਦੇਵ ਜੀ ਦਾ ਜਪੁਜੀ ਸਲੋਕ ਅਰੰਭ ਹੀ ਇੱਥੋ ਹੁੰਦਾ ਹੈ—

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥**

**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥**

*ਜਪੁਜੀ, ਪੰਨਾ ੮*

ਅਵਾਜ ਪ੍ਰਦੂਸ਼ਣ ਰੋਕਣ ਲਈ ਵੀ ਗੁਰਬਾਣੀ ਅੰਦਰ ਅਗਵਾਈ ਦਿੱਤੀ ਹੈ, ਕਿ ਮੁਨਾਰਿਆਂ ਉੱਪਰ ਚੜ੍ਹ ਕੇ ਬਾਗਾਂ ਦੇਣੀਆਂ ਜਾਂ ਸਪੀਕਰਾਂ ਰਾਹੀਂ ਬਦੋ-ਬਦੀ ਲੋਕਾਂ ਨੇ ਕੰਨਾਂ ਵਿੱਚ ਭਜਨ-ਕੀਰਤਨ ਪਾਉਣ ਦਾ ਰਾਮ-ਰੌਲਾ ਫਜ਼ੂਲ ਹੈ। ਕਿਉਂ ਕਿ ਪ੍ਰਮਾਤਮਾਂ ਕੋਈ ਬੋਲਾ ਨਹੀਂ ਹੈ। ਉਹ ਤਾਂ ਹਰ ਇੱਕ ਦੇ ਹਿਰਦੇ ਅੰਦਰ ਸਮਾਇਆ ਹੋਇਆ ਹੈ। ਉਸ ਨੂੰ ਆਪਣੇ ਹਿਰਦੇ ਅੰਦਰ ਰਮਿਆ ਜਾਣ ਕੇ ਉਸ ਨਾਲ ਆਪਣੇ ਮਨ ਦੀ ਸਾਂਝ ਪਾਓ। ਬਾਬਾ ਕਬੀਰ ਜੀ ਦਾ ਸਲੋਕਾਂ ਅੰਦਰ ਬਚਨ ਹੈ—

**ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ ॥**

**ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ ॥ ੧੮੪ ॥**

*ਕਬੀਰ ਜੀ ਪੰਨਾ ੧੩੭੪*

ਗੁਰਮਤਿ ਵਿੱਚ ਸੰਸਾਰ ਤੋਂ ਉਪਰਾਮ ਹੋ ਕੇ ਜੰਗਲਾਂ ਵਿੱਚ ਜਾਣ ਦਾ ਨਾਉਂ ਵੈਰਾਗ ਨਹੀਂ ਹੈ। ਗੁਰਮੱਤ ਦਾ ਵੈਰਾਗ ਤਾਂ ਸੰਸਾਰ ਵਿੱਚ ਰਹਿੰਦਿਆ, ਸ੍ਰੀ ਗੁਰੂ ਰਾਮਦਾਸ ਜੀ ਦੇ ਫੁਰਮਾਨ ਅਨੁਸਾਰ **"ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥"** ਦੀ ਅਵਸਥਾ ਦੇ ਧਾਰਨੀ ਬਣਨਾ ਹੈ। ਗੁਰਬਾਣੀ ਅਨੁਸਾਰ ਵੈਰਾਗ ਵਿੱਚੋਂ

ਹੀ ਪਿਆਰ ਨੇ ਪ੍ਰਗਟ ਹੋਣਾ ਹੈ। ਇਸੇ ਕਰਕੇ ਹੀ ਬਾਬਾ ਫਰੀਦ ਜੀ ਨੇ ਵੈਰਾਗ ਨੂੰ ਸੁਲਤਾਨ ਲਿਖਿਆ ਹੈ ਅਤੇ ਫੁਰਮਾਨ ਕੀਤਾ ਹੈ ਕਿ ਜਿਸ ਸਰੀਰ ਅੰਦਰ ਆਪਣੇ ਪਿਆਰੇ ਪ੍ਰਭੂ ਨੂੰ ਮਿਲਣ ਵਾਸਤੇ ਵੈਰਾਗ ਉਤਪੰਨ ਨਹੀਂ ਹੁੰਦਾ, ਉਹ ਸਰੀਰ ਤਾਂ ਸ਼ਮਸ਼ਾਨ ਘਾਟ ਦੇ ਸਮਾਨ ਹੈ। ਆਪ ਜੀ ਦਾ ਸਲੋਕਾਂ ਅੰਦਰ ਫੁਰਮਾਨ ਹੈ।

**ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ[1] ॥**

**ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ[2] ॥੩੬॥**

*ਸਲੋਕ ਸ਼ੇਖ ਫਰੀਦ ਜੀ ਕੇ, ਪੰਨਾ ੧੩੭੯*

ਸਤਿਗੁਰੂ ਦੀ ਦ੍ਰਿਸ਼ਟੀ ਵਿੱਚ ਤਾਂ ਪਿਆਰ ਵਿਹੂਣੇ ਮਨੁੱਖ ਦੀ ਅੱਖਾਂ ਮੀਟ ਕੇ ਸਮਾਧੀ ਲਾਉਣੀ ਵੀ ਬਗਲ-ਸਮਾਧੀ ਦੇ ਸਮਾਨ ਹੈ। ਪਿਆਰ ਹੀਣ ਮਨੁੱਖ ਦਾ ਤੀਰਥ ਇਸ਼ਨਾਨ ਵੀ ਨਿਰਾ ਸਰੀਰਕ ਕਰਮ ਕਾਂਡ ਹੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸੱਵਯਾਂ ਦੀ ਬਾਣੀ ਅੰਦਰ ਫੁਰਮਾਨ ਹੈ—

**ਕਹਾ ਭਯੋ ਜੋ ਦੋਊ ਲੋਚਨ[3] ਮੂੰਦ ਕੈ, ਬੈਠਿ ਰਹਿਓ ਬਕ[4] ਧਿਆਨ ਲਗਾਇਓ ॥**

**ਨਾਤ੍ਹ ਫਿਰਿਓ ਲੀਏ ਸਾਤ ਸਮੁਦ੍ਰਨਿ ਲੋਕ ਗਯੋ ਪਰਲੋਕ ਗਵਾਇਓ ॥**

*ਸਵਯੇ ਪਾ : ੧੦*

ਪਰਮਾਤਮਾਂ ਦੀ ਪ੍ਰਾਪਤੀ ਕੇਵਲ ਅਤੇ ਕੇਵਲ ਪ੍ਰਭੂ-ਪਿਆਰ ਭਿੱਜੇ ਹਿਰਦੇ ਵਾਲੇ ਮਨੁੱਖ ਨੂੰ ਹੀ ਹੋ ਸਕਦੀ ਹੈ, ਇਹ ਸੱਚੀ ਗੱਲ ਹੈ, ਇਸ ਵਿੱਚ ਰੰਚਕ ਮਾਤ੍ਰ ਵੀ ਝੂਠ ਨਹੀਂ, ਸਾਹਿਬਾਂ ਦਾ ਬਚਨ ਹੈ—

**ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥**

*ਸਵਯ ੫ : ੧੦ ਵੀਂ*

ਇਸੇ ਕਰਕੇ ਹੀ ਸਾਰੀ ਗੁਰਬਾਣੀ ਅੰਦਰ ਜਿੱਥੇ ਵੀ ਪ੍ਰਮਾਤਮਾ ਦਾ ਨਾਮ ਜਪਣ ਦਾ ਸਤਿਗੁਰੂ ਜੀ ਨੇ ਹੁਕਮ ਕੀਤਾ ਹੈ, ਉੱਥੇ ਸਤਿਗੁਰੂ ਜੀ ਨੇ ਪਿਆਰ ਦੀ ਥਾਂ ਸ਼ਬਦ ਭਾਉ ਜਾਂ ਰੰਗ ਵਰਤਿਆ ਹੈ। ਸਤਿਗੁਰੂ ਅਮਰਦਾਸ ਜੀ ਦਾ ਸੋਰਠ ਰਾਗ ਅੰਦਰ ਫੁਰਮਾਨ ਹੈ।

---

*੧. ਬਾਦਸ਼ਾਹ ੨. ਸ਼ਮਸ਼ਾਨ-ਘਾਟ ੩. ਅੱਖਾਂ ਮੀਟ ਕੇ ੪. ਬਗਲ-ਧਿਆਨ*



**ਏ ਮਨ ਹਰਿ ਜੀ ਧਿਆਇ ਤੂ ਇਕ ਮਨਿ ਇਕ ਚਿਤਿ ਭਾਇ[1] ॥**

**ਹਰਿ ਕੀਆ ਸਦਾ ਸਦਾ ਵਡਿਆਈਆ ਦੇਇ ਨ ਪਛੋਤਾਇ ॥**

*ਮ : ੩, ਪੰਨਾ ੬੫੩*

ਅਤੇ — **ਠਾਕੁਰੁ ਗਾਈਐ ਆਤਮ ਰੰਗਿ[2] ॥**

**ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ ॥੧॥**

*ਮ : ੫, ਪੰਨਾ ੬੭੯*

**ਭਰੀਐ ਮਤਿ ਪਾਪਾ ਕੈ ਸੰਗਿ ॥**

**ਓਹੁ ਧੋਪੈ ਨਾਵੈ ਕੈ ਰੰਗਿ[2] ॥** *ਜਪੁਜੀ, ਪੰਨਾ ੪*

ਪਿਆਰ, ਵੈਰਾਗ ਤੋਂ ਉੱਪਜਦਾ ਹੈ। ਵੈਰਾਗ ਅਤੇ ਪਿਆਰ ਜੋਰ ਨਾਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ, ਪਿਆਰ ਪ੍ਰਮਾਤਮਾ ਦੀ ਦਾਤ ਹੈ। ਬਾਬਾ ਫਰੀਦ ਜੀ ਦਾ ਫੁਰਮਾਨ ਹੈ—

**ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥**

**ਇਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥੧੨॥**

*ਫਰੀਦ ਜੀ, ਪੰਨਾ ੧੩੭੮*

ਪਿਆਰ ਧਨ-ਪਦਾਰਥ, ਸੋਨਾ, ਹੀਰੇ, ਜਵਾਹਰਾਤਾਂ ਦੇ ਮੁੱਲ ਨਾਲ ਵੀ ਖਰੀਦਿਆ ਨਹੀਂ ਜਾ ਸਕਦਾ। ਸਤਿਗੁਰੂ ਅਰਜਨ ਦੇਵ ਜੀ ਦਾ ਚਉਬੋਲੇ ਬਾਣੀ ਅੰਦਰ ਫੁਰਮਾਨ ਹੈ ਕਿ ਜੇ ਅਜਿਹਾ ਹੋ ਸਕਦਾ ਹੁੰਦਾ ਤਾਂ ਰਾਵਣ ਕੋਈ ਕੰਗਾਲ ਨਹੀਂ ਸੀ। ਜਿਸ ਨੇ ਆਪਣੇ ਇਸ਼ਟਦੇਵ ਸ਼ਿਵਜੀ ਦੀ ਪ੍ਰਸੰਨਤਾ ਲੈਣ ਵਾਸਤੇ, ਵਾਰ-ਵਾਰ ਆਪਣੇ ਸਿਰ ਵੱਢ ਕੇ ਅਰਪਨ ਕਰ ਦਿੱਤੇ। ਸਤਿਗੁਰਾਂ ਦਾ ਫੁਰਮਾਨ ਹੈ—

**ਸੰਮਨ ਜਉ ਇਸ ਪ੍ਰੇਮ ਕੀ ਦਮ ਕਿਹੁ ਹੋਤੀ ਸਾਟ[3] ॥**

**ਰਾਵਨ ਹੁਤੇ ਸੁ ਰੰਕ[4] ਨਹਿ ਜਿਨਿ ਸਿਰ ਦੀਨੇ ਕਾਟਿ ॥੧॥**

*ਚਉਬੋਲੇ ਮ : ੫, ਪੰਨਾ ੧੩੬੩*

ਪੁਰਾਣੇ ਸਮੇਂ ਤੋਂ ਲੈ ਕੇ ਹੁਣ ਤੱਕ ਮਨੁੱਖ ਆਪਣੀ ਮਾਨਸਿਕ ਕਮਜੋਰੀ ਅਤੇ ਡਰ ਅਧੀਨ, ਥਿੱਤਾਂ ਅਤੇ ਵਾਰਾਂ ਦੀ ਪੂਜਾ ਦੇ ਚੱਕਰ ਵਿੱਚ ਫਸਿਆ ਹੋਇਆ ਹੈ। ਜੋ ਚੰਗੇ ਮਾੜੇ ਦਿਨ ਅਤੇ ਥਿੱਤਾਂ ਮਿੱਥ ਕੇ ਉਨ੍ਹਾਂ ਦੇ ਸਹਿਮ ਵਿੱਚ ਫਸ ਕੇ ਥਿੱਤਾਂ ਵਾਰਾਂ ਦੀ ਪੂਜਾ ਕਰੀ ਜਾ ਰਿਹਾ ਹੈ। ਅਜਿਹਾ ਮਨੁੱਖ ਗੁਰਬਾਣੀ ਦੀ ਦ੍ਰਿਸ਼ਟੀ ਵਿੱਚ ਮੂਰਖ ਹੀ ਨਹੀਂ, ਉਹ ਮਹਾਂ ਮੂਰਖ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਬਿਲਾਵਲ ਰਾਗ ਅੰਦਰ ਬਚਨ ਦਰਜ ਹੈ—

**ਥਿਤੀ ਵਾਰ ਸੇਵਹਿ ਮੁਗਧ ਗਵਾਰ ॥** *ਮ : ੩, ਪੰਨਾ ੮੪੩*

ਜਿਸ ਨੇ ਪਰਮਾਤਮਾਂ ਦੀ ਕ੍ਰਿਪਾ ਪ੍ਰਾਪਤ ਕਰ ਲਈ, ਉਸ ਲਈ ਸਾਰੇ ਮਹੀਨੇ ਸਾਰੇ ਦਿਨ, ਸਾਰੇ ਮਹੂਰਤ ਚੰਗੇ ਸੋਭਨੀਕ ਹਨ। ਇਸ ਲਈ ਚੰਗੇ ਮਾੜੇ ਦਿਨਾਂ ਦੀ

---

*੧. ਪਿਆਰ ੨. ਪਿਆਰ ੩. ਵੱਟਾ ਸੱਟਾ (ਵਟਾਂਦਰਾ) ੪. ਕੰਗਾਲ*

ਵੀਚਾਰ ਕਰਨ ਦੀ ਥਾਂ ਪ੍ਰਭੂ ਮਿਹਰ ਦੇ ਪਾਤਰ ਬਣਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਬਾਰਾਮਾਹ ਮਾਝ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ—

**ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥** *ਮ : ੫, (ਪੰਨਾ ੧੩੬)*

ਗੁਰਬਾਣੀ ਅੰਦਰ ਸੱਚ ਤੋਂ ਥੋਥੇ ਕਰਮ ਕਾਂਡ ਨੂੰ ਕੋਈ ਥਾਂ ਨਹੀਂ ਦਿੱਤੀ। ਸ਼ਰਧਾ ਅਤੇ ਪਿਆਰ ਵਿੱਚ ਭਿੱਜ ਕੇ ਪ੍ਰਮਾਤਮਾ ਦਾ ਨਾਮ ਜਪਣਾ ਹੀ ਅਸਲੀ ਸਕਾਰਥਾ ਕਰਮ ਹੈ। ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ—

**ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥**

**ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧ ॥**

*ਮ : ੫, ਪੰਨਾ ੭੪੭*

**ਅਤੇ — ਕਰਮ ਕਾਂਡ ਬਹੁ ਕਰਹਿ ਅਚਾਰ ॥ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥**

*ਮ : ੩, ਪੰਨਾ ੧੬੨*

ਜੀਵਨ ਦੀ ਅਸਲੀਅਤ ਤੋਂ ਜਾਣੂ ਕਰਾਉਣ ਹਿੱਤ ਗੁਰਬਾਣੀ ਅੰਦਰ ਚਾਰ ਉਪਮਾਨ ਵਰਤ ਕੇ ਸਤਿਗੁਰੂ ਜੀ ਨੇ ਸਾਨੂੰ ਸੁਚੇਤ ਕੀਤਾ ਹੈ, ਕਿ ਹੇ ਮਨੁੱਖ ! ਜੀਵਨ ਇੱਕ ਸੁਪਨੇ ਨੁਮਾ ਹੈ ਸੁਪਨੇ ਦੀ ਕੋਈ ਲੰਬੀ ਮੁਨਿਆਦ ਨਹੀਂ ਹੁੰਦੀ, ਜਾਗ੍ਰਤੀ ਆਉਣ ਤੇ ਸੁਪਨਾ ਖਤਮ ਹੋ ਜਾਂਦਾ ਹੈ। ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਫੁਰਮਾਨ ਹੈ। ਹੇ ਪ੍ਰਾਣੀ —

**ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥**

**ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩ ॥**

*ਸਲੋਕ ਮ : ੯, ਪੰਨਾ ੧੪੨੭*

ਜੀਵਨ ਇੱਕ ਪਾਣੀ ਦੇ ਬੁਲਬਲੇ ਦੀ ਭਾਂਤੀ ਹੈ—

**ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥**

**ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫ ॥**

*ਸਲੋਕ ਮ : ੯, ਪੰਨਾ ੧੪੨੭*

ਜਗਤ ਰਚਨਾਂ ਰੇਤ ਦੀ ਕੰਧ ਦੀ ਨਿਆਈਂ ਹੈ। ਰੇਤ ਦੀ ਕੰਧ ਦੀ ਵੀ ਕੋਈ ਮੁਨਿਆਦ ਨਹੀਂ ਹੁੰਦੀ, ਸਤਿਗੁਰਾਂ ਦਾ ਸਲੋਕਾਂ ਅੰਦਰ ਫੁਰਮਾਨ ਹੈ।

**ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥**

**ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ[1] ਕੀ ਭੀਤਿ[2] ॥**

*ਸਲੋਕ ਮ : ੯, ਪੰਨਾ ੧੪੨੯*

ਮਨੁੱਖ ਦਾ ਜੀਵਨ ਬਹੁਤ ਹੀ ਥੋੜ ਚਿਰਾ ਹੈ। ਜਿਵੇਂ ਅਸਮਾਨ ਵਿੱਚ ਬਿਜਲੀ ਦਾ ਲਿਛਕਾਰ ਬਹੁਤ ਹੀ ਥੋੜ ਚਿਰਾ ਹੁੰਦਾ ਹੈ, ਤਿਵੇਂ ਮਨੁੱਖੀ ਜੀਵਨ ਵੀ ਬਹੁਤ ਥੋੜ ਚਿਰਾ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਗਉੜੀ ਰਾਗ ਅੰਦਰ ਫੁਰਮਾਨ ਹੈ।

**ਦਾਮਨੀ[3] ਚਮਤਕਾਰ ਤਿਉ ਵਰਤਾਰਾ ਜਗ ਖੇ ॥** *ਮ : ੫, ਪੰਨਾ ੩੧੯*

---

*੧. ਰੇਤ ੨. ਕੰਧ ੩. ਬਿਜਲੀ ਦਾ ਲਿਛਕਾਰ*



ਮਨੁੱਖ ਸਤਿਗੁਰੂ ਜੀ ਦਾ ਸੱਚਾ ਉਪਦੇਸ਼ ਸ੍ਰਵਣ ਨਹੀਂ ਕਰਦਾ। ਮਾਇਆ ਦੇ ਜੰਜਾਲਾਂ ਵਿੱਚ ਵੇੜੇ ਮਨੁੱਖ ਉੱਪਰ **"ਅਜੁ ਕਲਿ ਕਰਦਿਆ ਕਾਲੁ ਬਿਆਪੈ"** ਦੀ ਖੇਡ ਆ ਵਾਪਰਦੀ ਹੈ। ਜਮਦੂਤ **"ਜਮ ਕਾ ਡੰਡੁ ਮੂੰਡ ਮਹਿ ਲਾਗੈ ਖਿਨ ਮਹਿ ਕਰੈ ਨਿਬੇਰਾ"** ਦੀ ਸੱਚਾਈ ਸਾਕਾਰ ਕਰ ਦਿੰਦਾ ਹੈ ਅਤੇ ਮਨੁੱਖ ਨਾਲ ਵਰਤਦਾ ਕੀ ਹੈ ?

**ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ ॥**

*ਤਿਲੰਗ ਮ : ੯, ਪੰਨਾ ੭੨੬*

ਦਾ ਵਰਤਾਰਾ ਵਰਤ ਜਾਂਦਾ ਹੈ।

**ਅਤੇ — ਧਨੁ ਲੋਕਾਂ ਤਨੁ ਭਸਮੈ ਢੇਰੀ ॥** *ਮ : ੧, ਪੰਨਾ ੮੩੨*

ਦੀ ਸੱਚੀ ਸੱਚਾਈ ਸਾਕਾਰ ਹੋ ਜਾਂਦੀ ਹੈ। ਅਖੀਰ ਜੀਵ ਆਤਮਾ ਕੀਤੇ ਕਰਮਾਂ ਦਾ ਫਲ ਭੁਗਤਣ ਅਤੇ ਅਗਲੇ ਸਫਰ ਲਈ ਤੁਰ ਜਾਂਦਾ ਹੈ।

ਗੁਰਬਾਣੀ ਸਿਧਾਂਤ ਅਨੁਸਾਰ, ਮਾਇਆ ਦਾ ਜਲ ਜਲੋ ਬਹੁਤ ਪ੍ਰਭਾਵਤ ਕਰਨ ਵਾਲਾ ਹੈ। ਮਾਇਆ ਦੇ ਪ੍ਰਭਾਵ ਅਧੀਨ ਹੀ ਮਨੁੱਖ ਸਤਿਗੁਰੂ ਦਾ ਲੋਕ ਪ੍ਰਲੋਕ ਵਿੱਚ ਕੰਮ ਆਉਣ ਵਾਲਾ ਸਤਧਰਮੀ ਉਪਦੇਸ਼ ਵੀ ਨਹੀਂ ਸੁਣਦਾ, ਬਾਬਾ ਕਬੀਰ ਜੀ ਦਾ ਆਸਾ ਰਾਗ ਅੰਦਰ ਫੁਰਮਾਨ ਹੈ—

**[1]ਨਕਟੀ ਕੋ ਠਨਗਨੁ[2] ਬਾਡਾ ਡੂੰ ॥ ਕਿਨਹਿ ਬਿਬੇਕੀ[3] ਕਾਟੀ ਤੂੰ ॥**

*ਆਸਾ ਕਬੀਰ ਜੀ, ਪੰਨਾ ੪੭੬*

ਬਾਬਾ ਰਵਿਦਾਸ ਜੀ ਨੇ ਗੁਰਬਾਣੀ ਅੰਦਰ ਖੁਦ ਤਸਲੀਮ ਕੀਤਾ ਅਤੇ ਪ੍ਰਭੂ ਚਰਨਾਂ ਵਿੱਚ ਮਾਇਆ ਦੇ ਪ੍ਰਭਾਵ ਤੋਂ ਛੁਟਕਾਰੇ ਲਈ ਅਰਦਾਸ ਕੀਤੀ ਹੈ। ਹੇ ਪ੍ਰਭੂ!

**ਇਨਿ੍ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ ॥**

**ਕਿੰਚਤ[4] ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇ ਚਾਰੇ ॥੧ ॥**

*ਕਬੀਰ ਜੀ, ਪੰਨਾ ੮੫੭*

ਮਾਇਆ ਦੇ ਪ੍ਰਬਲ ਪ੍ਰਭਾਵ ਤੋਂ ਮਨੁੱਖ ਆਪਣੇ ਬਲ ਨਾਲ ਜਾਂ ਸਿਆਣਪ-ਚਤੁਰਾਈ ਨਾਲ ਕਦਾਚਿੱਤ ਵੀ ਬੱਚ ਨਹੀਂ ਸਕਦਾ। ਮਾਇਆ ਦੇ ਅਜਿਹੇ ਪ੍ਰਭਾਵ ਤੋਂ ਬੱਚਣ ਲਈ ਸਤਿਗੁਰੂ ਦੇ ਚਰਨਾਂ ਵਿੱਚ ਕੀਤੀ ਅਰਦਾਸ ਹੀ ਬਚਾ ਸਕਦੀ ਹੈ। ਜਦੋਂ ਗੁਰੂ ਚਰਨਾਂ ਵਿੱਚ ਅਰਦਾਸ ਪ੍ਰਵਾਨ ਹੋ ਜਾਵੇ, ਫਿਰ ਸਤਿਗੁਰੂ ਆਪ ਬਾਂਹ ਤੋਂ ਪਕੜ ਕੇ ਜਗਿਆਸੂ ਨੂੰ ਮਾਇਆ ਦੇ ਪ੍ਰਭਾਵ ਤੋਂ ਬਚਾ ਲੈਂਦਾ ਹੈ। ਬਾਬਾ ਕਬੀਰ ਜੀ ਦਾ ਗੁਰਬਾਣੀ ਅੰਦਰ ਅਨੁਭਵ ਪੜ੍ਹੀਏ ਅਰਦਾਸ ਦੀ ਬਰਕਤ ਪ੍ਰਤੀ ਸੋਝੀ ਪੈ ਜਾਵੇਗੀ। ਆਪ ਜੀ ਸੂਹੀ ਰਾਗ ਅੰਦਰ ਫੁਰਮਾਨ ਕਰਦੇ ਹਨ—

---

*੧. ਮਾਇਆ ੨. ਛੰਨਕਾਰ੩. ਕਿਸੇ ਵਿਰਲੇ ਵੀ ਚਾਰਵਾਨ ਨੇ ੪. ਥੋੜੀ ਜਿੰਨੀ ਵੀ*

**ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ ਤਿਨਿ ਹਉ ਲੀਆ ਉਬਾਰੀ ॥**

*ਸੂਹੀ ਕਬੀਰ ਜੀ, ਪੰਨਾ ੭੯੩*

ਅਰਦਾਸ ਕੋਈ ਸੁਹਣੇ ਸ਼ਬਦਾਂ ਦੇ ਜੋੜ ਦੁਆਰਾ ਪ੍ਰਭੂ ਦਰ ਵਿੱਚ ਪ੍ਰਵਾਨ ਨਹੀਂ ਹੁੰਦੀ। ਅਰਦਾਸ ਆਪਾ ਭਾਵ ਤਿਆਗ ਕੇ, ਪ੍ਰਭੂ ਅਗੇ ਆਪਾ ਸਮਰਪਿਤ ਕਰਕੇ ਨਿਆਸਰੇ ਬਣ, "ਮਨੁ ਤਨੁ ਅਰਪਿ ਧਰਿ" ਦੀ ਬਿਰਤੀ ਬਣਾ ਕੇ ਕੀਤੀ ਪ੍ਰਭੂ ਦਰ ਵਿੱਚ ਪ੍ਰਵਾਨ ਹੋ ਕੇ ਰੰਗ ਲਿਆਉਂਦੀ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਸੋਰਠ ਰਾਗ ਅੰਦਰ ਫੁਰਮਾਨ ਹੈ—

**ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ ॥**

**ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ।** *ਮ ਛ ੫. ਪੰਨਾ ੫੧੯*

ਅਰਦਾਸ ਦੀ ਪ੍ਰਭੂ ਦਰ ਸੁਣਵਾਈ ਲਈ ਬਾਬਾ ਸਧਨਾ ਜੀ ਵਾਂਗ ਅੰਦਰੋ ਪੁਕਾਰਨਾ ਪੈਂਦਾ ਹੈ—

ਹੇ ਦਾਤਾ — **ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥**

**ਅਉਸਰ[1] ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥**

*ਸਧਨਾ ਜੀ, ਪੰਨਾ ੮੫੮*

ਪ੍ਰਭੂ ਚਰਨਾਂ ਵਿੱਚ ਅਰਦਾਸ ਕਰਦਿਆਂ ਪਰਮਾਤਮਾਂ ਪਾਸੋਂ ਮੰਗਣਾ ਕੀ ਹੈ ? ਦੇ ਉੱਤ੍ਰ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਜਿੱਥੇ ਜਗਿਆਸੂ ਨੇ ਸਰੀਰ ਦੀਆਂ ਲੋੜਾਂ ਪ੍ਰਤੀ ਆਪਣੇ ਮਾਲਕ ਪਾਸੋਂ ਮੰਗਾਂ ਮੰਗਣੀਆਂ ਹਨ, ਉੱਥੇ ਸਭ ਤੋਂ ਸਰਬ ਸ਼੍ਰੋਮਣੀ ਉੱਤਮ ਵਸਤੂ ਪਰਮਾਤਮਾਂ ਦਾ ਨਾਮ ਅਤੇ ਪਰਮਾਤਮਾਂ ਦੀ ਸਿਫਤ ਸਲਾਹ ਦੀ ਦਾਤ ਵੀ ਆਪਣੇ ਪ੍ਰਭੂ ਪਾਸੋਂ ਮੰਗਣੀ ਹੈ। ਅਰਦਾਸ ਵਿੱਚ ਮੰਗਣਾ ਹੈ।

**ਹਰਿ ਜੀਉ ਤੁਧੁ ਨੋ ਸਦਾ ਸਾਲਾਹੀ ਪਿਆਰੇ ਜਿਚਰੁ ਘਟ ਅੰਤਰਿ ਹੈ ਸਾਸਾ ॥**

**ਇਕੁ ਪਲੁ ਖਿਨੁ ਵਿਸਰਹਿ ਤੂ ਸੁਆਮੀ ਜਾਣਉ ਬਰਸ ਪਚਾਸਾ ॥**

*ਮ : ੩, ਪੰਨਾ ੬੦੧*

ਪਰਮਾਤਮਾਂ ਪਾਸੋਂ ਮੰਗਣਾ ਹੈ—

**ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥**

**ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥**

*ਸੂਹੀ ਮ : ੫, ਪੰਨਾ ੧੬੨*

---

*੧. ਇਸੇ ਸਮੇਂ*



ਮੰਗਣਾ ਹੈ—

**ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥**

*ਜਪੁਜੀ, ਪੰਨਾ ੨*

ਅਰਦਾਸ ਕਰਨੀ ਹੈ—

**ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥**

**ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥**

*ਸੂਹੀ ਮ : ੧, ਪੰਨਾ ੭੫੨*

ਗੁਰਬਾਣੀ ਸਿਧਾਂਤ ਅਨੁਸਾਰ ਅਰਦਾਸ ਜਿੱਥੇ ਆਪਣੇ ਨਿੱਜ ਦੇ ਭਲੇ ਲਈ ਕਰਨੀ ਹੈ, ਉੱਥੇ ਅਰਦਾਸ ਨੂੰ ਆਪਣੇ ਨਿੱਜ ਤੱਕ ਹੀ ਸੀਮਤ ਨਹੀਂ ਰੱਖਣਾ। ਸਾਰੇ ਸੰਸਾਰ ਨੂੰ ਆਪਣਾ ਪ੍ਰਵਾਰ ਜਾਣ ਕੇ ਸਰਬੱਤ ਦੇ ਭਲੇ ਲਈ ਅਰਦਾਸ ਕਰਨ ਲਈ ਸਤਿਗੁਰੂ ਜੀ ਨੇ ਗੁਰਬਾਣੀ ਅੰਦਰ ਪ੍ਰੇਰਨਾ ਦਿੱਤੀ ਹੈ। ਸਤਿਗੁਰਾਂ ਨਿਰਾ ਜਗਤ ਜਲੰਦੇ ਲਈ ਅਰਦਾਸ ਕਰਨ ਲਈ ਪ੍ਰੇਰਨਾ ਹੀ ਨਹੀਂ ਦਿੱਤੀ ਸਗੋਂ ਖੁਦ ਸਾਰੇ ਸੰਸਾਰ ਦੇ ਭਲੇ ਹਿੱਤ, ਸੰਸਾਰ ਵਿੱਚ ਸੁੱਖ-ਸ਼ਾਂਤੀ, ਅਤੇ ਜੀਵਾਂ ਦੇ ਪਾਰ ਉਤਾਰੇ ਲਈ ਪ੍ਰਭੂ ਚਰਨਾਂ ਵਿੱਚ ਅਰਦਾਸ ਕਰਨ ਦੇ ਪੂਰਨੇ ਵਾਹੇ ਹਨ। ਸਤਿਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ, ਹੇ ਪ੍ਰਮਾਤਮਾ ! ਸਾਰਾ ਸੰਸਾਰ, ਈਰਖਾ, ਦ੍ਵੈਤ ਅਤੇ ਮਾਇਆ ਦੇ ਪ੍ਰਭਾਵ ਵਿੱਚ ਸੜ ਰਿਹਾ ਹੈ। ਆਪ ਮਿਹਰ ਕਰਕੇ ਜਿਸ ਰਸਤੇ, ਜਿਸ ਤਰੀਕੇ ਨਾਲ ਵੀ ਇਹ ਜੀਵ ਬੱਚ ਸਕਦੇ ਹਨ, ਕ੍ਰਿਪਾ ਕਰਕੇ ਇਨ੍ਹਾਂ ਨੂੰ ਬਚਾ ਲਵੋ ਜੀ। ਸਤਿਗੁਰੂ ਅਮਰਦਾਸ ਜੀ ਦੀ ਪ੍ਰਭੂ ਚਰਨਾਂ ਵਿੱਚ ਜਗਤ ਜਲੰਦੇ ਲਈ ਕੀਤੀ ਅਰਦਾਸ ਪੜ੍ਹੀਏ। ਸਤਿਗੁਰੂ ਜੀ ਦੇ ਹਿਰਦੇ ਦੀ ਵਿਸ਼ਾਲਤਾ ਦਾ ਅਨੁਭਵ ਜਰੂਰ ਮਹਿਸੂਸ ਹੋਵੇਗਾ—

**ਜਗਤੁ ਜਲੰਦਾ ਰਖਿ ਲੈ ਆਪਨੀ ਕਿਰਪਾ ਧਾਰਿ ॥**

**ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥** *ਸਲੋਕ ਮ: 3, ਪੰਨਾ ੮੫੩*

ਸਤਿਗੁਰੂ ਅਰਜਨ ਦੇਵ ਜੀ ਵੱਲੋਂ ਆਪਣੇ ਪ੍ਰਭੂ ਦੇ ਚਰਨਾਂ ਵਿੱਚ ਸੰਸਾਰ ਦੇ ਭਲੇ ਹਿੱਤ ਕੀਤੀ ਅਰਦਾਸ ਨੂੰ ਪੜ੍ਹ ਲਈਏ ਕਿਵੇਂ ਸਾਹਿਬਾਂ ਨੇ ਵਿਤਕਰੇ ਦੀਆਂ ਸਾਰੀਆਂ ਵੱਟਾਂ ਬੰਨੇ ਤੋੜ ਕੇ ਸਾਰੇ ਸੰਸਾਰ ਨੂੰ ਆਪਣਾ ਪ੍ਰਵਾਰ ਦਰਸਾ ਕੇ ਸਰਬੱਤ ਦੇ ਭਲੇ ਲਈ ਅਰਦਾਸ ਕਰਨ ਦੇ ਪੂਰਨੇ ਵਾਹ ਕੇ ਸਰਬੱਤ ਦਾ ਭਲਾ ਮੰਗਣ ਵਾਸਤੇ ਪ੍ਰੇਰਨਾ ਦਿੱਤੀ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਸਾਰੰਗ ਦੀ ਵਾਰ ਅੰਦਰ ਫੁਰਮਾਨ ਹੈ—

**[1]ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥**

**ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ ॥**

**ਅਰਦਾਸਿ ਸੁਣੀ ਦਾਤਾਰਿ ਹੋਈ ਸਿਸਟਿ ਠਰੁ ॥**

**ਲੇਵਹੁ ਕੰਠਿ ਲਗਾਇ ਅਪਦਾ ਸਭ ਹਰੁ ॥**

**ਨਾਨਕ ਨਾਮੁ ਧਿਆਇ ਪ੍ਰਭ ਕਾ ਸਫਲੁ ਘਰੁ ॥੧॥** *ਮ : ੫, ਪੰਨਾ ੧੨੫੧*

ਸਤਿਗੁਰੂ ਜੀ ਦੇ ਉਪਦੇਸ਼ਾਂ ਅਤੇ ਪਗ ਚਿੰਨਾਂ ਨੂੰ ਖਾਲਸਾ ਜੀ ਨੇ ਸਨਮੁੱਖ ਰੱਖ ਕੇ ਅਰਦਾਸ ਵਿੱਚ ਐਸੀ ਬ੍ਰਹਮੰਡੀ ਵਿਸ਼ਾਲਤਾ ਨਿਰੂਪਣ ਕੀਤੀ ਹੈ, ਜਿਸ ਦੀ ਕਿਸੇ ਧਰਮ ਵਿੱਚ ਵੀ ਅਜਿਹੀ ਮਿਸਾਲ ਨਹੀਂ ਮਿਲਦੀ। ਗੁਰਸਿੱਖ ਭਾਵੇਂ ਸਵੇਰ ਤੋਂ ਸ਼ਾਮ ਤੱਕ ਆਪਣੇ ਗੁਰਦੇਵ ਪਾਸੋਂ ਲੋਕ ਪ੍ਰਲੋਕ ਦੀਆਂ ਦਾਤਾ ਮੰਗੀ ਜਾਵੇ, ਪਰ ਸਿੱਖ ਦੀ ਅਰਦਾਸ ਉਨ੍ਹਾਂ ਚਿਰ ਸੰਪੂਰਣ ਨਹੀਂ ਹੁੰਦੀ ਜਿਨ੍ਹਾਂ ਚਿਰ ਗੁਰਸਿੱਖ **"ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ॥"** ਦੇ ਸ਼ਬਦ ਮੂੰਹ ਵਿੱਚੋਂ ਉਚਾਰਣ ਨਹੀਂ ਕਰਦਾ।

ਜੇ ਸਾਰਾ ਸੰਸਾਰ ਹੀ ਆਪਣੇ ਮਨਾਂ ਵਿੱਚੋਂ, ਵਿਤਕਰੇ ਦੀਆਂ ਵੱਟਾਂ ਬੰਨੇ ਭੰਨ ਕੇ ਧੁਰ ਅੰਦਰੋਂ ਗੁਰਬਾਣੀ ਅਗਵਾਈ ਅਨੁਸਾਰ, ਪ੍ਰਮਾਤਮਾਂ ਦੇ ਚਰਨਾਂ ਵਿੱਚ ਸਰਬੱਤ ਦੇ ਭਲੇ ਲਈ ਅਰਦਾਸਾਂ ਕਰਨ ਲੱਗ ਜਾਵੇ, ਫਿਰ ਪ੍ਰਭੂ ਦਰ ਵਿੱਚ ਅਰਦਾਸ ਪ੍ਰਵਾਨ ਹੋਣ ਸਦਕਾ ਪਰਮਾਤਮਾਂ ਦੇ ਹੁਕਮ ਵਿੱਚ ਕੋਈ ਵੀ ਕਿਸੇ ਨੂੰ ਅਣਉਚਿਤ ਤੰਗ ਨਹੀਂ ਕਰੇਗਾ। ਸਾਰਾ ਸੰਸਾਰ ਸੁਖ ਅਨੰਦ ਸਹਿਤ ਹਲੇਮੀ ਰਾਜ ਦਾ ਅਨੰਦ ਮਾਨਣ ਲੱਗ ਪਵੇਗਾ। ਸਤਿਗੁਰੂ ਅਰਜਨ ਦੇਵ ਜੀ ਦਾ ਸਿਰੀ ਰਾਗ ਅੰਦਰ ਫੁਰਮਾਨ ਪੜ੍ਹੀਏ ਸਰਬੱਤ ਦੇ ਭਲੇ ਹਿੱਤ ਕੀਤੀ ਅਰਦਾਸ ਕੀ ਕੀ ਰਹਿਮਤਾਂ ਪ੍ਰਦਾਨ ਕਰਦੀ ਹੈ। ਸਾਹਿਬਾਂ ਦਾ ਫੁਰਮਾਨ ਹੈ—

**ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਞਾਣਦਾ[1] ॥**

**ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥** *ਮ : ੫, ਪੰਨਾ ੭੪*

---

*੧. ਹੇ ਪ੍ਰਭੂ ਮਿਹਰ ਕਰਕੇ ਸਾਰੇ ਜੀਵਾਂ ਦੀ ਸੰਭਾਲ ਕਰੋ। ਕ੍ਰਿਪਾ ਕਰਕੇ ਅੰਨ-ਪਾਣੀ ਇੰਨਾਂ ਬਹੁਤ ਪੈਦਾ ਕਰ ਦਿਓ ਤਾਂ ਕਿ ਕੋਈ ਭੁੱਖਾ ਨਾ ਰਹੇ। ਕ੍ਰਿਪਾ ਕਰਕੇ, ਸਾਰਿਆਂ ਦੇ ਦੁੱਖ ਅਤੇ ਗਰੀਬੀ ਦੂਰ ਕਰਕੇ ਸਭ ਦਾ ਪਾਰ ਉਤਾਰਾ ਕਰ ਦਿਉ ਜੀ। ਪਰਮਾਤਮਾਂ ਨੇ ਜਦੋਂ ਅਰਦਾਸ ਪਰਵਾਣ ਕਰ ਲਈ ਤਦੋਂ ਪ੍ਰਭੂ ਨੇ ਸਾਰੀ ਸ੍ਰਿਸ਼ਟੀ ਨੂੰ ਸ਼ਾਂਤੀ ਪ੍ਰਦਾਨ ਕਰ ਦਿੱਤੀ। ਹੇ ਪ੍ਰਭੂ ਆਪ ਜੀ ਦੇ ਚਰਨਾਂ ਵਿੱਚ ਅਰਦਾਸ ਹੈ, ਇਨ੍ਹਾਂ ਜੀਵਾਂ ਨੂੰ ਜੋ ਜਨਮਾਂ ਜਨਮਾਂਤਰਾਂ ਤੋਂ ਤੁਹਾਡੇ ਨਾਲੋਂ ਵਿਛੁੜੇ ਹੋਏ ਹਨ ਇਨ੍ਹਾਂ ਨੂੰ ਆਪਣੇ ਨਾਲ ਮੇਲ ਲਵੋ ਅਤੇ ਸਾਰੇ ਸੰਸਾਰ ਦੀਆਂ ਦੁੱਖ ਬਿਪਤਾ ਦੂਰ ਕਰ ਦੇਵੋ ਜੀ।*



# ਪ੍ਰਤੱਖ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

## ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥

ਸਿੱਖ ਧਰਮ ਦਾ ਪੂਰਨ ਵਿਸ਼ਵਾਸ਼ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੱਖ, ਹਾਜ਼ਰ, ਨਾਜ਼ਰ ਪ੍ਰਗਟ ਗੁਰੂ ਹਨ। ਜਿਹੜਾ ਗੁਰਸਿੱਖ ਸ਼ਰਧਾ ਭਾਵਨੀ ਨਾਲ ਸ਼ਬਦ ਗੁਰੂ ਪਾਸੋਂ ਅਗਵਾਈ ਪ੍ਰਾਪਤ ਕਰਨਾ ਚਾਹੁੰਦਾ ਹੋਵੇ, ਸ਼ਬਦ ਗੁਰੂ ਹਰ ਸਮੇਂ, ਹਰ ਪੱਖ ਤੋਂ ਆਪਣੇ ਸਿੱਖਾਂ ਨੂੰ ਪੂਰਨ ਸਹੀ ਅਗਵਾਈ ਅਤੇ ਢਾਰਸ ਬਖਸ਼ਿਸ਼ ਕਰਦੇ ਹਨ। ਜਦੋਂ ਆਪਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੋਂਦ ਵਿੱਚ ਆਉਣ ਤੋਂ ਲੈ ਕੇ ਹੁਣ ਤੱਕ ਦੇ ਸਮੇਂ ਨੂੰ ਜਦੋਂ ਬਰੀਕ ਨਿਗਾਹ ਨਾਲ ਵੇਖਦੇ ਹਾਂ ਜਿਸ-ਜਿਸ ਸਮੇਂ ਕੌਮ ਉੱਤੇ ਕੋਈ ਭੀੜ ਦਾ ਸਮਾਂ ਬਣਿਆ ਜਾਂ ਕੌਮ ਨੂੰ ਅਗਵਾਈ ਦੀ ਲੋੜ ਪਈ ਤਦੋਂ ਸ਼ਬਦ ਗੁਰੂ ਨੇ ਕੌਮ ਨੂੰ ਅਗਵਾਈ ਵੀ ਦਿੱਤੀ ਅਤੇ ਬਿਖੜੇ ਪੈਂਡੇ ਵਿਚ ਧੀਰਜ ਵੀ ਬੰਨ੍ਹਾਇਆ ਜੋ ਸਮੇਂ ਅਨੁਸਾਰ ਅੱਖਰ-ਅੱਖਰ ਸੱਚ ਹੋਇਆ।

ਕੁਝ ਇੱਕ ਹੁਕਮਨਾਮੇ ਜੋ ਸਮੁੱਚੀ ਕੌਮ ਨਾਲ ਸਬੰਧਤ ਸਨ, ਨੂੰ ਪ੍ਰਿੰਸੀਪਲ ਸਤਬੀਰ ਸਿੰਘ ਜੀ ਨੇ "ਵਾਕ-ਵਿਸ਼ਵਾਸ" ਦੇ ਸਿਰਲੇਖ ਹੇਠ ਇਕੱਤਰ ਕਰਕੇ ਸਪਸ਼ਟ ਕੀਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਗੁਰਸਿੱਖਾਂ ਦੀ ਪ੍ਰਤੱਖ ਬੋਲ ਕੇ ਅਗਵਾਈ ਕਰਦੇ ਹਨ। ਲੋੜ ਹੈ ਗੁਰੂ ਦੇ ਬਚਨਾਂ ਨੂੰ ਭਾਵਨੀ ਨਾਲ ਸੁਣਨ ਅਤੇ ਵਿਚਾਰਨ ਦੀ।

ਅਸੀਂ ਆਪਣੀ ਹਰ ਰੋਜ਼ ਦੀ ਸਖਸ਼ੀ ਜਾਂ ਪੰਥਕ ਰਹਿਣੀ ਵਿੱਚ ਵੀ ਵੇਖਦੇ ਹਾਂ, ਹਰ ਗੁਰਸਿੱਖ ਇਕੱਲਾ ਜਾਂ ਸੰਗਤੀ ਰੂਪ ਵਿਚ ਸ਼ਬਦ ਗੁਰੂ ਅੱਗੇ ਅਰਦਾਸ ਕਰਕੇ ਜਿੱਥੇ ਲੋਕ ਪ੍ਰਲੋਕ ਦੀਆਂ ਬਖਸ਼ਿਸ਼ਾਂ ਮੰਗਦਾ ਹੈ ਉਥੇ ਸ਼ਬਦ ਗੁਰੂ ਪਾਸੋਂ ਯਾਚਨਾ ਕਰਦਾ ਹੈ, ਹੇ ਸਤਿਗੁਰੂ! ਮੈਨੂੰ ਹੁਕਮਨਾਮੇ ਰਾਹੀਂ ਅਗਵਾਈ ਪ੍ਰਦਾਨ ਕਰੋ ਜੀ ਤਾਂ ਜੋ ਮੈਂ ਆਪਣੇ ਜੀਵਨ ਨੂੰ ਆਪ ਦੇ ਹੁਕਮ ਅਨੁਸਾਰ ਢਾਲ ਕੇ ਆਪ ਦੀ ਪ੍ਰਸੰਨਤਾ ਪ੍ਰਾਪਤ ਕਰ ਸਕਾਂ ਅਤੇ ਮੇਰੇ ਜੀਵਨ ਦੀ ਸਫਲਤਾ ਹੋ ਸਕੇ।

ਅੰਗ੍ਰੇਜ਼ ਵਿਦਵਾਨ ਕਨਿੰਘਮ ਨੇ ਵੀ ਲਿਖਿਆ ਹੈ ਕਿ ਸਿੱਖਾਂ ਨੂੰ ਕਿਸੇ ਦੁਨਿਆਵੀ ਆਗੂ ਦੀ ਲੋੜ ਨਹੀਂ ਕਿਉਂਕਿ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਇਨ੍ਹਾਂ ਨੂੰ ਸਦੀਵੀ ਜਾਗਦਾ ਗੁਰੂ (Living Divine) ਮਿਲ ਗਿਆ ਹੈ।

ਕੌਮ ਵਿਚ ਜਦੋਂ ਕਦੇ ਵੀ ਦੁਬਿਧਾ ਪਈ, ਕੌਮ ਅਗਵਾਈ ਰਹਿਤ ਹੋਈ, ਕੌਮ ਵਿੱਚ ਮਾਯੂਸੀ ਨੇ ਪ੍ਰਵੇਸ਼ ਕੀਤਾ ਜਾਂ ਕੌਮ ਨੂੰ ਬਿਖੜੇ ਪੈਂਡੇ ਵਿੱਚ ਦੀ ਗੁਜ਼ਰਨਾ ਪਿਆ ਉਸ ਸਮੇਂ ਸ਼ਬਦ ਗੁਰੂ ਨੇ ਜਿੱਥੇ ਕੌਮ ਦਾ ਦੁਚਿੱਤਾ-ਪਨ ਦੂਰ ਕੀਤਾ, ਅਗਵਾਈ ਦਿੱਤੀ, ਉਥੇ ਧੀਰਜ ਧਰਵਾਸ ਦੇ ਕੇ ਕੌਮ ਨੂੰ ਡੋਲਣ ਤੋਂ ਬਚਾ ਲਿਆ। ਪ੍ਰਾਚੀਨ ਪੰਥ ਪ੍ਰਕਾਸ਼ ਦੇ ਕਰਤਾ ਨੇ ਲਿਖਿਆ ਹੈ ਕਿ ਸਿੱਖਾਂ ਦਾ ਵਿਸ਼ਵਾਸ਼ ਹੈ :-

**ਦਈ ਗੁਰੂ ਗ੍ਰੰਥ ਅਵਾਜ਼ ॥ ਸੋਊ ਕਰੈਗੋ ਹਮਰੇ ਕਾਜ ॥**

ਭਾਦਸੋਂ ਸੁਦੀ ਏਕਮ ਸੰਮਤ ੧੬੬੧ ਬਿ: (14 ਅਗਸਤ 1604 ਈ.) ਨੂੰ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਹੋਇਆ। ਸਤਿਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਨੂੰ ਸੰਬੋਧਨ ਕਰਕੇ ਕਿਹਾ ਬਾਬਾ ਜੀ! ਸ਼ਬਦ ਗੁਰੂ ਦੀ ਆਵਾਜ਼ ਸੰਗਤਾਂ ਨੂੰ ਸਰਵਣ ਕਰਾਉ। ਬਾਬਾ ਬੁੱਢਾ ਜੀ ਨੇ ਸ਼ਬਦ ਗੁਰੂ ਦਾ ਫੁਰਮਾਨ :

**ਸੂਹੀ ਮਹਲਾ ੫ ॥**

**ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥**
**ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥**
**ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥**
**ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥**
**ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥**
**ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧ ॥**
**ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ ॥**
**ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ ॥**
**ਦਾਤਿ ਸਵਾਈ ਨਿਖੁਟਿ ਨ ਜਾਈ ਅੰਤਰਜਾਮੀ ਪਾਇਆ ॥**
**ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ ॥**
**ਸਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ ॥**
**ਨਾਨਕ ਗੁਣ ਗਾਵਹਿ ਸੁਆਮੀ ਕੇ ਅਚਰਜੁ ਜਿਸੁ ਵਡਿਆਈ ਰਾਮ ॥੨ ॥**
**ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥**
**ਭਗਤ ਸੋਹਨਿ ਹਰਿ ਕੇ ਗੁਣ ਗਾਵਹਿ ਸਦਾ ਕਰਹਿ ਜੈਕਾਰਾ ਰਾਮ ॥**
**ਗੁਣ ਗਾਇ ਗੋਬਿੰਦ ਅਨਦ ਉਪਜੇ ਸਾਧ ਸੰਗਤਿ ਸੰਗਿ ਬਨੀ ॥**



**ਜਿਨਿ ਉਦਮੁ ਕੀਆ ਤਾਲ ਕੇਰਾ ਤਿਸ ਕੀ ਉਪਮਾ ਕਿਆ ਗਨੀ ॥**
**ਅਠਸਠਿ ਤੀਰਥ ਪੁੰਨ ਕਿਰਿਆ ਮਹਾ ਨਿਰਮਲ ਚਾਰਾ ॥**
**ਪਤਿਤ ਪਾਵਨੁ ਬਿਰਦੁ ਸੁਆਮੀ ਨਾਨਕ ਸਬਦ ਅਧਾਰਾ ॥੩ ॥**
**ਗੁਣ ਨਿਧਾਨ ਮੇਰਾ ਪ੍ਰਭੁ ਕਰਤਾ ਉਸਤਤਿ ਕਉਨੁ ਕਰੀਜੈ ਰਾਮ ॥**
**ਸੰਤਾ ਕੀ ਬੇਨੰਤੀ ਸੁਆਮੀ ਨਾਮੁ ਮਹਾ ਰਸੁ ਦੀਜੈ ਰਾਮ ॥**
**ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ ॥**
**ਗੁਣ ਗੋਪਾਲ ਉਚਰੁ ਰਸਨਾ ਸਦਾ ਗਾਈਐ ਅਨਦਿਨੋ ॥**
**ਜਿਸੁ ਪ੍ਰੀਤਿ ਲਾਗੀ ਨਾਮ ਸੇਤੀ ਮਨੁ ਤਨੁ ਅੰਮ੍ਰਿਤ ਭੀਜੈ ॥**
**ਬਿਨਵੰਤਿ ਨਾਨਕ ਇਛ ਪੁੰਨੀ ਪੇਖਿ ਦਰਸਨੁ ਜੀਜੈ ॥੪ ॥੭ ॥੧੦ ॥**

*ਪੰਨਾ ੭੮੩-੮੪*

ਸ਼ਬਦ ਗੁਰੂ ਦਾ ਹੁਕਮ ਸਰਵਣ ਕਰਦਿਆਂ ਸੰਗਤਾਂ ਨੂੰ ਮਹਿਸੂਸ ਹੋ ਰਿਹਾ ਸੀ ਕਿ ਸ਼ਬਦ ਗੁਰੂ ਦਾ ਖਜ਼ਾਨਾ ਜੋ ਰਿੱਧੀਆਂ-ਸਿੱਧੀਆਂ ਅਤੇ ਮੋਖਸ਼ ਦਾ ਦਾਤਾ ਹੈ, ਸਤਿਗੁਰੂ ਜੀ ਦੇ ਰਾਹੀਂ ਸਾਨੂੰ ਪ੍ਰਾਪਤ ਹੋਇਆ ਹੈ। ਇਸ ਅਮੋਲਕ ਖਜ਼ਾਨੇ ਨੂੰ ਵਰਤਦਿਆਂ ਇਸ ਵਿੱਚ ਕੋਈ ਕਮੀਂ ਨਹੀਂ ਆਵੇਗੀ, ਸਗੋਂ **'ਕਰਤੇ ਕੀ ਦਾਤਿ ਸਵਾਈ ਰਾਮ'** ਹੀ ਹੋਵੇਗੀ। ਸ਼ਬਦ ਗੁਰੂ ਦੇ ਲੜ ਲੱਗਣ ਨਾਲ ਕਰੋੜਾਂ ਪਾਪ ਅਤੇ ਦੁੱਖ ਦੂਰ ਹੋ ਜਾਣਗੇ, ਸ਼ਾਂਤੀ, ਸਹਿਜ ਅਵਸਥਾ ਅਤੇ ਅਨੰਦ ਦੀਆਂ ਦਾਤਾਂ ਸੁਤੇ ਸਿਧ ਹੀ ਪ੍ਰਾਪਤ ਹੋ ਜਾਣਗੀਆਂ। ਸ਼ਬਦ ਗੁਰੂ ਸਾਰੀਆਂ ਭੁੱਲਾਂ ਨੂੰ ਮੇਟ ਕੇ ਤ੍ਰਿਪਤੀ ਬਖਸ਼ਿਸ਼ ਕਰ ਦੇਵੇਗਾ ਕਿਉਂਕਿ ਸ਼ਬਦ ਦੀ ਉਭਰਵੀ ਸੁਰ ਸੀ :-

**ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ ॥**
**ਸਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ ॥**

ਜਿੱਥੇ ਮਨ ਤਨ ਨਾਮ ਅੰਮ੍ਰਿਤ ਨਾਲ ਸਰਸਾਰ ਹੋ ਜਾਵੇਗਾ ਉਥੇ **"ਪੇਖਿ ਦਰਸਨੁ ਜੀਜੈ**[੧] **॥"** ਦੀਆਂ ਦਾਤਾਂ ਵੀ ਪ੍ਰਾਪਤ ਹੋ ਜਾਣਗੀਆਂ।

ਜਿਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਦਮਦਮਾ ਸਾਹਿਬ ਵਿਖੇ ਕੀਤੀ। ਅਖੰਡ ਪਾਠ ਸਾਹਿਬ ਰਖਵਾ ਕੇ ਦੱਖਣ ਵੱਲ ਨਾਂਦੇੜ ਨੂੰ ਰਵਾਨਾ ਹੋਣ ਲੱਗੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁੱਖ ਵਾਕ ਆਇਆ :-

---

*੧. ਜੀਵਨ ਦਾਨ*

## ਟੋਡੀ ਮਃ ੫ ॥

**ਸਤਿਗੁਰ ਆਇਓ ਸਰਣਿ ਤੁਹਾਰੀ ॥**
**ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥੧॥ ਰਹਾਉ ॥**
**ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ ॥**
**ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ ॥੧॥**
**ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਉਧਾਰੀ ॥**
**ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ ॥੨॥੪॥੯॥**

*ਪੰਨਾ ੭੧੩*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਪੁੱਜ ਅਨੇਕਾਂ ਕੌਤਕ ਕਰਕੇ ਸੱਚਖੰਡ ਜਾਣ ਦੀ ਤਿਆਰੀ ਕਰ ਲਈ। ਸਮੂਹ ਸੰਗਤਾਂ ਨੂੰ ਇਕੱਤਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾ ਕੇ ਪੰਜ ਪੈਸੇ ਨਾਰੀਅਲ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਧਰ ਕੇ ਮੱਥਾ ਟੇਕ ਪ੍ਰਕਰਮਾਂ ਕਰਕੇ ਗੁਰਤਾ ਗੱਦੀ ਗੁਰੂ ਨੂੰ ਸੌਂਪ ਦਿੱਤੀ ਅਤੇ ਹੁਕਮ ਕੀਤਾ :–

**ਮੇਰੀ ਜਗ੍ਹਾ ਗ੍ਰੰਥ ਸਾਹਿਬ ਕੋ ਜਾਨਣਾ ॥**
**ਜੋ ਸਿਖ ਜਾਨੇਗਾ ਤਿਸ ਕੀ ਘਾਲਿ ਥਾਇ ਪਇਗੀ ॥**

ਸੰਗਤਾਂ ਵਿੱਚ ਬੜੀ ਉਦਾਸੀ ਛਾਈ ਹੋਈ ਸੀ। ਮਨ ਵਿੱਚ ਕਈ ਤਰ੍ਹਾਂ ਦੇ ਸ਼ੰਕੇ ਉਤਪੰਨ ਹੋ ਰਹੇ ਸਨ ਕਿ ਅਸੀਂ ਹੁਣ ਗੁਰੂ ਤੋਂ ਵਾਂਝੇ ਹੋ ਜਾਵਾਂਗੇ। ਸਾਡੀ ਅਗਵਾਈ ਕੌਣ ਕਰੇਗਾ ? ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਦੇਣ ਉਪਰੰਤ ਹੁਕਮਨਾਮਾ ਆਇਆ :–

## ਮਾਰੂ ਮਃ ੫ ॥

**ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ॥**
**ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਸਗਲੀ ਧਾਈ ॥੧॥**
**ਅਬ ਮੋਹਿ ਜੀਵਨ ਪਦਵੀ ਪਾਈ ॥**
**ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ ॥੧॥ ਰਹਾਉ ॥**
**ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ ॥**
**ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥੨॥**
**ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ ॥**
**ਪਾਵਨ ਪਤਿਤ ਕੀਏ ਖਿਨ ਭੀਤਰਿ ਮਹਿਮਾ ਕਥਨੁ ਨ ਜਾਈ ॥੩॥**

---

ਜੀਵਨ ਦਾਨ



**ਨਿਰਭਉ ਭਏ ਸਗਲ ਭੈ ਖੋਏ ਗੋਬਿਦ ਚਰਣ ਓਟਾਈ ॥**
**ਨਾਨਕੁ ਜਸੁ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵ ਲਾਈ ॥੪॥੬॥**

*ਪੰਨਾ ੧੦੦੦*

ਸ਼ਬਦ ਗੁਰੂ ਦਾ ਹੁਕਮ ਸੁਣ ਕੇ ਸਭ ਸਿੱਖਾਂ ਦੀ ਨਿਸ਼ਾ ਹੋ ਗਈ ਕਿਉਂਕਿ ਸ਼ਬਦ ਗੁਰੂ ਵਿਚੋਂ ਉਭਰਮੀਂ ਅਵਾਜ਼ ਆ ਰਹੀ ਸੀ, ਗੁਰੂ ਆਪਣੇ ਸਿੱਖਾਂ ਨੂੰ ਕਦੇ ਵੀ ਇਕੱਲਿਆਂ ਨਹੀਂ ਛੱਡੇਗਾ ਉਹ ਤਾਂ **"ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ"** ਗੁਰੂ ਤਾਂ ਹਮੇਸ਼ਾ ਹਾਜ਼ਰ ਨਾਜ਼ਰ ਹੈ, ਕਦੇ ਵੀ ਦੂਰ ਨਹੀਂ ਹੁੰਦਾ ਅਤੇ ਨਾ ਹੋਵੇਗਾ ਹੀ। ਲੋੜ ਕੇਵਲ ਭਾਵਨੀ ਦੀ ਅੱਖ ਬਣਾ ਕੇ ਵੇਖਣ ਦੀ ਅਤੇ ਭਾਵਨੀ ਨਾਲ ਗੁਰੂ ਦੇ ਬਚਨਾਂ ਨੂੰ ਸੁਣਨ ਦੀ ਹੈ। ਭਾਵਨੀ ਵਾਲਿਆਂ ਨੂੰ ਗੁਰੂ ਸਦਾ ਹਾਜ਼ਰ ਭਾਸੇਗਾ ਤੇ ਸ਼ਬਦ ਗੁਰੂ ਵਿਚੋਂ ਪ੍ਰਤੱਖ ਅਗਵਾਈ ਪ੍ਰਾਪਤ ਹੋਵੇਗੀ।

ਮਿਸਲਾਂ ਦੇ ਸਮੇਂ 10 ਅਪ੍ਰੈਲ, 1763 ਈ. ਦਾ ਦਿਨ ਸੀ। ਮਿਸਲਾਂ ਦੇ ਸਰਦਾਰ ਸਃ ਹਰੀ ਸਿੰਘ ਭੰਗੀ, ਸਃ ਜੱਸਾ ਸਿੰਘ ਆਹਲੂਵਾਲੀਆ, ਥੋੜ੍ਹੇ ਜਿਹੇ ਜੋਧਿਆਂ ਨਾਲ ਅਕਾਲ ਬੁੰਗੇ ਬੈਠੇ ਹੋਏ ਸਨ। ਇਕ ਪੰਡਿਤ ਨੇ ਅਚਾਨਕ ਆ ਕੇ ਅਕਾਲ ਬੁੰਗੇ ਅੱਗੇ ਫਰਿਆਦ ਪਾਈ ਖਾਲਸਾ ਜੀ ! ਕਸੂਰ ਦਾ ਹਾਕਮ ਕੋਈ ਸੱਜ ਵਿਆਹੀ ਲੜਕੀ ਨਹੀਂ ਛੱਡਦਾ। ਮੇਰੀ ਪਤਨੀ ਨੂੰ ਵੀ ਉਸ ਨੇ ਜ਼ਬਰਦਸਤੀ ਆਪਣੇ ਹਰਮ ਵਿੱਚ ਪਾ ਲਿਆ ਹੈ। ਮੈਨੂੰ ਸੰਸਾਰ ਵਿੱਚ ਕੋਈ ਆਸਰਾ ਨਹੀਂ, ਮੈਂ ਆਪ ਦੇ ਦਰਬਾਰ ਦੀ ਓਟ ਤੱਕ ਕੇ ਤੁਹਾਡੇ ਚਰਨਾਂ ਵਿੱਚ ਫਰਿਆਦੀ ਹੋਇਆ ਹਾਂ, ਮੇਰੀ ਬਹੁੜੀ ਕੀਤੀ ਜਾਵੇ। ਪੰਡਤ ਦੇ ਸ਼ਬਦ ਸਨਃ–

**ਯਹ ਦਰਬਾਰ ਛੋਡ ਔਰ ਕਤ ਜਾਊ ॥ ਦਿਸੈ ਨ ਠਉਰ ਜਹਿ ਅਦਾਲਤ ਪਾਊ ॥**

ਪੰਡਿਤ ਦੀ ਫਰਿਆਦ ਸੁਣ ਕੇ ਸਿੰਘ ਸੋਚੀਂ ਪੈ ਗਏ ਕਿ ਕਸੂਰ ਦੇ ਹਾਕਮ ਉਸਮਾਨ ਖਾਂ ਪਾਸ ਹਜ਼ਾਰਾਂ ਦੀ ਗਿਣਤੀ ਵਿੱਚ ਫ਼ੌਜ ਹੈ। ਕਸੂਰ ਦੀ ਰਖਵਾਲੀ ਲਈ ਉਸ ਨੇ ਬਾਰਾਂ ਕਿਲ੍ਹੇ ਉਸਾਰੇ ਹੋਏ ਹਨ, ਸਿੰਘ ਥੋੜ੍ਹੇ ਹਨ, ਕੁਝ ਸਮਾਂ ਸਃ ਕਪੂਰ ਸਿੰਘ ਨੂੰ ਉਡੀਕ ਲੈਣਾ ਚਾਹੀਦਾ ਹੈ ਕਿਉਂਕਿ ਉਸ ਪਾਸ ਭਾਰੀ ਫ਼ੌਜ ਹੈ। ਕਪੂਰ ਸਿੰਘ ਦੇ ਆਉਣ 'ਤੇ ਇਕੱਠੇ ਹੋ ਕੇ ਕਸੂਰ ਤੇ ਚੜ੍ਹਾਈ ਕਰਾਂਗੇ।

ਸਃ ਹਰੀ ਸਿੰਘ ਭੰਗੀ ਨੇ ਹਠ ਕੀਤਾ ਕਿ ਖਾਲਸੇ ਨੂੰ ਤੁਰੰਤ ਹੀ ਕਸੂਰ ਉੱਤੇ ਚੜ੍ਹਾਈ ਕਰ ਦੇਣੀ ਚਾਹੀਦੀ ਹੈ। ਸਃ ਜੱਸਾ ਸਿੰਘ ਜੀ ਨੇ ਕਿਹਾ ਕਿ ਜੋਸ਼ ਤੁਹਾਡਾ ਠੀਕ ਹੈ ਪਰ ਫਿਰ ਵੀ ਆਪਣੇ ਵਿੱਤ ਦਾ ਅੰਦਾਜ਼ਾ ਲਾ ਕੇ, ਚੜ੍ਹਾਈ ਕਰਨੀ ਚਾਹੀਦੀ ਹੈ। ਅਖੀਰ ਗੱਲ ਮੁੱਕਦੀ ਨਾ ਵੇਖ ਕੇ ਫੈਸਲਾ ਹੋਇਆ ਕਿ ਸਤਿਗੁਰੂ ਗ੍ਰੰਥ ਸਾਹਿਬ ਜੀ ਨੂੰ ਪੁੱਛ ਲਈਏ ਜੋ ਗੁਰੂ ਆਵਾਜ਼ ਦੇਵੇਗਾ, ਉਸ ਅਨੁਸਾਰ ਅਮਲ ਕਰ ਲਿਆ ਜਾਵੇ। ਸਰਦਾਰ ਦੇਗ ਲੈ ਕੇ ਦਰਬਾਰ ਸਾਹਿਬ ਅੰਦਰ ਪੁੱਜੇ, ਗੁਰੂ ਚਰਨਾਂ ਵਿੱਚ ਅਰਦਾਸ ਕੀਤੀ, ਜਿਸ ਨੂੰ ਭਾਈ ਰਤਨ ਸਿੰਘ ਭੰਗੂ ਨੇ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿੱਚ

ਹੇਠ ਲਿਖੇ ਅਨੁਸਾਰ ਅੰਕਤ ਕੀਤਾ ਹੈ :

**ਤੂ ਗੁਰੂ ਗ੍ਰੰਥ ਸਹੀ ਹੈਂ ਦੇਹ॥**
**ਸਿਖ ਸੰਗਤ ਕੋ ਸਚ ਵਾਕ ਦੇਹੁ॥**
**ਚਕ ਪਤਰੋ ਤਬ ਗ੍ਰੰਥ ਜੀ ਦੇਖਾ॥**
**ਬਸੰਤ ਵਾਰ ਕੋ ਆਯੋ ਲੇਖਾ॥੨੮॥**

ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਆਇਆ :-

**ਬਸੰਤ ਕੀ ਵਾਰ ਮਹਲੁ ੫॥**

**ਹਰਿ ਕਾ ਨਾਮ ਧਿਆਇ ਕੈ ਹੋਹੁ ਹਰਿਆ ਭਾਈ॥**
**ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ॥**
**ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ॥**
**ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ॥**
**ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ॥੧॥**
**ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥**
**ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥**
**ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ॥**

*ਪੰਨਾ ੧੧੯੩*

ਹੁਕਮਨਾਮੇ ਵਿਚੋਂ ਛੇਵੀਂ ਪੰਗਤੀ ਉੱਭਰਵੀਂ ਸੁਰ ਵਿੱਚ ਸਿੱਖਾਂ ਨੂੰ ਅਗਵਾਈ ਦੇ ਰਹੀ ਸੀ ਕਿ ਤੁਸੀਂ ਤਾਂ ਗੁਰੂ ਦੀ ਓਟ ਆਸਰਾ ਲੈ ਕੇ ਪੰਜਾਂ ਮਹਾਂਬਲੀਆਂ ਨੂੰ ਕਾਬੂ ਕਰਨ ਵਾਲੇ ਹੋ, ਇਹ ਕਸੂਰ ਦਾ ਆਚਰਨਹੀਣ ਪਠਾਣ ਤੁਹਾਡੇ ਸਾਹਮਣੇ ਕੀ ਸ਼ੈਅ ਹੈ। ਸਾਰੇ ਸਰਦਾਰਾਂ ਨੇ ਸਤਿਗੁਰੂ ਜੀ ਦੇ ਫੁਰਮਾਨ ਅੱਗੇ ਸੀਸ ਨਿਵਾਇਆ ਅਤੇ ਨਿਰਨਾ ਲੈ ਲਿਆ :-

**ਦਈ ਗੁਰੂ ਗ੍ਰੰਥ ਅਵਾਜ॥ ਸੋਈ ਕਰੈਗੋ ਹਮਰੇ ਕਾਜ॥**

ਕਸੂਰ ਉੱਤੇ ਚੜ੍ਹਾਈ ਕਰ ਦਿੱਤੀ, ਬਹੁਤਾ ਨੁਕਸਾਨ ਕਰਵਾਏ ਤੋਂ ਬਗੈਰ ਪੰਡਿਤ ਦੀ ਲੜਕੀ ਉਸਮਾਨ ਖਾਂ ਦੀ ਕੈਦ ਵਿਚੋਂ ਛੁਡਵਾ ਕੇ, ਖਾਲਸਾ ਸਹੀ ਸਲਾਮਤ ਜੈਕਾਰੇ ਛੱਡਦਾ ਅਕਾਲ ਬੁੰਗੇ ਪੁੱਜ ਗਿਆ। ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਦੀ ਜ਼ਾਹਰਾ ਕਲਾ ਸਿੰਘਾਂ ਨੇ ਵੇਖ ਲਈ।

ਫਿਰ 12 ਅਕਤੂਬਰ, 1920 ਈ. ਨੂੰ ਕੁਝ ਨਵੇਂ ਸਿੰਘ ਸਜੇ ਜਿਹੜੇ ਅਖੌਤੀ ਨੀਵੀਂ ਜਾਤ ਨਾਲ ਸਬੰਧ ਰੱਖਦੇ ਸਨ, ਲੋਕ ਉਨ੍ਹਾਂ ਨੂੰ ਸ਼ੂਦਰ ਕਹਿ ਕੇ ਦੁਰਕਾਰਦੇ ਸਨ। ਉਹ ਕੁਝ ਮੁੱਖੀ ਸਿੰਘਾਂ ਨਾਲ ਬੜੇ ਉਤਸ਼ਾਹ ਅਤੇ ਪਿਆਰ ਵਿੱਚ ਭਿੱਜੇ, ਕੜਾਹ



ਪ੍ਰਸ਼ਾਦ ਦੀ ਦੇਗ ਲੈ ਕੇ ਹਰਿਮੰਦਰ ਸਾਹਿਬ ਭੇਟ ਕਰਨ ਵਾਸਤੇ ਗਏ। ਪੁਜਾਰੀ ਉੱਠ ਕੇ ਖਲੋ ਗਏ ਅਤੇ ਕਹਿਣ ਲੱਗੇ, ਇਨ੍ਹਾਂ ਅਛੂਤਾਂ ਦੀ ਨਾ ਤਾਂ ਹਰਿਮੰਦਰ ਸਾਹਿਬ ਅਰਦਾਸ ਹੋ ਸਕਦੀ ਹੈ ਅਤੇ ਨਾ ਹੀ ਇਨ੍ਹਾਂ ਦੀ ਲਿਆਂਦੀ ਦੇਗ ਪ੍ਰਵਾਨ ਹੋਵੇਗੀ। ਨਵੇਂ ਸਜੇ ਸਿੰਘਾਂ ਦੇ ਮਨ ਵਿੱਚ ਬੜੀ ਠੇਸ ਲੱਗੀ ਕਿ ਅਸੀਂ ਅੰਮ੍ਰਿਤ ਵੀ ਛਕਿਆ ਪਰ ਫਿਰ ਵੀ ਅਸੀਂ ਸ਼ੂਦਰ ਦੇ ਸ਼ੂਦਰ ਹੀ ਰਹੇ।

ਅਖੀਰ ਫ਼ੈਸਲਾ ਹੋਇਆ ਕਿ ਜਿਸ ਗੁਰੂ ਨੂੰ ਦੇਗ ਭੇਟ ਕਰਨੀ ਹੈ ਅਤੇ ਜਿਸ ਦੇ ਅੱਗੇ ਅਰਦਾਸ ਕਰਨੀ ਹੈ ਉਸ ਨੂੰ ਹੀ ਪੁੱਛ ਲਿਆ ਜਾਵੇ ਕਿ ਸਤਿਗੁਰੂ! ਕੀ ਨਵੇਂ ਸਜੇ ਸਿੰਘਾਂ ਦੀ ਦੇਗ ਅਤੇ ਅਰਦਾਸ ਤੁਹਾਡੇ ਦਰ ਵਿੱਚ ਪ੍ਰਵਾਨ ਹੋ ਜਾਵੇਗੀ। ਭਾਈ ਗੁਰਬਚਨ ਸਿੰਘ ਸਤਿਗੁਰੂ ਮਹਾਰਾਜ ਜੀ ਦੀ ਤਾਬਿਆ ਬੈਠੇ ਸਨ। ਜਦੋਂ ਰੁਮਾਲਾ ਚੁੱਕ ਕੇ ਸਤਿਗੁਰੂ ਜੀ ਦਾ ਹੁਕਮ ਲਿਆ ਤਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਆਇਆ :-

**ਸੋਰਠਿ ਮਃ ੩ ਦੁਤੁਕੀ॥**

**ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥**
**ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥੧॥**
**ਹਰਿ ਜੀਉ ਆਪੇ ਬਖਸਿ ਮਿਲਾਇ॥**
**ਗੁਣਹੀਣ ਹਮ ਅਪਰਾਧੀ ਭਾਈ ਪੂਰੈ ਸਤਿਗੁਰਿ ਲਏ ਰਲਾਇ॥ ਰਹਾਉ॥**
**ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸਬਦਿ ਵੀਚਾਰਿ॥**
**ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ॥੨॥**
**ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ॥**
**ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ॥੩॥**
**ਹਉ ਵਾਰੀ ਹਉ ਵਾਰਣੈ ਭਾਈ ਸਤਿਗੁਰ ਕਉ ਸਦ ਬਲਿਹਾਰੈ ਜਾਉ॥**
**ਨਾਮੁ ਨਿਧਾਨੁ ਜਿਨਿ ਦਿਤਾ ਭਾਈ ਗੁਰਮਤਿ ਸਹਜਿ ਸਮਾਉ॥੪॥**
**ਗੁਰ ਬਿਨੁ ਸਹਜੁ ਨ ਊਪਜੈ ਭਾਈ ਪੂਛਹੁ ਗਿਆਨੀਆ ਜਾਇ॥**
**ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ॥੫॥**
**ਗੁਰਮਤੀ ਭਉ ਊਪਜੈ ਭਾਈ ਭਉ ਕਰਣੀ ਸਚੁ ਸਾਰੁ॥**
**ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਆਧਾਰੁ॥੬॥**
**ਜੋ ਸਤਿਗੁਰੁ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਾਗਉ ਪਾਇ॥**
**ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ॥੭॥**
**ਸਚੁ ਬਾਣੀ ਸਚੁ ਸਬਦੁ ਹੈ ਭਾਈ ਗੁਰ ਕਿਰਪਾ ਤੇ ਹੋਇ॥**

**ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸੁ ਬਿਘਨੁ ਨ ਲਾਗੈ ਕੋਇ ॥੮॥੨॥**

*ਪੰਨਾ ੬੩੯*

ਸ਼ਬਦ ਗੁਰੂ ਦਾ ਹੁਕਮ ਸਰਵਣ ਕਰਕੇ ਪੁਜਾਰੀਆਂ ਅਤੇ ਗੁਰਸਿੱਖਾਂ ਦੇ ਹਿਰਦੇ ਦ੍ਰਵ ਗਏ। ਸਭਨਾਂ ਦੇ ਨੇਤਰਾਂ ਵਿਚੋਂ ਜਲ ਵਹਿ ਤੁਰਿਆ। ਸਭਨਾਂ ਨੇ ਮਹਿਸੂਸ ਕੀਤਾ ਕਿ ਸਤਿਗੁਰੂ ਜੀ ਪ੍ਰਤੱਖ ਬੋਲ ਕੇ ਬਚਨ ਕਰ ਰਹੇ ਹਨ ਕਿ ਭਲਿਉ ! ਗੁਰੂ ਦਰ ਤਾਂ ਹਜ਼ਾਰਾਂ ਔਗੁਣ ਕਰਕੇ ਆਏ ਅਪਰਾਧੀ ਵੀ ਬਖਸ਼ੇ ਜਾਂਦੇ ਹਨ। ਇਹ ਤਾਂ ਅਖੌਤੀ ਨੀਵੀਂ ਜਾਤ ਵਿੱਚ ਜਨਮ ਲੈਣ ਸਦਕਾ ਹੀ ਤ੍ਰਿਸਕਾਏ ਗਏ ਹਨ। ਸਭਨਾਂ ਨੇ ਭਰਮ ਭੇਦ ਦਾ ਤਿਆਗ ਕਰਕੇ, ਨਵੇਂ ਸਜੇ ਗੁਰ ਸਿੱਖਾਂ ਦੀ ਅਰਦਾਸ ਕੀਤੀ ਅਤੇ ਸੰਗਤਾਂ ਵਿੱਚ ਦੇਗ਼ ਵਰਤਾਈ ਗਈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ ਸ੍ਰੀ ਨਨਕਾਣਾ ਸਾਹਿਬ ਦੇ ਪਵਿੱਤਰ ਅਸਥਾਨ ਉੱਤੇ ਮਹੰਤ ਨਰੈਣ ਦਾਸ ਦਾ ਕਬਜ਼ਾ ਸੀ। ਗੁਰੂ ਘਰ ਦੀ ਮਾਇਆ ਨਾਲ ਮਨਮਾਨੀਆਂ ਕਰਦਾ, ਗੁਰੂ ਘਰ ਵਿੱਚ ਆਪਣੀ ਰੱਖਿਆ ਲਈ ਗੁੰਡੇ ਰੱਖ ਕੇ ਆਏ ਗਏ ਯਾਤਰੂਆਂ ਦੀਆਂ ਧੀਆਂ-ਭੈਣਾਂ ਦੀ ਜਬਰੀ ਬੇਇੱਜ਼ਤੀ ਕਰਦਾ ਸੀ। ਗੁਰੂ ਘਰ ਵਿੱਚ ਹੋ ਰਹੀਆਂ ਕੁਰੀਤੀਆਂ ਨੂੰ ਦੂਰ ਕਰਨ ਅਤੇ ਗੁਰਧਾਮਾਂ ਨੂੰ ਮਹੰਤ ਦੇ ਕਬਜ਼ੇ ਵਿੱਚੋਂ ਅਜ਼ਾਦ ਕਰਾਉਣ ਲਈ ਪੰਥ ਨੇ ਫੈਸਲਾ ਕੀਤਾ।

ਭਾਈ ਲਛਮਣ ਸਿੰਘ ਦੀ ਅਗਵਾਈ ਹੇਠ ਸ਼ਹੀਦੀ ਜਥਾ ਪਿੰਡ ਧਾਰੋਵਾਲੀ ਤੋਂ ਸ੍ਰੀ ਨਨਕਾਣਾ ਸਾਹਿਬ ਵੱਲ ਰਵਾਨਾ ਹੋਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਸਫਲਤਾ ਲਈ ਅਰਦਾਸ ਕੀਤੀ; ਸਬਦ ਸਤਿਗੁਰੂ ਨੇ ਹੁਕਮਨਾਮਾ ਬਖਸ਼ਿਆ :-

**ਸੂਹੀ ਅਸਟਪਦੀਆ ਮ: ੪ ॥**

**ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ**
**ਹਉ ਤਿਸੁ ਪਹਿ ਆਪੁ ਵੇਚਾਈ ॥੧॥**
**ਦਰਸਨੁ ਹਰਿ ਦੇਖਣ ਕੈ ਤਾਈ ॥**
**ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ ॥੧॥ ਰਹਾਉ ॥**
**ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥੨॥**
**ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥੩॥**
**ਤਨੁ ਮਨੁ ਕਾਟਿ ਕਾਟਿ ਸਭ ਅਰਪੀ ਵਿਚਿ ਅਗਨੀ ਆਪੁ ਜਲਾਈ ॥੪॥**

*ਪੰਨਾ ੭੫੭*

ਧਾਰੋਵਾਲੀ ਤੋਂ ਜਥਾ ਚੱਲ ਕੇ ਨਜ਼ਾਮਪੁਰ ਭਾਈ ਦੇਵਾ ਸਿੰਘ ਵਾਲੇ ਗੁਰਦੁਆਰੇ ਪੁੱਜਾ ਅਤੇ ਰਾਤ ਅਰਾਮ ਕੀਤਾ। ਅੰਮ੍ਰਿਤ ਵੇਲੇ ਸਿੰਘ ਉੱਠੇ ਇਸ਼ਨਾਨ ਕਰ, ਨਿਤਨੇਮ ਦੀ ਹਾਜ਼ਰੀ ਭਰੀ। ਮੁੜ ਗੁਰੂ ਚਰਨਾਂ ਵਿੱਚ ਅਰਦਾਸ ਕੀਤੀ ਪਾਤਸ਼ਾਹ ! ਅੱਜ ਆਪ ਜੀ ਦੇ ਪਾਵਨ ਅਸਥਾਨ ਦੀ ਚਰਨ ਧੂੜ ਪ੍ਰਾਪਤ ਕਰਨੀ ਹੈ। ਕ੍ਰਿਪਾ ਕਰੋ ਸਾਨੂੰ ਇਸ ਮੰਤਵ



ਵਿੱਚ ਕਾਮਯਾਬੀ ਬਖਸ਼ਿਸ਼ ਕਰੋ। ਗੁਰੂ ਮਹਾਰਾਜ ਜੀ ਦੀ ਤਾਬਿਆ ਭਾਈ ਈਸ਼ਰ ਸਿੰਘ ਬਹੋੜੂ ਵਾਲਿਆਂ ਨੇ ਬੈਠ ਕੇ ਮੁੱਖ ਵਾਕ ਲਿਆ ਸ਼ਬਦ ਗੁਰੂ ਦਾ ਹੁਕਮ ਫਿਰ ਉਹ ਹੀ ਪ੍ਰਾਪਤ ਹੋਇਆ ਜੋ ਧਾਰੋਵਾਲੀ ਪਿੰਡ ਤੋਂ ਚੱਲਣ ਸਮੇਂ ਸਤਿਗੁਰੂ ਜੀ ਨੇ ਬਖਸ਼ਿਆ ਸੀ :-

**ਸੂਹੀ ਅਸਟਪਦੀਆ ਮ: ੪ ॥**

**ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ**
**ਹਉ ਤਿਸੁ ਪਹਿ ਆਪੁ ਵੇਚਾਈ ॥੧॥.......**
**ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥**

*ਪੰਨਾ ੭੫੭*

ਜਦੋਂ ਜਥਾ ਨਨਕਾਣਾ ਸਾਹਿਬ ਪੁੱਜਾ, ਭਾਈ ਲਛਮਣ ਸਿੰਘ ਗੁਰੂ ਮਹਾਰਾਜ ਜੀ ਦੀ ਤਾਬਿਆ ਬੈਠ ਗਏ। ਨਰੈਣੂ ਦੇ ਗੁੰਡਿਆਂ ਨੇ ਸਿੱਖਾਂ ਦੇ ਜਥੇ ਉੱਤੇ ਹਮਲਾ ਕਰ ਦਿੱਤਾ। ਛਵੀਆਂ, ਗੰਡਾਸਿਆਂ ਨਾਲ ਸਿੰਘਾਂ ਦੇ ਸਰੀਰਾਂ ਦੇ ਟੁੱਕੜੇ-ਟੁੱਕੜੇ ਕਰ ਦਿੱਤੇ, ਭਾਈ ਲਛਮਣ ਸਿੰਘ ਜੀ ਨੂੰ ਗੁਰਦੁਆਰੇ ਦੇ ਅੰਦਰਲੇ ਜੰਡ ਨਾਲ ਪੁੱਠੇ ਬੰਨ੍ਹ ਕੇ ਜਿਉਂਦੇ ਨੂੰ ਸਾੜ ਦਿੱਤਾ। ਭਾਈ ਦਲੀਪ ਸਿੰਘ ਨੂੰ ਮਾਰ ਕੁੱਟ ਕੇ ਅਧਮੋਇਆ ਕਰ ਬਲਦੀ ਭੱਠੀ ਵਿਚ ਸੁੱਟ ਦਿੱਤਾ। ਗੁਰੂ ਮਹਾਰਾਜ ਜੀ ਦਾ ਵਾਕ ਅੱਖਰ-ਅੱਖਰ ਠੀਕ ਸਾਬਤ ਹੋਇਆ। ਜੋ ਸ਼ਬਦ ਗੁਰੂ ਨੇ ਹੁਕਮ ਕੀਤਾ ਸੀ ਕਿ ਜੇ ਗੁਰ ਦਰ ਦੇ ਦਰਸ਼ਨ ਪ੍ਰਾਪਤ ਕਰਨੇ ਹਨ, ਫਿਰ **"ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ"** ਦੇ ਮਾਰਗ 'ਤੇ ਚੱਲਣਾ ਪਵੇਗਾ। ਗੁਰੂ ਧਾਮ ਤਾਂ ਅਜ਼ਾਦ ਹੋ ਗਿਆ ਪਰ ਕੁਰਬਾਨੀ ਬਹੁਤ ਵੱਡੀ ਕਰਨੀ ਪਈ। ਸਾਰੇ ਪੰਥ ਵਿੱਚ ਰੋਹ ਦੀ ਲਹਿਰ ਪ੍ਰਚੰਡ ਹੋ ਗਈ।

23 ਫਰਵਰੀ ਦਾ ਦਿਨ ਚੜ੍ਹਿਆ, ਜਥੇਦਾਰ ਕਰਤਾਰ ਸਿੰਘ ਝਬਰ ਅਤੇ ਪੰਥ ਮੁਖੀ ਇਕੱਤਰ ਹੋਏ। ਸਾਰਾ ਪੰਥ ਨਨਕਾਣਾ ਸਾਹਿਬ ਵੱਲ ਨੂੰ ਵਹੀਰਾਂ ਘੱਤ ਕੇ ਤੁਰ ਪਿਆ। ਸ਼ਹੀਦ ਹੋਏ ਸਿੰਘਾਂ ਦੇ ਟੁਕੜਿਆਂ ਨੂੰ ਇਕੱਠਾ ਕਰਕੇ ਸਾਂਝਾ ਅੰਗੀਠਾ ਸਜਾ ਕੇ ਸੰਸਕਾਰ ਕੀਤਾ। ਸ਼ਹੀਦ ਸਿੰਘਾਂ ਨਮਿੱਤ ਗੁਰੂ ਚਰਨਾਂ ਵਿਚ ਪ੍ਰਵਾਨਗੀ ਲਈ ਅਰਦਾਸਾ ਸੋਧਿਆ ਗਿਆ। ਅਰਦਾਸ ਉਪਰੰਤ ਭਾਈ ਹੀਰਾ ਸਿੰਘ ਜੀ ਨੇ ਗੁਰੂ ਮਹਾਰਾਜ ਜੀ ਦਾ ਅਸੀਸ ਮਈ ਹੁਕਮ ਲਿਆ। ਸਤਿਗੁਰੂ ਜੀ ਨੇ ਹੁਕਮਨਾਮਾ ਬਖਸ਼ਿਸ਼ ਕੀਤਾ :-

**ਵਡਹੰਸ ਮ: ੫ ॥**

**ਜੋ ਲੋੜੀਦੇ ਰਾਮ ਸੇਵਕ ਸੇਈ ਕਾਂਢਿਆ ॥**
**ਨਾਨਕ ਜਾਣੇ ਸਤਿ ਸਾਂਈ ਸੰਤ ਨ ਬਾਹਰਾ ॥੧॥**
**ਛੰਤੁ ॥ ਮਿਲਿ ਜਲੁ ਜਲਹਿ ਖਟਾਨਾ ਰਾਮ ॥**
**ਸੰਗਿ ਜੋਤੀ ਜੋਤਿ ਮਿਲਾਨਾ ਰਾਮ ॥**

**ਸੰਮਾਇ ਪੂਰਨ ਪੁਰਖ ਕਰਤੇ ਆਪਿ ਆਪਹਿ ਜਾਣੀਐ ॥**
**ਤਹ ਸੁੰਨਿ ਸਹਜਿ ਸਮਾਧਿ ਲਾਗੀ ਏਕੁ ਏਕੁ ਵਖਾਣੀਐ ॥**
**ਆਪਿ ਗੁਪਤਾ ਆਪਿ ਮੁਕਤਾ ਆਪਿ ਆਪੁ ਵਖਾਨਾ ॥**
**ਨਾਨਕ ਭ੍ਰਮ ਭੈ ਗੁਣ ਬਿਨਾਸੇ ਮਿਲਿ ਜਲੁ ਜਲਹਿ ਖਟਾਨਾ ॥੪॥੨॥**

*ਪੰਨਾ ੫੭੮*

ਹੁਕਮਨਾਮਾ ਸੁਣਦੇ ਹੀ ਸੰਗਤਾਂ ਉੱਤੇ ਪ੍ਰਭਾਵ ਪੈ ਰਿਹਾ ਸੀ ਕਿ ਜਿਵੇਂ ਪਾਣੀ ਵਿੱਚ ਪਾਣੀ ਰਲਕੇ ਇੱਕ ਰੂਪ ਹੋ ਜਾਂਦਾ ਹੈ। ਇਸੇ ਤਰ੍ਹਾਂ ਗੁਰੂ ਤੋਂ ਨਿਛਾਵਰ ਹੋ ਜਾਣ ਵਾਲੇ ਵੀ ਪ੍ਰਭੂ ਵਿੱਚ ਅਭੇਦ ਹੋ ਕੇ ਪ੍ਰਭੂ ਦਾ ਹੀ ਰੂਪ ਬਣ ਗਏ ਹਨ। ਉਨ੍ਹਾਂ ਵਿੱਚ ਅਤੇ ਪ੍ਰਭੂ ਵਿਚ ਭੋਰਾ ਜਿੰਨਾ ਵੀ ਫਰਕ ਨਹੀਂ ਰਿਹਾ, ਉਹ ਤਾਂ **"ਮਿਲਿ ਜਲੁ ਜਲਹਿ ਖਟਾਨਾ ਰਾਮ ॥ ਸੰਗਿ ਜੋਤੀ ਜੋਤਿ ਮਿਲਾਨਾ ਰਾਮ"** ਦੀ ਅਵਸਥਾ ਨੂੰ ਪ੍ਰਾਪਤ ਕਰ ਗਏ ਹਨ।

ਜੂਨ 1984 ਦਾ ਸਮਾਂ ਆਇਆ, ਟੈਂਕਾਂ ਅਤੇ ਤੋਪਾਂ ਨੇ ਅਕਾਲ ਤਖ਼ਤ ਖੰਡਰਾਂ ਦੇ ਰੂਪ ਵਿਚ ਬਦਲ ਦਿੱਤਾ, ਸ੍ਰੀ ਹਰਿਮੰਦਰ ਸਾਹਿਬ ਗੋਲੀਆਂ ਨਾਲ ਛਲਣੀ ਹੋ ਗਿਆ। ਸਾਰਾ ਪੰਜਾਬ ਮੌਤ ਦੇ ਸਾਏ ਹੇਠ ਦਿਨ ਕਟੀ ਕਰਨ ਲੱਗਾ, ਹਰਿਮੰਦਰ ਸਾਹਿਬ ਦੀ ਨਿਤ ਕਿਰਿਆ (ਮਰਯਾਦਾ) ਵੀ ਭੰਗ ਹੋ ਗਈ। ਕਾਫੀ ਦਿਨਾਂ ਪਿਛੋਂ ਜਦੋਂ ਹਰਿਮੰਦਰ ਸਾਹਿਬ ਦੀ ਮਰਯਾਦਾ ਬਹਾਲ ਹੋਈ। ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਹੁਕਮਨਾਮਾ ਲਿਆ। ਹੁਕਮਨਾਮਾ ਆਇਆ :–

### ਸੋਰਠਿ ਮਹਲਾ ੫ ॥

**ਕਿਸੁ ਹਉ ਜਾਚੀ ਕਿਸੁ ਆਰਾਧੀ ਜਾ ਸਭ ਕੋ ਕੀਤਾ ਹੋਸੀ ॥**
**ਜੋ ਜੋ ਦੀਸੈ ਵਡਾ ਵਡੇਰਾ ਸੋ ਸੋ ਖਾਕੂ ਰਲਸੀ ॥**
**ਨਿਰਭਉ ਨਿਰੰਕਾਰੁ ਭਵ ਖੰਡਨੁ ਸਭਿ ਸੁਖ ਨਵਨਿਧਿ ਦੇਸੀ ॥੧॥**
**ਹਰਿ ਜੀਉ ਤੇਰੀ ਦਾਤੀ ਰਾਜਾ ॥**
**ਮਾਣਸੁ ਬਪੁੜਾ ਕਿਆ ਸਾਲਾਹੀ ਕਿਆ ਤਿਸ ਕਾ ਮੁਹਤਾਜਾ ॥ ਰਹਾਉ ॥**

*ਪੰਨਾ ੬੦੮*

ਹੁਕਮ ਨਾਮਾ ਸੁਣਦਿਆਂ ਮਹਿਸੂਸ ਹੋ ਰਿਹਾ ਸੀ, ਮਾਨੋ ਸ਼ਬਦ ਗੁਰੂ ਸਿੱਖਾਂ ਨੂੰ ਧਰਵਾਸ ਦੇ ਭਵਿੱਖਤ ਬਾਰੇ ਦਰਸਾ ਕੇ ਪ੍ਰਭੂ ਚਰਨਾਂ ਵਿਚ ਜੁੜਨ ਦੀ ਪ੍ਰੇਰਨਾ ਦੇ ਰਹੇ ਹਨ ਕਿ ਹੇ ਗੁਰਸਿੱਖੋ ! ਘਬਰਾਓ ਨਾ, ਇਕ ਅਕਾਲ ਪੁਰਖ ਕਰਤੇ ਦੀ ਟੇਕ ਰੱਖੋ, ਜਿਸ ਨੇ ਸਾਰਾ ਖੇਡ ਰਚਿਆ ਹੈ। ਜੋ-ਜੋ ਵੀ ਵੱਡੇ ਵਡੇਰੇ ਮਾਇਆ ਦੇ ਮੱਦ ਵਿੱਚ, ਪ੍ਰਭੂ ਹੋਂਦ



ਨੂੰ ਭੁੱਲ ਚੁੱਕੇ ਹਨ, ਇੱਕ ਦਿਨ ਭਾਣਾ ਜ਼ਰੂਰ ਵਰਤੇਗਾ, ਸਭ ਮਿੱਟੀ ਵਿਚ ਮਿਲ ਜਾਣਗੇ।

ਦਿਨ ਲੰਘਦੇ ਗਏ ਭਾਣਾ ਵਰਤਣ ਦਾ ਦਿਨ ਆ ਚੁੱਕਾ ਜਿਸ ਦਿਨ ਬੀਬੀ "ਖਾਕੂ ਰੁਲੀ" ਉਸ ਦਿਨ ਮੁੜ ਸ਼ਬਦ ਗੁਰੂ ਦੀ ਹਰਿਮੰਦਰ ਸਾਹਿਬ ਵਿਚੋਂ ਆਵਾਜ਼ ਆਈ :–

### ਸੋਰਠਿ ਮਃ ੩ ਘਰੁ ੧ ਤਿਤੁਕੀ ॥

**ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ ॥**
**ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ ਪਚਾਇਆ ॥**
**ਗੁਰਮੁਖਾ ਨੋ ਪਰਤੀਤਿ ਹੈ ਹਰਿ ਜੀਉ ਮਨਮੁਖ ਭਰਮਿ ਭੁਲਾਇਆ ॥੧॥**
**ਹਰਿ ਜੀ ਏਹ ਤੇਰੀ ਵਡਿਆਈ ॥**
**ਭਗਤਾ ਕੀ ਪੈਜ ਰਖੁ ਤੂ ਸੁਆਮੀ ਭਗਤ ਤੇਰੀ ਸਰਣਾਈ ॥ ਰਹਾਉ ॥**

*ਪੰਨਾ ੬੩੭*

ਸ਼ਬਦ ਗੁਰੂ ਦੇ ਕਹੇ ਹੋਏ ਵਾਕ **"ਜੋ ਜੋ ਦੀਸੈ ਵਡਾ ਵਡੇਰਾ ਸੋ ਸੋ ਖਾਕੂ ਰਲਸੀ"** ਛੇ ਮਹੀਨੇ ਦੇ ਅੰਦਰ-ਅੰਦਰ ਹੀ ਪੂਰੇ ਹੋ ਗਏ।

ਬੀਬੀ ਦੇ ਖਾਕੂ ਰੁਲਣ ਉਪਰੰਤ ਜਦੋਂ ਬੇਦੋਸ਼ਿਆਂ, ਘਰੀਂ ਬੈਠਿਆਂ, ਰਾਹ ਜਾਂਦਿਆਂ, ਸਫਰ ਕਰਦਿਆਂ ਨੂੰ ਮਾਰਿਆ-ਕੁੱਟਿਆ ਅਤੇ ਤੇਲ ਪਾ-ਪਾ ਕੇ ਜਲਾਇਆ ਗਿਆ। ਘਰ-ਬਾਰ ਵਪਾਰ ਨੂੰ ਖੂਬ ਲੁੱਟਿਆ। ਕਿਸੇ ਨੇ ਹਾਅ ਦਾ ਨਾਅਰਾ ਨਾ ਮਾਰਿਆ। ਆਪਣਾ ਦੇਸ਼ ਹੀ ਬਿਗ਼ਾਨਾ ਦਿਸਣ ਲੱਗਾ। ਬੜੀ ਅਜੀਬ ਜਿਹੀ ਹਾਲਤ ਬਣ ਗਈ ਉਸ ਸਮੇਂ ਵੀ ਹਰਿਮੰਦਰ ਸਾਹਿਬ ਵਿਚੋਂ ਸ਼ਬਦ ਗੁਰੂ ਦੀ ਅਵਾਜ਼ ਨਿਕਲ ਰਹੀ ਸੀ :–

### ਸੂਹੀ ਰਵਿਦਾਸ ਜੀ ॥

**ਜੋ ਦਿਨ ਆਵਹਿ ਸੋ ਦਿਨ ਜਾਹੀ ॥**
**ਕਰਨਾ ਕੂਚੁ ਰਹਨੁ ਥਿਰੁ ਨਾਹੀ ॥**
**ਸੰਗੁ ਚਲਤ ਹੈ ਹਮ ਭੀ ਚਲਨਾ ॥**
**ਦੂਰਿ ਗਵਨੁ ਸਿਰ ਊਪਰਿ ਮਰਨਾ ॥੧॥**
**ਕਿਆ ਤੂ ਸੋਇਆ ਜਾਗੁ ਇਆਨਾ ॥**
**ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥੧॥ ਰਹਾਉ ॥**
**ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ॥**
**ਸਭ ਘਟ ਭੀਤਰਿ ਹਾਟੁ ਚਲਾਵੈ ॥**

**ਕਰਿ ਬੰਦਿਗੀ ਛਾਡਿ ਮੈ ਮੇਰਾ ॥**

**ਹਿਰਦੈ ਨਾਮੁ ਸਮ੍ਹਾਰਿ ਸਵੇਰਾ ॥ ੨ ॥**

**ਜਨਮੁ ਸਿਰਾਨੋ ਪੰਥੁ ਨ ਸਵਾਰਾ।**

**ਸਾਂਝ ਪਰੀ ਦਹ ਦਿਸ ਅੰਧਿਆਰਾ ॥**

**ਕਹਿ ਰਵਿਦਾਸ ਨਿਦਾਨਿ ਦਿਵਾਨੇ ॥**

**ਚੇਤਸਿ ਨਾਹੀ ਦੁਨੀਆ ਫਨ ਖਾਨੇ ॥੩ ॥੨ ॥**

*ਪੰਨਾ ੭੯੩*

ਸ਼ਬਦ ਗੁਰੂ ਸੱਚਾਈ ਵੀ ਦਰਸਾ ਰਿਹਾ ਸੀ ਅਤੇ ਧੀਰਜ ਵੀ ਦੇ ਰਿਹਾ ਸੀ ਕਿ **"ਸੰਗੁ ਚਲਤ ਹੈ ਹਮ ਭੀ ਚਲਨਾ"** ਹਰ ਇੱਕ ਨੇ ਇਥੋਂ ਤੁਰ ਜਾਣਾ ਹੈ, ਕੁਝ ਤੁਰ ਗਏ ਹਨ, ਕੁਝ ਸਮੇਂ ਅਨੁਸਾਰ ਇਥੋਂ ਤੁਰ ਰਹੇ ਹਨ, ਬਾਕੀ ਆਪੋ-ਆਪਣੀ ਵਾਰੀ ਅਨੁਸਾਰ ਇਥੋਂ ਤੁਰ ਜਾਣਗੇ। ਸਤਿਗੁਰੂ ਸੱਚ ਦਰਸਾ ਰਹੇ ਸਨ ਕਿ ਤੁਸੀਂ ਸੰਸਾਰਕ ਸੁੱਖਾਂ ਵਿੱਚ ਇੰਨੇ ਫਸ ਗਏ ਕਿ ਆਪਣਾ ਅੰਤ ਹੀ ਭੁੱਲ ਗਏ। ਆਪਣੇ ਪੰਥ ਨੂੰ ਸਵਾਰਨ ਦਾ ਚੇਤਾ ਹੀ ਭੁਲਾ ਦਿੱਤਾ। ਜੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਫੁਰਮਾਨ ਨੂੰ ਯਾਦ ਰੱਖਦੇ ਤਾਂ ਸ਼ਾਇਦ ਇਹ ਸਮਾਂ ਨ ਵਾਪਰਦਾ। **"ਅਗੋਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥"**

ਸਤਿਗੁਰੂ ਰਾਮ ਦਾਸ ਜੀ ਦੇ ਹੁਕਮ ਅਨੁਸਾਰ ਸਤਿਗੁਰੂ ਪ੍ਰਤੱਖ ਹਰੀ ਦਾ ਰੂਪ ਹਨ ਜੋ ਹਰ ਸਮੇਂ ਜਗਿਆਸੂਆਂ ਨੂੰ ਅੰਮ੍ਰਿਤਮਈ ਬਚਨ ਸਰਵਣ ਕਰਾ ਕੇ ਅਗਵਾਈ ਪ੍ਰਦਾਨ ਕਰਦੇ ਹਨ :-

**ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥**

*ਮਲਾਰ ਮ: ੪, ਪੰਨਾ ੧੨੬੪*

ਗੁਰੂ ਸਿਧਾਂਤ ਅਨੁਸਾਰ ਸਰੀਰ ਕਦੇ ਵੀ ਗੁਰੂ ਨਹੀਂ ਹੋਇਆ ਸਰੀਰ ਤਾਂ ਇੱਕ ਸਾਧਨ ਹੈ। ਸਾਧਨ-ਵਸੀਲਾ ਕਦੇ ਸੰਸਾਰ ਵਿੱਚ ਥਿਰ ਨਹੀਂ ਰਹਿੰਦਾ ਪਰ ਗੁਰੂ ਹਮੇਸ਼ਾ-ਹਮੇਸ਼ਾ ਕਾਇਮ ਰਹਿੰਦਾ ਹੈ। ਸਾਹਿਬ ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ :-

**ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥**

**ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥੧੩ ॥**

*ਸੂਹੀ ਅ: ਮ: ੪, ਪੰਨਾ ੭੫੯*

ਕਲਗੀਧਰ ਪਾਤਸ਼ਾਹ ਜੀ ਦਾ ਫੁਰਮਾਨ ਹੈ **ਗਿਆਨ ਗੁਰੂ ਆਤਮ ਉਪਦੇਸਹੁ ਧਿਆਨ ਬਿਭੂਤ ਲਗਾਓ ॥** ਗਿਆਨ, ਸ਼ਬਦ ਦੁਆਰਾ ਪ੍ਰਾਪਤ ਹੁੰਦਾ ਹੈ। ਸ਼ਬਦ ਅਤੇ ਸਤਿਗੁਰੂ ਓਤ ਪੋਤ ਹਨ। ਭਾਈ ਗੁਰਦਾਸ ਜੀ ਨੇ ਸ਼ਬਦ ਅਤੇ ਗੁਰੂ ਦੀ ਓਤ-



ਪੋਤਤਾ ਨੂੰ ਦਰਸਾਉਣ ਲਈ ਤਿੰਨ ਉਦਾਹਰਣਾਂ ਦੇ ਕੇ ਇੱਕ ਸਵੱਯਾ ਰਚਿਆ ਹੈ। ਆਪ ਜੀ ਫੁਰਮਾਨ ਕਰਦੇ ਹਨ ਕਿ ਵੇਖੋ ਫਲ ਤੋਂ ਦਰੱਖਤ ਬਣਿਆ ਹੈ ਅਤੇ ਦਰੱਖਤ ਤੋਂ ਹੀ ਫਲ ਹੋਂਦ ਵਿੱਚ ਆਉਂਦੇ ਹਨ। ਇਹ ਅਸਚਰਜ ਲੀਲ੍ਹਾ ਹੈ ਜੋ ਦਰਸਾਈ ਨਹੀਂ ਜਾ ਸਕਦੀ।

ਜਿਸ ਤਰ੍ਹਾਂ ਸੁਗੰਧੀ ਚੰਦਨ ਵਿੱਚ ਰਮੀਂ ਹੋਈ ਹੈ ਅਤੇ ਸੁਗੰਧੀ ਕਾਰਨ ਹੀ ਚੰਦਨ ਦੀ ਮਹਾਨਤਾ ਹੈ। ਸੁਗੰਧੀ ਅਤੇ ਚੰਦਨ ਓਤ-ਪੋਤ ਹਨ, ਇਸ ਬਿਸਮਾਦੀ ਤਮਾਸ਼ੇ ਦਾ ਕੋਈ ਭੇਦ ਨਹੀਂ ਜਾਣ ਸਕਦਾ। ਜਿਸ ਤਰ੍ਹਾਂ ਲੱਕੜਾਂ ਵਿੱਚ ਅਗਨੀ ਹੈ ਅਤੇ ਲੱਕੜਾਂ ਕਾਰਨ ਹੀ ਅਗਨੀ ਪ੍ਰਗਟ ਹੁੰਦੀ ਹੈ, ਇਹ ਬਹੁਤ ਹੀ ਅਸਚਰਜਮਈ ਕੌਤਕ ਹੈ।

ਇਸੇ ਤਰ੍ਹਾਂ ਸ਼ਬਦ ਵਿੱਚ ਗੁਰੂ ਦੀ ਪੂਰਨ ਹੋਂਦ ਹੈ ਅਤੇ ਗੁਰੂ ਵਿੱਚ ਸ਼ਬਦ ਦੀ ਪੂਰਨ ਹੋਂਦ ਸਮਾਈ ਹੋਈ ਹੈ। ਇਸ ਅਦਭੁੱਤ ਰਮਜ਼ ਨੂੰ ਕੇਵਲ ਗੁਰੂ ਹੀ ਸਮਝਾ ਸਕਦਾ ਹੈ। ਸ਼ਬਦ ਅਤੇ ਗੁਰੂ ਵਿੱਚ ਭੋਰਾ ਜਿੰਨਾ ਵੀ ਫਰਕ ਨਹੀਂ ਹੈ। ਭਾਈ ਗੁਰਦਾਸ ਜੀ ਦਾ ਫੁਰਮਾਨ ਹੈ:-

**ਜੈਸੇ ਫਲ ਤੇ ਬਿਰਖ ਬਿਰਖ ਤੇ ਹੋਤ ਫਲ,**

**ਅਦਭੁਤ ਗਤਿ ਕਛੁ ਕਹਤ ਨ ਆਵੈ ਜੀ ॥**

**ਜੈਸੇ ਬਾਸ ਬਾਵਨ ਮੈ ਬਾਵਨ ਹੈ ਬਾਸ ਬਿਖੈ,**

**ਬਿਸਮ ਚਰਿਤ੍ਰ ਕੋਊ ਮਰਮ ਨ ਪਾਵੈ ਜੀ ॥**

**ਕਾਸਟ ਮੈ ਅਗਿਨ ਅਰੁ ਅਗਿਨ ਮੈ ਕਾਸਟ ਹੈ,**

**ਅਤਿ ਅਸਚਰਜ ਹੈ ਕੌਤਕ ਕਹਾਵੈ ਜੀ ॥**

**ਸਤਿਗੁਰ ਮਹਿ ਸਬਦ ਸਬਦ ਮਹਿ ਸਤਿਗੁਰ ਹੈ,**

**ਨਿਰਗੁਨ ਗਿਆਨ ਧਿਆਨ ਸਮਝਾਵੈ ਜੀ ॥੬੦੮ ॥**

*ਕਬਿਤ ਸਵਯੇ*

ਇਸੇ ਲਈ ਸਤਿਗੁਰੂ ਰਾਮਦਾਸ ਜੀ ਨੇ ਕਾਨੜਾ ਰਾਗ ਵਿੱਚ ਫੁਰਮਾਨ ਕੀਤਾ ਹੈ ਕਿ ਸਤਿਗੁਰੂ ਦਾ ਬਚਨ (ਸ਼ਬਦ) ਹੀ ਸਤਿਗੁਰ ਦਾ ਅਸਲੀ ਸਰੂਪ ਹੈ, ਜੋ ਜਗਿਆਸੂ ਨੂੰ ਲੋਕ-ਪ੍ਰਲੋਕ ਦਾ ਸਹੀ ਮਾਰਗ ਦਰਸਾਉਂਦਾ ਹੈ।

**ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥**

*ਕਾਨੜਾ ਮ: ੪, ਪੰਨਾ ੧੩੦੯*

**ਦਸਵਾਂ ਪਾਤਸਾਹ ਗਦੀ ਗਰਿਆਈ ਦੀ ਗ੍ਰੰਥ ਸਾਹਿਬ ਨੂੰ ਦੇ ਹੈ ਗਇਆ ॥**

**ਅਜ ਪ੍ਰਤਖ ਗੁਰੂ ਅਸਾਡਾ ਗ੍ਰੰਥ ਸਾਹਿਬ ਹੈ, ਸੋ ਗਇਆ ਜੋ ਗ੍ਰੰਥੋਂ ਗਇਆ ॥੨੬੪ ॥**

*ਬੰਸਾਵਲੀ ਨਾਮਾ ਕੇਸਰ ਸਿੰਘ ਛਿਬਰ*

ਇਸ ਲਈ ਹੋਰ ਸਾਰੇ ਆਸਰੇ ਤਿਆਗ ਕੇ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਤੇ ਭਰੋਸਾ ਟਿਕਾਉਣ ਦੀ ਲੋੜ ਹੈ :

**ਕਾਹੂ ਕੋ ਭਰੋਸੋ ਹੈ ਜਮੀਨ ਕੋ ਜ਼ਮਾਨੇ ਬੀਚ,**
**ਕਾਹੂ ਕੋ ਭਰੋਸੇ ਜ਼ੋਰ ਚਾਕਰੀ ਜਹਾਜ਼ ਪੈ ॥**
**ਕਾਹੂ ਕੋ ਭਰੋਸੋ ਸ਼ਾਹ ਪਾਤਸ਼ਾਹ ਭਾਰੀ ਮੀਤ ਪਰ**
**ਕਾਹੂ ਕੋ ਭਰੋਸੋ ਕੁਟੰਬੀ ਕਰੈ ਕਾਜ ਪੈ ॥**
**ਕਾਹੂ ਕੋ ਭਰੋਸੋ ਦੇਵ ਬਾਣੀ ਅਰ ਪਾਰਸੀ ਕੋ,**
**ਕਾਹੂ ਕੋ ਭਰੋਸੋ ਸੰਤਗੀਰੀ ਕੀ ਮਿਜਾਜ਼ ਪੈ ॥**
**ਕਾਹੂ ਕੋ ਭਰੋਸੋ ਚਾਰ ਚਾਤਰੀ ਚਲਾਕੀ ਚੌਖ਼**
**ਮੋ ਕੋ ਤੋ ਭਰੋਸੋ ਏਕ (ਗੁਰੂ) ਗ੍ਰੰਥ ਮਹਾਰਾਜ ਪੈ ॥**

*ਨਿਰਮਲ ਪ੍ਰਭਾਕਰ (ਸੰਤ ਨਿਹਾਲ ਸਿੰਘ ਜੀ)*

ਹਰ ਗੁਰਸਿੱਖ ਨੂੰ, ਸ਼ਬਦ ਗੁਰੂ ਦੇ ਉਹ ਬਚਨ ਹਮੇਸ਼ਾ ਯਾਦ ਰੱਖਣੇ ਚਾਹੀਦੇ ਹਨ ਜਿਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਦਿੱਤੀ। ਗੁਰਤਾ ਗੱਦੀ ਤੇ ਸੁਸ਼ੋਭਤ ਹੋ ਕੇ ਸ਼ਬਦ ਗੁਰੂ ਨੇ ਜੋ ਬਚਨ ਕੀਤਾ ਸੀ :-

**ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥**

ਸਤਿਗੁਰੂ ਰਹਿਮਤ ਕਰਨ, **"ਗੁਰੁ ਮੇਰੈ ਸੰਗਿ ਸਦਾ ਹੈ ਨਾਲੇ"** ਦੀ ਪ੍ਰਪੱਕਤਾ ਹੋ ਜਾਵੇ ਫਿਰ ਜੀਵਨ ਵਿੱਚ ਵਿਚਰਦਿਆਂ ਵੱਡੀ ਤੋਂ ਵੱਡੀ ਰੁਕਾਵਟ ਵੀ ਗੁਰਸਿੱਖ ਦੇ ਰਸਤੇ ਵਿੱਚ ਬਾਧਾ ਨਹੀਂ ਬਣੇਗੀ ਕਿਉਂਕਿ ਸਤਿਗੁਰੂ **"ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ"** ਦੇ ਅਪਣੇ ਬਿਰਦ ਦੀ ਹਮੇਸ਼ਾ ਪਾਲਣਾ ਕਰਦਾ ਹੈ ਅਤੇ ਕਰਦਾ ਰਹੇਗਾ।

**ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩ ॥**

*ਸੋਹਿਲਾ, ਪੰਨਾ ੧੨*

*ਭੁੱਲਾਂ ਚੁੱਕਾਂ ਦੀ ਖ਼ਿਮਾ ॥*

***ਵਾਹਿਗੁਰੂ ਜੀ ਕਾ ਖ਼ਾਲਸਾ।***
***ਵਾਹਿਗੁਰੂ ਜੀ ਕੀ ਫਤਹਿ ॥***

□□□



# ਗੁਰਦੁਆਰਾ ਸਾਹਿਬ ਵੱਲੋਂ ਪ੍ਰਚਾਰ ਹਿਤ "ਮੋਖ ਰਹਿਤ" ਵੰਡੀਆਂ ਜਾ ਰਹੀਆਂ ਪੁਸਤਕਾਂ ਅਤੇ ਟ੍ਰੈਕਟਾਂ ਦਾ ਵੇਰਵਾਂ

1. ਸੋ ਕਿਨੇਹਿਆ ? (ਪੰਜਾਬੀ, ਹਿੰਦੀ, ਅੰਗ੍ਰੇਜੀ)
2. ਸਬਦੁ ਗੁਰ ਪੀਰਾ (ਪੰਜਾਬੀ, ਹਿੰਦੀ, ਅੰਗ੍ਰੇਜੀ)
3. ਗੁਰੂ ਗ੍ਰੰਥ ਸਾਹਿਬ ਦਰਸ਼ਨ (ਪੰਜਾਬੀ, ਹਿੰਦੀ, ਅੰਗ੍ਰੇਜੀ)
4. ਗੁਰਮਤਿ ਦੇ ਪਾਂਧੀ (ਪੰਜਾਬੀ)
5. ਗੁਰੁ ਸਾਗਰੁ (ਪੰਜਾਬੀ)
6. ਨਾਮ ਕੀ ਹੈ ? (ਪੰਜਾਬੀ)
7. ਆਤਮਾ ਕੀ ਹੈ ? (ਪੰਜਾਬੀ)
8. ਰਾਗ ਮਾਲਾ ਮੰਡਨ ਪ੍ਰਬੋਧ (ਪੰਜਾਬੀ)
9. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚੌਥੀ ਸ਼ਹੀਦੀ ਸ਼ਤਾਬਦੀ (ਪੰਜਾਬੀ
10. ਮਨੁੱਖਤਾ ਦੇ ਦੁਸ਼ਮਨ ਨਸ਼ੇ (ਪੰਜਾਬੀ, ਹਿੰਦੀ, ਅੰਗ੍ਰੇਜੀ)
11. ਪ੍ਰਭੂ ਬਖਸ਼ਿਸ਼ ਕੇਸ (ਪੰਜਾਬੀ, ਹਿੰਦੀ, ਅੰਗ੍ਰੇਜੀ)
12. ਐਸੇ ਕਾਹੇ ਭੂਲ ਪਰੇ (ਪੰਜਾਬੀ)
13. ਮਨੁੱਖਾ ਜਨਮ ਅਤੇ ਗੁਰੂ ਦੀ ਮਹਾਨਤਾ (ਪੰਜਾਬੀ)
14. ਸਮਾਜਿਕ ਕੁਰੀਤੀਆਂ (ਪੰਜਾਬੀ)
15. ਸਾਡਾ ਵਿਰਸਾ ਅਤੇ ਸ੍ਵੈ ਪੜਚੋਲ (ਪੰਜਾਬੀ)
16. ਜੈਸੀ ਸੰਗਤਿ ਤੈਸੀ ਰੰਗਤ (ਪੰਜਾਬੀ
17. Cosmic Divinity of Adi Guru Granth Sahib (ਅੰਗ੍ਰੇਜੀ)